ਦੁੱਲਾ ਭੱਟੀ

ਰੂਪ ਬਸੰਤ

ਰਾਜਾ ਰਸਾਲੂ

ਸੋਹਣੀ ਮਹੀਂਵਾਲ

ਪੂਰਨ ਭਗਤ

ਰੋਡਾ ਜਲਾਲੀ

ਚੰਦਰਕਾਂਤਾ

# ਲੋਕ ਕਿੱਸੇ ਅਤੇ ਲੋਕ ਕਹਾਣੀਆ

ਚਿੜੀ ਤੇ ਪਿੱਪਲ

ਬਾਰਾਂ ਭੇਡੂ

ਕਾਟੋ ਦੀ ਦੋਸਤੀ

ਕਿਸਮਤ ਦਾ ਮੀਂਹ

ਬਿੱਲੀ ਦਾ ਸੀਸਾ

ਵਿਚਾਰੀ ਮਾਂ

ਅਤੇ ਹੋਰ......

Sri Satguru Jagjit Singh Ji eLibrary NamdhariElibrary@gmail.com

# ਲੋਕ ਕਿਸੇ ਅਤੇ ਲੋਕ ਕਹਾਣੀਆਂ


01. ਰੂਪ ਬਸੰਤ

02. ਦੁੱਲਾ ਭੱਟੀ

03. ਪੂਰਨ ਭਗਤ

04. ਰਾਜਾ ਰਸਾਲੂ

05. ਸੋਹਣੀ ਮਹੀਵਾਲ

06. ਰੋਡਾ ਜਲਾਲੀ

07. ਕਾਜ਼ੀ ਦਾ ਫ਼ੈਸਲਾ

08. ਬਾਰਾਂ ਭੇਡੂ

09. ਆਮ ਤੇ ਖ਼ਾਸ

10. ਸਭ ਤੋਂ ਚੰਗਾ ਅੰਗ

11. ਆਦਤਾਂ ਤੋਂ ਨਸਲ ਦਾ ਪਤਾ ਲਗਦਾ ਏ

12. ਕਰਮ

13. ਸ਼ੀਸ਼ਾ

14. ਚਿੜੀ ਤੇ ਪਿੱਪਲ

15. ਸ਼ੇਖਚਿੱਲੀ ਤੇ ਘੜਾ

16. ਚੰਦਰਕਾਂਤਾ

17. ਬੱਕਰੀਆਂ ਦਾ ਖੂਹ

18. ਵਿਚਾਰੀ ਮਾਂ

19. ਮਿਹਨਤ ਦੀ ਕਮਾਈ

20. ਸੱਤਰ ਹੁਨਰ ਵੀ ਘੱਟ

21. ਕਾਟੋ ਦੀ ਦੋਸਤੀ

22. ਵੱਡਾ ਖ਼ਜ਼ਾਨਾ

23. ਅਮੀਰ ਅਤੇ ਗ਼ਰੀਬ ਦੀ ਪਤਨੀ

24. ਬਿੱਲੀ ਦਾ ਸ਼ੀਸ਼ਾ

25. ਲਾਲਚੀ ਭਰਾ

26. ਦਰਿਆ ਵਹਿੰਦਾ ਰਿਹਾ

27. ਕਿਸਮਤ ਦੀ ਭਾਲ

28. ਮਨ ਦੀ ਸੁੰਦਰਤਾ

# Roop Basant-Sukhdev Madpuri

# ਰੂਪ-ਬਸੰਤ ਸੁਖਦੇਵ ਮਾਦਪੁਰੀ

ਰੂਪ ਬਸੰਤ ਦੀ ਲੋਕ-ਗਾਥਾ ਸਦੀਆਂ ਪੁਰਾਣੀ ਹੈ। ਇਤਿਹਾਸ ਦੀਆਂ ਪੈੜਾਂ ਇਸ ਨੂੰ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਉੱਚਾ ਪਿੰਡ ਸੰਘੋਲ ਨਾਲ ਜਾ ਜੋੜਦੀਆਂ ਹਨ। ਇਸ ਪਿੰਡ ਦੇ ਨਾਂ ਨਾਲ ਕਈ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਕਹਿੰਦੇ ਹਨ ਹਜ਼ਾਰਾਂ ਵਰ੍ਹੇ ਪਹਿਲਾਂ ਸੰਘੋਲ ਇੱਕ ਘੁੱਗ ਵਸਦਾ ਸ਼ਹਿਰ ਸੀ ਜਿਸ ਦਾ ਨਾਂ ਸੀ ਸੰਗਲਾਦੀਪ-ਰੂਪ ਬਸੰਤ ਦੇ ਪਿਤਾ ਰਾਜਾ ਖੜਗ ਸੈਨ ਦੀ ਰਾਜਧਾਨੀ।

ਰਾਜਾ ਖੜਗ ਸੈਨ ਇੱਕ ਨੇਕ ਦਿਲ, ਧਰਮੀ ਅਤੇ ਅਦਲੀ ਰਾਜੇ ਦੇ ਨਾਂ ਨਾਲ ਪ੍ਰਸਿੱਧ ਸਨ। ਉਸ ਦੇ ਰਾਜ ਵਿਚ ਪਰਜਾ ਬਹੁਤ ਸੁਖੀ ਸੀ। ਸਾਰੇ ਉਸ ਨੂੰ ਬੜਾ ਆਦਰ-ਮਾਣ ਦਿੰਦੇ ਸਨ। ਕਿਸੇ ਗੱਲ ਦੀ ਉਸ ਨੂੰ ਤੋਟ ਨਹੀਂ ਸੀ। ਔਲਾਦ ਵੱਲੋਂ ਵੀ ਉਹ ਸੰਤੁਸ਼ਟ ਸੀ। ਉਸ ਦੇ ਦੋ ਪਿਆਰੇ ਪੁੱਤਰ ਸਨ, ਰੂਪ ਤੇ ਬਸੰਤ ਜਿਨ੍ਹਾਂ ਨੂੰ ਵੇਖਿਆਂ ਭੁੱਖ ਲਹਿੰਦੀ ਸੀ। ਅੱਖਾਂ ਰੱਜ-ਰੱਜ ਜਾਂਦੀਆਂ ਸਨ। ਰੂਪ ਵੱਡਾ ਸੀ ਪੰਦਰਾਂ ਵਰ੍ਹਿਆਂ ਦਾ ਤੇ ਬਸੰਤ ਰੂਪ ਤੋਂ ਦੋ ਸਾਲ ਛੋਟਾ ਸੀ। ਖੜਗ ਸੈਨ ਆਪਣੀ ਪਿਆਰੀ ਰਾਣੀ ਰੂਪਵਤੀ ਵੱਲੋਂ ਫ਼ਿਕਰਮੰਦ ਸੀ। ਰੂਪਵਤੀ ਕੁਝ ਸਮੇਂ ਤੋਂ ਬੀਮਾਰ ਸੀ। ਰਾਜ ਦੇ ਹਕੀਮਾਂ ਨੇ ਉਸ ਦਾ ਬਹੁਤ ਇਲਾਜ ਕੀਤਾ ਪਰ ਉਹ ਅਜਿਹੀ ਮੰਜੇ 'ਤੇ ਪਈ ਕਿ ਉੱਠ ਨਾ ਸਕੀ ਤੇ ਕੁਝ ਦਿਨ ਪਾ ਕੇ ਰਾਣੀ ਸਵਰਗ ਸਿਧਾਰ ਗਈ। ਰਾਣੀ ਦੀ ਮੌਤ ਕਾਰਨ ਸਾਰੇ ਰਾਜ ਵਿੱਚ ਸੋਗ ਦੀ ਲਹਿਰ ਦੌੜ ਗਈ। ਰੂਪ ਬਸੰਤ ਆਪਣੀ ਮਾਂ ਦੇ ਵਿਯੋਗ ਵਿੱਚ ਬਹੁਤ ਰੁੰਨੇ... ਉਨ੍ਹਾਂ ਦਾ ਰੋਣ ਝੱਲਿਆ ਨਹੀਂ ਸੀ ਜਾਂਦਾ। ਖੜਗ ਸੈਨ ਆਪ ਹਾਲੋਂ-ਬੇਹਾਲ ਹੋਇਆ ਪਿਆ ਸੀ। ਉਸ ਨੂੰ ਸੁਝ ਨਹੀਂ ਸੀ ਰਿਹਾ ਕਿ ਕਿਵੇਂ ਆਪਣੇ ਆਪ 'ਤੇ ਕਾਬੂ ਪਾਵੇ? ਰਾਜ ਦੇ ਅਹਿਲਕਾਰਾਂ ਤੇ ਦਰਬਾਰੀਆਂ ਨੇ ਉਨ੍ਹਾਂ ਦੇ ਗ਼ਮ ਨੂੰ ਭੁਲਾਉਣ ਲਈ ਸ਼ੈਆਂ ਦਿਲਬਰੀਆਂ ਦਿੱਤੀਆਂ ਤੇ ਢਾਰਸਾਂ ਬਨ੍ਹਾਈਆਂ।

ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਰੂਪ ਬਸੰਤ ਜਵਾਨੀ ਦੀਆਂ ਬਰੂਹਾਂ 'ਤੇ ਪੁੱਜ ਚੁੱਕੇ ਸਨ। ਉਨ੍ਹਾਂ ਦੇ ਆਪਣੇ ਸ਼ੌਕ ਸਨ-ਰੂਪ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ ਤੇ ਬਸੰਤ ਕਬੂਤਰ ਉਡਾਉਣ ਦਾ ਸ਼ੌਕੀਨ ਸੀ। ਅੱਲ੍ਹੜ ਜਵਾਨੀ ਆਪਣੇ ਸ਼ੌਕਾਂ 'ਚ ਮਸਤ ਸੀ। ਖੜਗ ਸੈਨ ਨੂੰ ਰਾਜ ਦਰਬਾਰ ਦੇ ਕੰਮਾਂ-ਕਾਜਾਂ ਤੋਂ ਵਿਹਲ ਨਹੀਂ ਸੀ ਮਿਲਦੀ। ਇਨ੍ਹਾਂ ਰੁਝੇਵਿਆਂ ਕਰਕੇ ਰਾਣੀ ਦੇ ਵਿਯੋਗ ਨੂੰ ਉਹ ਭੁੱਲਣ ਲੱਗੇ।

ਖੜਗ ਸੈਨ ਨੂੰ ਆਪਣੀ ਰਾਣੀ ਰੂਪਵਤੀ ਨਾਲ ਬਹੁਤ ਮੁਹੱਬਤ ਸੀ। ਉਸ ਦੇ ਵਿਛੋੜੇ ਦਾ ਉਹਦੇ ਮਨ ਅਤੇ ਸਰੀਰ

'ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਸੀ। ਖੜਗ ਸੈਨ ਰਾਜ ਦਰਬਾਰ ਵਿੱਚੋਂ ਜਦੋਂ ਆਪਣੇ ਮਹਿਲਾਂ ਨੂੰ ਆਉਂਦਾ, ਉਹਨੂੰ ਡੋਬੂ ਪੈਣ ਲੱਗ ਜਾਂਦੇ। ਰਾਣੀ ਬਿਨਾਂ ਸੁੰਨਾ ਮਹਿਲ ਵੱਢ-ਵੱਢ ਖਾਣ ਨੂੰ ਆਉਂਦਾ। ਦੋ ਢਾਈ ਵਰ੍ਹੇ ਇਸੇ ਅਵਸਥਾ ਵਿੱਚ ਲੰਘ ਗਏ। ਆਖਰ ਉਹਦੇ ਅਮੀਰਾਂ-ਵਜ਼ੀਰਾਂ ਨੇ ਉਸ ਨੂੰ ਦੂਜੀ ਸ਼ਾਦੀ ਕਰਵਾਉਣ ਲਈ ਮਨਾ ਲਿਆ। ਰਾਜਿਆਂ ਨੂੰ ਭਲਾ ਸ਼ਾਦੀਆਂ ਦਾ ਕੀ ਘਾਟਾ! ਸੰਗਲਾਦੀਪ ਦੇ ਰਾਜਪੂਤ ਸਰਦਾਰ ਇੰਦਰਸੈਨ ਨੇ ਆਪਣੀ ਸੋਲ੍ਹਾਂ-ਸਤਾਰ੍ਹਾਂ ਵਰ੍ਹੇ ਦੀ ਪਰੀਆਂ ਵਰਗੀ ਮਲੂਕ ਧੀ ਚੰਦਰਵਤੀ ਅੱਧਖੜ ਉਮਰ ਦੇ ਰਾਜਾ ਖੜਗ ਸੈਨ ਨਾਲ ਵਿਆਹ ਦਿੱਤੀ। ਮਹਿਲਾਂ ਵਿੱਚ ਮੁੜ ਰੌਣਕਾਂ ਆ ਗਈਆਂ।

ਚੰਦਰਵਤੀ ਦੀ ਮਹਿਕਾਂ ਭਰੀ ਜਵਾਨੀ ਨੇ ਅੱਧਖੜ ਉਮਰ ਦੇ ਖੜਗ ਸੈਨ ਨੂੰ ਕੀਲ ਲਿਆ। ਮਾਂਗਵੀਂ ਜਵਾਨੀ ਨੂੰ ਉਹ ਭਲਾ ਕਿੰਨਾ ਕੁ ਸਮਾਂ ਹੰਢਾਉਂਦਾ। ਚੰਦਰਵਤੀ ਦੀ ਜਵਾਨੀ ਉਹਦੇ ਮਖਮਲੀ ਤੇ ਰੇਸ਼ਮੀ ਕੱਪੜਿਆਂ ਵਿੱਚ ਮਿਆਉਂਦੀ ਨਹੀਂ ਸੀ ਤੇ ਨਾ ਹੀ ਉਹਦਾ ਅੱਧਖੜ ਉਮਰ ਦਾ ਪਤੀ ਉਸ ਦੀਆਂ ਅੰਦਰੂਨੀ ਭਾਵੁਕ ਤੇ ਕਾਮੁਕ ਭਾਵਨਾਵਾਂ ਨੂੰ ਸੰਤੁਸ਼ਟੀ ਪ੍ਰਦਾਨ ਕਰਨ ਦੇ ਸਮਰੱਥ ਸੀ। ਹੀਰੇ ਜਵਾਹਰਾਤ ਤੇ ਹਾਰ ਸ਼ਿੰਗਾਰ ਉਸ ਦੀ ਭਾਵੁਕ ਤ੍ਰਿਸ਼ਨਾ ਨੂੰ ਤ੍ਰਿਪਤ ਨਹੀਂ ਸੀ ਕਰ ਰਹੇ। ਜਦੋਂ ਕਦੀ ਉਹ ਆਪਣੀ ਸੌਂਕਣ ਦੇ ਪੁੱਤਰਾਂ, ਰੂਪ ਤੇ ਬਸੰਤ ਵੱਲ ਵੇਖਦੀ ਤਾਂ ਇੱਕ ਅਗੰਮੀ ਖੁਸ਼ੀ ਉਹਦੇ ਅੰਦਰ ਝਰਨਾਟਾਂ ਛੇੜ ਦੇਂਦੀ। ਰੂਪ ਤੇ ਬਸੰਤ ਲੋਹੜੇ ਦੇ ਹੁਸੀਨ ਸਨ ਤੇ ਅਜੇ ਜਵਾਨੀ ਦੀਆਂ ਬਰੂਹਾਂ 'ਤੇ ਕਦਮ ਰੱਖ ਰਹੇ ਸਨ। ਉਹਦਾ ਦਿਲ ਕਰਦਾ ਉਨ੍ਹਾਂ ਨਾਲ ਹੱਸੇ, ਖੇਡੇ ਅਠਖੇਲੀਆਂ ਕਰੇ। ਉਹਦੇ ਅੰਦਰ ਇੱਕ ਖਾਹਿਸ਼ ਬੜੀ ਤੀਬਰਤਾ ਨਾਲ ਮਚਲ ਰਹੀ ਸੀ ਜਿਹੜੀ ਉਸ ਨੂੰ ਸਦੀਵੀ ਖੁਸ਼ੀ ਤੇ ਸੰਤੁਸ਼ਟਤਾ ਪ੍ਰਦਾਨ ਕਰ ਸਕਦੀ ਸੀ।

ਇੱਕ ਦਿਨ ਕੀ ਹੋਇਆ ਖੜਗ ਸੈਨ ਆਪਣੇ ਰਾਜ ਦਰਬਾਰ ਵਿੱਚ ਗਿਆ ਹੋਇਆ ਸੀ ਤੇ ਚੰਦਰਵਤੀ ਕੱਲਮ-ਕੱਲੀ ਆਪਣੇ ਮਹਿਲ ਦੀ ਖਿੜਕੀ ਵਿੱਚ ਬੈਠੀ ਹੋਈ ਬਾਹਰ ਦਾ ਨਜ਼ਾਰਾ ਮਾਣ ਰਹੀ ਸੀ। ਬਸੰਤ ਆਪਣੇ ਕਬੂਤਰਾਂ ਨਾਲ ਖੇਡ ਰਿਹਾ ਸੀ ਕਿ ਇੱਕ ਚੀਨਾ ਕਬੂਤਰ ਉੱਡ ਕੇ ਚੰਦਰਵਤੀ ਦੀ ਬਾਰੀ ਵਿੱਚ ਆਣ ਵੜਿਆ ਜਿਸ ਨੂੰ ਉਸ ਨੇ ਮਲਕੜੇ ਜਿਹੇ ਫੜ ਕੇ ਇੱਕ ਟੋਕਰੀ ਹੇਠ ਲੁਕੋ ਦਿੱਤਾ।

ਬਸੰਤ ਮਹਿਲ ਵਿੱਚ ਆਇਆ। ਉਸ ਨੂੰ ਵੇਖ ਕੇ ਚੰਦਰਵਤੀ ਗੁਲਾਬ ਦੇ ਫੁੱਲ ਵਾਂਗ ਖਿੜ ਗਈ। ਉਹ ਉਸ ਨੂੰ ਕਬੂਤਰ ਦੇਣ ਦੇ ਪੱਜ ਆਪਣੇ ਵਿਸ਼ਰਾਮ ਭਵਨ ਵਿੱਚ ਲੈ ਗਈ ਤੇ ਆਪਣੇ ਕੋਲ ਪਲੰਘ 'ਤੇ ਬਿਠਾ ਲਿਆ ਅਤੇ ਉਹਦੇ ਹੱਥਾਂ ਨੂੰ ਪੋਲੇ-ਪੋਲੇ ਪਲੋਸਦਿਆਂ ਸ਼ਹਿਦ ਜਿਹੇ ਮਿੱਠੇ ਬੋਲ ਬੋਲਦਿਆਂ ਬੋਲੀ, "ਵੇ ਬਸੰਤ, ਤੈਨੂੰ ਕਬੂਤਰਾਂ ਨਾਲ ਖੇਡਣ ਦਾ ਸ਼ੌਂਕ ਐ। ਤੂੰ ਕਿੰਨਾ ਖੂਬਸੂਰਤ ਏਂ ਸੁਹਣਿਆਂ। ਮੈਂ ਤੇਰੇ 'ਤੇ ਵਾਰੀ ਜਾਨੀ ਆਂ। ਜਦ ਮੈਂ ਤੈਨੂੰ ਵੇਖਦੀ

ਆਂ, ਮੇਰੀ ਜਾਨ ਈ ਕੱਢ ਲੈਨੈ! ਆਪਾਂ ਦੋਨੋਂ ਹਾਣ-ਪਰਵਾਣ ਦੇ ਆਂ। ਮੈਨੂੰ ਆਪਣੀ ਕਬੂਤਰੀ ਬਣਾ ਲੈ ਸੁਹਣਿਆਂ। ਸਾਰੀ ਜ਼ਿੰਦਗੀ ਤੇਰੀ ਬਣ ਕੇ ਰਹਾਂਗੀ।"

ਬਸੰਤ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਰਾਣੀ ਉਹਦੇ ਨਾਲ ਇਸ ਤਰ੍ਹਾਂ ਦਾ ਵਰਤਾਓ ਕਰੇਗੀ।

"ਮਾਤਾ ਜੀ, ਇਹ ਕਿਵੇਂ ਹੋ ਸਕਦੈ... ਮੈਂ ਤੁਹਾਡਾ ਪੁੱਤਰ ਆਂ। ਧਰਤ-ਅਸਮਾਨ ਫਟ ਨੀ ਜਾਣਗੇ-ਪੁੱਤਰ ਮਾਂ ਦਾ ਰੂਪ ਹੰਢਾਵੇ।"

"ਸੁਹਣਿਆਂ ਨਾ ਮੈਂ ਤੈਨੂੰ ਜਨਮ ਦਿੱਤੈ ਤੇ ਨਾ ਗੋਦ ਖਿਡਾਇਆ। ਮੈਂ ਤੇਰੀ ਮਾਂ ਨਹੀਂ... ਤੇਰੀ ਹਾਨਣ ਆਂ... ਮੇਰੀ ਜਵਾਨੀ ਵੱਲ ਵੇਖ ਤੇ ਮੈਨੂੰ ਆਪਣੀ ਬਣਾ ਲੈ, ਮੇਰੇ ਦਿਲ ਜਾਨੀਆਂ। ਮੈਂ ਚਰੋਕਣੀ ਤੇਰੇ ਦੀਦਾਰ ਨੂੰ ਤਰਸਦੀ ਪਈ ਆਂ।"

"ਮਾਂ ਮੈਨੂੰ ਅਜਿਹੀਆਂ ਗੱਲਾਂ ਨਾਲ ਭੁਚਲਾ ਨਾ... ਸਮਾਜਿਕ ਰਿਸ਼ਤੇ ਤੇ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਸਾਡੇ ਸਮਾਜ ਨੂੰ ਕਿੱਧਰ ਲੈ ਤੁਰੇਗਾ?"

"ਮੇਰੀ ਰੂਹ ਦੇ ਹਾਣੀਆਂ-ਸਮਾਜ ਨੇ ਭਲਾ ਮੈਨੂੰ ਕੀ ਦਿੱਤੈ? ਕੱਚੀ ਕੈਲ ਨੂੰ ਅੱਧਖੜ ਬੁੱਢੜੇ ਦੇ ਲੜ ਲਾ ਕੇ ਮੇਰੀ ਜਵਾਨੀ ਰੋਲ ਦਿੱਤੀ ਐ...। ਮੋਤੀ, ਹੀਰੇ ਪੰਨੇ ਮੇਰੇ ਲਈ ਕਾਣੀ ਕੌਡੀ ਦੇ ਸਮਾਨ ਨੇ.. ਤੂੰ ਮੇਰੀ ਬਾਂਹ ਫੜ ਕੇ ਪਾਰ ਲੰਘਾ ਦੇ ਸੁਹਣਿਆ।"

"ਹੋਸ਼ ਤੋਂ ਕੰਮ ਲੈ ਮਾਤਾ ਮੇਰੀਏ। ਇਹ ਰਿਸ਼ਤਾ ਮੈਂ ਨਿਭਾ ਨਹੀਂ ਸਕਦਾ।"

"ਅਜੇ ਵੀ ਸੋਚ ਲੈ... ਜੇ ਤੂੰ ਮੇਰੀ ਗੱਲ ਨਹੀਂ ਮੰਨਣੀ ਤਾਂ ਇਸ ਦੇ ਮਾੜੇ ਨਤੀਜੇ ਭੁਗਤਣ ਲਈ ਤਿਆਰ ਹੋ ਜਾ!"

"ਮਾਤਾ ਮੈਂ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ। ਆਪਣੇ ਬਾਪ ਦੀ ਦਾੜ੍ਹੀ ਦੀ ਲਾਜ ਰੱਖਾਂਗਾ।"

ਐਨਾ ਆਖ ਬਸੰਤ ਇਕਦਮ ਮਹਿਲਾਂ ਤੋਂ ਬਾਹਰ ਹੋ ਗਿਆ। ਚੰਦਰਵਤੀ ਪਲੰਘ 'ਤੇ ਪਈ ਬਿਨਾਂ ਪਾਣੀਓਂ-ਮੱਛੀ ਵਾਂਗ ਤੜਪਣ ਲੱਗੀ।

ਬਸੰਤ ਨੇ ਰੂਪ ਨੂੰ ਆ ਕੇ ਸਾਰੀ ਹੋਈ ਬੀਤੀ ਸੁਣਾ ਦਿੱਤੀ। ਦੋਨੋਂ ਚਿੰਤਾ ਦੇ ਸਾਗਰ ਵਿੱਚ ਡੁੱਬ ਗਏ।

ਆਥਣ ਪਸਰੀ। ਹਨੇਰਾ ਗੂੜ੍ਹਾ ਹੋਇਆ। ਖੜਗ ਸੈਨ ਆਪਣੇ ਮਹਿਲਾਂ ਨੂੰ ਪਰਤਿਆ। ਸਾਰੇ ਸ਼ਮਾਦਾਨ ਗੁੱਲ, ਦੀਵਾ ਨਾ ਬੱਤੀ। ਉਹ ਅੰਦਰ ਵੜਿਆ-ਚੰਦਰਵਤੀ ਸਿਰਮੂੰਹ ਲਪੇਟੀ ਖਣਪੱਟੀ ਲਈ ਪਲੰਘ 'ਤੇ ਪਈ ਐ। ਕਮਰੇ

ਦੀਆਂ ਵਸਤਾਂ ਐਧਰ-ਓਧਰ ਖਿੰਡੀਆਂ ਪਈਆਂ... ਰਾਜਾ ਭਮੱਤਰ ਗਿਆ। ਉਹਨੇ ਉਸ ਦੇ ਮੂੰਹ ਤੋਂ ਪੱਲਾ ਖਿੱਚ ਕੇ ਪਰ੍ਹੇ ਕੀਤਾ। ਰਾਣੀ ਦੇ ਚਿਹਰੇ 'ਤੇ ਘਰੂਟਾਂ ਦੇ ਨਿਸ਼ਾਨ... ਸਿਰ ਦੇ ਵਾਲ ਖਿੰਡੇ-ਪੁੰਡੇ ਜਿਵੇਂ ਕਿਸੇ ਨਾਲ ਹੱਥੋਂ ਪਾਈ ਕੀਤੀ ਹੋਵੇ। ਰਾਣੀ ਨੇ ਉਠਦੇ ਸਾਰ ਹੀ ਹਟਕੋਰਿਆਂ ਅਤੇ ਹੰਝੂਆਂ ਦੀ ਝੜੀ ਲਾ ਦਿੱਤੀ।

"ਰਾਜਨ! ਕੀ ਦੱਸਾਂ ਕੀ ਨਾ ਦੱਸਾਂ। ਲੋਹੜਾ ਮਾਰਿਐ ਤੁਹਾਡੇ ਲਾਡਲੇ ਪੁੱਤਰ ਬਸੰਤ ਨੇ। ਅੱਜ ਮਹਿਲੀਂ ਆਇਆ ਸੀ। 'ਕੱਲੀ ਵੇਖ ਉਹਨੇ ਮੇਰੇ ਨਾਲ ਹੱਥੋਂ-ਪਾਈ ਕੀਤੀ ਐ... ਮੈਂ ਬੁਰਛੇ ਕੋਲੋਂ ਆਪਣੀ ਪੱਤ ਨੂੰ ਮਸੀਂ ਬਚਾਇਐ...।" ਚੰਦਰਵਤੀ ਨੇ ਤ੍ਰੀਆ ਚਲਿੱਤਰ ਦਾ ਅਜਿਹਾ ਬਾਣ ਚਲਾਇਆ ਕਿ ਖੜਗ ਸੈਨ ਸੋਚੀਂ ਪੈ ਗਿਆ।

"ਇਹ ਕਿਵੇਂ ਹੋ ਸਕਦੈ ਮੇਰੀ ਰਾਣੀਏਂ। ਬਸੰਤ ਅਜਿਹਾ ਨਹੀਂ ਕਰ ਸਕਦਾ... ਸੱਚੋ-ਸੱਚ ਦੱਸ?

"ਰਾਜਨ ਬਸੰਤ, ਤੁਹਾਡਾ ਪੁੱਤਰ ਐ ਨਾ। ਇਸ ਲਈ ਮੇਰੀ ਗੱਲ ਦਾ ਆਪ ਨੂੰ ਇਤਬਾਰ ਨਹੀਂ..." ਐਨਾ ਆਖ ਚੰਦਰਵਤੀ ਜ਼ਾਰੋ-ਜ਼ਾਰ ਰੋਣ ਲੱਗ ਪਈ। ਰਾਜਾ ਉਹਦੇ ਭਾਵਾਂ ਦੇ ਵਾਰ ਨੂੰ ਸਹਿ ਨਾ ਸਕਿਆ। ਉਹ ਧੁਰ ਅੰਦਰ ਤਕ ਤੜਪ ਉਠਿਆ। ਉਹਨੇ ਰਾਣੀ ਨੂੰ ਆਪਣੀ ਬੁੱਕਲ ਵਿੱਚ ਲੈਂਦਿਆਂ ਕਿਹਾ, "ਮੇਰੀ ਬੇਗ਼ਮ ਮੈਨੂੰ ਤੇਰੇ 'ਤੇ ਪੂਰਾ ਭਰੋਸੇ, ਜਿਹੜਾ ਕੁਕਰਮ ਬਸੰਤ ਨੇ ਤੇਰੇ ਨਾਲ ਕੀਤੈ, ਉਹ ਮੁਆਫ਼ ਕਰਨ ਵਾਲਾ ਨਹੀਂ। ਉਸ ਨੂੰ ਅਜਿਹੀ ਸਜ਼ਾ ਦਿਆਂਗਾ ਕਿ ਲੋਕੀਂ ਰਹਿੰਦੀ ਦੁਨੀਆਂ ਤਕ ਯਾਦ ਰੱਖਣਗੇ।"

ਰਾਜੇ ਦੇ ਇਹ ਬਚਨ ਸੁਣ ਕੇ ਰਾਣੀ ਦੇ ਧੁਰ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ ਤੇ ਉਹ ਉਸ ਨੂੰ ਰੁਝਾਉਣ ਲਈ ਆਪਣਾ ਹਾਰ-ਸ਼ਿੰਗਾਰ ਕਰਨ ਲੱਗੀ। ਅਗਲੀ ਸਵੇਰ ਖੜਗ ਸੈਨ ਨੇ ਬਸੰਤ ਨੂੰ ਭਰੇ ਦਰਬਾਰ ਵਿੱਚ ਤਲਬ ਕਰ ਲਿਆ ਤੇ ਉਸ ਦਾ ਪੱਖ ਸੁਣੇ ਬਗੈਰ ਹੀ ਉਸ ਨੂੰ ਦੇਸ਼ ਨਿਕਾਲੇ ਦਾ ਹੁਕਮ ਸੁਣਾ ਦਿੱਤਾ।

ਸਾਰੇ ਦਰਬਾਰ ਵਿੱਚ ਸੰਨਾਟਾ ਛਾ ਗਿਆ। ਕਿਸੇ ਦੀ ਜੁਅਰਤ ਨਹੀਂ ਸੀ ਰਾਜੇ ਦੇ ਹੁਕਮ ਨੂੰ ਮੋੜਨ ਦੀ। ਸਾਰੇ ਦਰਬਾਰੀ ਜਾਣਦੇ ਸਨ ਕਿ ਬਸੰਤ ਬੇਕਸੂਰ ਏ। ਰੂਪ ਨੇ ਵੀ ਆਪਣੇ ਪਿਤਾ ਅੱਗੇ ਬੇਨਤੀ ਕੀਤੀ ਪਰ ਬਸੰਤ ਤਾਂ ਉਹਦੀਆਂ ਨਜ਼ਰਾਂ ਵਿੱਚ ਕਸੂਰਵਾਰ ਸੀ ਅਤੇ ਉਹ ਬਸੰਤ ਨੂੰ ਦੇਸ਼ ਨਿਕਾਲੇ ਦੀ ਸਜ਼ਾ ਦੇ ਕੇ ਆਪਣੇ ਅਦਲੀ ਰਾਜਾ ਹੋਣ ਦਾ ਧਰਮ ਨਿਭਾ ਰਿਹਾ ਸੀ।

ਬਸੰਤ ਨੂੰ ਇਹ ਆਸ ਨਹੀਂ ਸੀ ਕਿ ਉਸ ਦਾ ਪਿਤਾ ਉਹਦਾ ਪੱਖ ਜਾਣੇ ਬਿਨਾਂ ਅਜਿਹੀ ਸਜ਼ਾ ਸੁਣਾ ਦੇਵੇਗਾ। ਉਹ ਆਪਣੇ ਦਿਲ 'ਤੇ ਪੱਥਰ ਰੱਖ ਕੇ ਬੈਠ ਗਿਆ। ਉਹਨੂੰ ਵਿਛੜੀ ਮਾਂ ਦੀ ਯਾਦ ਆਈ ਤੇ ਉਹਦਾ ਗੱਚ ਭਰ ਆਇਆ। ਉਹ ਭਰੇ ਨੈਣਾਂ ਨਾਲ ਆਪਣੇ ਸ਼ਹਿਰ ਨੂੰ ਨਮਸਕਾਰ ਕਰਕੇ ਘੋੜੇ 'ਤੇ ਸਵਾਰ ਹੋ ਕੇ ਤੁਰ ਪਿਆ। ਅਜੇ ਉਹ ਕੁਝ ਕਦਮਾਂ 'ਤੇ ਹੀ ਗਿਆ ਸੀ ਕਿ ਰੂਪ ਵੀ ਘੋੜੇ ਸਮੇਤ ਉਹਦੇ ਨਾਲ ਜਾ ਰਲਿਆ ਤੇ ਬੋਲਿਆ, "ਵੀਰੇ ਮੈਂ

ਤੇਰੇ ਬਗੈਰ 'ਕੱਲਾ ਕਿਵੇਂ ਰਹਿ ਸਕਦਾਂ...ਤੇਰੇ ਨਾਲ ਹੀ ਚੱਲਾਂਗਾ।"

"ਨਾ ਰੂਪ ਵੀਰੇ ਤੂੰ ਕਿਉਂ ਕਸ਼ਟ ਝੱਲਣੇ ਨੇ, ਜੋ ਮੇਰੇ ਕਰਮਾਂ 'ਚ ਲਿਖਿਐ ਉਹ ਤਾਂ ਮੈਂ ਭੋਗਣੈ ਹੀ ਐ... ਜਾਹ, ਪਿਛਾਂਹ ਮੁੜ ਜਾ ਵੀਰੇ।"

ਰੂਪ ਜ਼ਿੱਦ ਕਰਕੇ ਬਸੰਤ ਦੇ ਨਾਲ ਹੀ ਜੰਗਲ-ਬੀਆ-ਬਾਨਾਂ ਨੂੰ ਤੁਰ ਪਿਆ। ਉਨ੍ਹਾਂ ਆਪਣੇ ਦੇਸ਼ ਦੀ ਹੱਦ ਪਾਰ ਕਰ ਲਈ ਤੇ ਗੁਆਂਢੀ ਰਾਜ ਦੇ ਜੰਗਲ ਬੇਲਿਆਂ ਵਿੱਚ ਜਾ ਵੜੇ। ਜੋ ਕੰਦ ਮੂਲ ਮਿਲਦਾ ਖਾ ਕੇ ਗੁਜ਼ਾਰਾ ਕਰ ਲੈਂਦੇ। ਰਾਤ ਨੂੰ ਕਿਸੇ ਦਰੱਖਤ ਥੱਲੇ ਟਿਕ ਜਾਂਦੇ। ਜੰਗਲੀ ਜੀਵ-ਜੰਤੂਆਂ ਤੋਂ ਬਚਣ ਲਈ ਅੱਧੀ ਰਾਤ ਤਕ ਇੱਕ ਜਣਾ ਜਾਗਦਾ ਦੂਜਾ ਸੌਂਦਾ। ਇਸ ਤਰ੍ਹਾਂ ਵਾਰੋ ਵਾਰੀ ਜਾਗਦੇ ਸੌਂਦੇ। ਇੱਕ ਸਾਲ ਤੋਂ ਵੀ ਵੱਧ ਸਮਾਂ ਉਹ ਇਸੇ ਭਟਕਣਾ ਵਿੱਚ ਭਟਕਦੇ ਰਹੇ। ਉਨ੍ਹਾਂ ਕਈ ਨਦੀਆਂ, ਦਰਿਆ, ਘਾਟੀਆਂ ਤੇ ਪਹਾੜ ਪਾਰ ਕੀਤੇ ਅਤੇ ਇੱਕ ਦਿਨ ਕੀ ਭਾਣਾ ਵਾਪਰਿਆ। ਰਾਤ ਸਮੇਂ ਰੂਪ ਸੁੱਤਾ ਪਿਆ ਸੀ ਤੇ ਬਸੰਤ ਜਾਗਦਾ ਸੀ। ਜਦੋਂ ਰੂਪ ਦੀ ਜਾਗ ਖੁੱਲ੍ਹੀ ਤਾਂ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਬਸੰਤ ਤਾਂ ਮਰਿਆ ਪਿਆ। ਉਹਨੇ ਉਹਨੂੰ ਹਿਲਾਇਆ ਵੀ ਪਰ ਬਸੰਤ ਟਸ ਤੋਂ ਮਸ ਨਾ ਹੋਇਆ। ਰੂਪ ਸੋਚੀਂ ਪੈ ਗਿਆ ਕਰੇ ਤਾਂ ਕੀ ਕਰੇ। ਜੰਗਲ ਬੀਆ-ਬਾਨ... ਪਰਾਇਆ ਦੇਸ਼ ਕੋਈ ਮਦਦਗਾਰ ਨਹੀਂ...।

ਉਹ ਕਫ਼ਨ ਦਾ ਪ੍ਰਬੰਧ ਕਰਨ ਲਈ ਬਸੰਤ ਦੀ ਲਾਸ਼ ਨੂੰ ਦਰੱਖਤ ਥੱਲੇ ਹੀ ਛੱਡ ਕੇ ਨੇੜੇ ਦੇ ਸ਼ਹਿਰ ਨੂੰ ਤੁਰ ਪਿਆ। ਤੁਰਦਿਆਂ-ਤੁਰਦਿਆਂ ਰੂਪ ਮਿਸਰ ਦੀ ਰਾਜਧਾਨੀ ਪੁੱਜ ਗਿਆ। ਸ਼ਹਿਰ ਦੇ ਆਲੇ-ਦੁਆਲੇ ਬਹੁਤ ਵੱਡੀ ਫਸੀਲ ਸੀ ਤੇ ਅੰਦਰ ਜਾਣ ਲਈ ਕੇਵਲ ਇੱਕੋ-ਇੱਕ ਦਰਵਾਜ਼ਾ ਸੀ। ਉਹ ਦਰਵਾਜ਼ੇ ਰਾਹੀਂ ਅੰਦਰ ਵੜਨ ਹੀ ਲੱਗਾ ਸੀ ਕਿ ਚੌਂਕੀਦਾਰ ਨੇ ਉਸ ਨੂੰ ਰੋਕ ਲਿਆ। ਐਨੇ ਨੂੰ ਉਥੇ ਹੋਰ ਬਹੁਤ ਸਾਰੇ ਸ਼ਾਹੀ-ਦਰਬਾਰੀ ਆ ਗਏ। ਉਨ੍ਹਾਂ ਰੂਪ ਨੂੰ ਕਿਹਾ, "ਹੇ ਪਰਦੇਸੀ, ਨੌਜਵਾਨਾਂ ਕੱਲ੍ਹ ਸਾਡੇ ਦੇਸ਼ ਦਾ ਰਾਜਾ ਸੁਰਗਵਾਸ ਹੋ ਗਿਆ। ਪਰੰਪਰਾ ਅਨੁਸਾਰ ਸਾਰੇ ਅਧਿਕਾਰੀਆਂ ਅਤੇ ਦਰਬਾਰੀਆਂ ਨੇ ਫ਼ੈਸਲਾ ਕੀਤਾ ਕਿ ਜਿਹੜਾ ਵੀ ਪਹਿਲਾ ਯਾਤਰੀ ਅੱਜ ਸਵੇਰੇ ਸ਼ਹਿਰ ਵਿੱਚ ਵੜੇਗਾ ਉਹਨੂੰ ਰਾਜ ਸਿੰਘਾਸਣ 'ਤੇ ਬਿਠਾ ਦਿੱਤਾ ਜਾਵੇਗਾ। ਤੁਸੀਂ ਸ਼ਹਿਰ ਵਿੱਚ ਪ੍ਰਵੇਸ਼ ਕਰਨ ਵਾਲੇ ਪਹਿਲੇ ਪੁਰਸ਼ ਹੋ। ਇਸ ਕਰਕੇ ਹੁਣ ਸਾਡੇ ਰਾਜਾ ਹੋ।" ਐਨਾ ਆਖ ਉਨ੍ਹਾਂ ਨੇ ਰੂਪ ਨੂੰ ਸ਼ਾਹੀ ਬਸਤਰ ਪਹਿਨਾ ਕੇ ਵਿਧੀਵਤ ਰਸਮਾਂ ਨਾਲ ਰਾਜ ਸਿੰਘਾਸਣ 'ਤੇ ਬਿਰਾਜਮਾਨ ਕਰ ਦਿੱਤਾ। ਰੂਪ ਹੁਣ ਮਿਸਰ ਦਾ ਰਾਜਾ ਬਣ ਗਿਆ ਸੀ ਤੇ ਉਸ ਨੂੰ ਰਾਜ ਦਰਬਾਰੀਆਂ ਨੇ ਐਨਾ ਵਿਅਸਤ ਕਰ ਦਿੱਤਾ ਕਿ ਉਹ ਕੁਝ ਪਲਾਂ ਲਈ ਬਸੰਤ ਨੂੰ ਵੀ ਭੁੱਲ ਗਿਆ। ਉਹ ਕੁਝ ਦਿਨਾਂ ਬਾਅਦ ਉਸ ਥਾਂ 'ਤੇ ਵੀ ਗਿਆ ਜਿੱਥੇ ਬਸੰਤ ਦੀ ਲਾਸ਼ ਪਈ ਸੀ। ਉਸ ਦਰੱਖਤ ਥੱਲੇ ਲਾਸ਼ ਨਾ ਵੇਖ ਕੇ ਉਹਨੇ ਇਹ ਅਨੁਮਾਨ ਲਾ ਲਿਆ ਕਿ ਬਸੰਤ ਦੀ ਲਾਸ਼ ਨੂੰ ਜੰਗਲੀ ਜਾਨਵਰ ਖਾ ਗਏ ਹੋਣਗੇ। ਉਹ ਬਸੰਤ ਦੇ

ਗ਼ਮ ਨੂੰ ਆਪਣੇ ਦਿਲ ਵਿੱਚ ਸਮੋ ਕੇ ਪਰਤ ਆਇਆ ਅਤੇ ਆਪਣੇ ਰਾਜ ਦੇ ਕੰਮ-ਕਾਜ ਚਲਾਉਣ ਲੱਗਾ।

ਏਧਰ ਬਸੰਤ ਦੀ ਹੋਣੀ ਵੇਖੋ.. ਜਦੋਂ ਰੂਪ ਉਹਦੇ ਕਫ਼ਨ ਦੀ ਭਾਲ ਵਿੱਚ ਉਹਨੂੰ ਛੱਡ ਕੇ ਗਿਆ ਸੀ, ਉਸ ਦੇ ਜਾਣ ਬਾਅਦ ਹੀ ਮੰਗਲ ਨਾਥ ਨਾਂ ਦਾ ਜੋਗੀ ਕਿਧਰੋਂ ਤੁਰਦਾ-ਫਿਰਦਾ ਉਸ ਦਰੱਖਤ ਕੋਲ ਆ ਗਿਆ ਜਿੱਥੇ ਬਸੰਤ ਦੀ ਲੋਥ ਪਈ ਸੀ। ਜੋਗੀ ਨੇ ਉਸ ਨੂੰ ਹਿਲਾ-ਜੁਲਾ ਕੇ ਵੇਖਿਆ ਤੇ ਉਸ ਦੀ ਨਬਜ਼ ਵੇਖੀ। ਨਬਜ਼ ਚੱਲ ਰਹੀ ਸੀ। ਅਸਲ ਵਿੱਚ ਉਹ ਮਰਿਆ ਨਹੀਂ, ਸਿਰਫ਼ ਬੇਹੋਸ਼ ਹੋਇਆ ਸੀ। ਉਹਨੂੰ ਕਿਸੇ ਜ਼ਹਿਰੀਲੇ ਸੱਪ ਨੇ ਡਸ ਕੇ ਬੇਸੁੱਧ ਕਰ ਦਿੱਤਾ ਸੀ। ਜੋਗੀ ਨੇ ਜੰਗਲੀ ਬੂਟੀਆਂ ਦੀ ਵਰਤੋਂ ਕਰਕੇ ਉਹਨੂੰ ਹੋਸ਼ ਵਿੱਚ ਲਿਆਂਦਾ। ਬਸੰਤ ਨੇ ਜੋਗੀ ਨੂੰ ਆਪਣੀ ਸਾਰੀ ਵਿਥਿਆ ਸੁਣਾਈ। ਜੋਗੀ ਉਸ ਨੂੰ ਆਪਣੀ ਕੁਟੀਆ ਵਿੱਚ ਲੈ ਆਇਆ ਤੇ ਆਪਣੇ ਕੋਲ ਹੀ ਰੱਖ ਲਿਆ। ਬਸੰਤ ਨੇ ਵੀ ਆਪਣੇ ਜੀਵਨ ਦਾਤੇ ਨੂੰ ਆਪਣਾ ਆਪ ਸਮਰਪਿਤ ਕਰ ਦਿੱਤਾ ਤੇ ਉਹਦੀ ਸੇਵਾ ਵਿੱਚ ਲੀਨ ਹੋ ਗਿਆ। ਉਸ ਨੂੰ ਰੂਪ ਦੀ ਯਾਦ ਆਉਂਦੀ-ਸੋਚਦਾ ਪਤਾ ਨਹੀਂ ਉਸ ਨਾਲ ਕੀ ਬਣੀ ਹੋਵੇਗੀ? ਖੌਰੇ ਜਿਉਂਦਾ ਵੀ ਹੈ ਕਿ ਜੰਗਲੀ ਜਾਨਵਰਾਂ ਨੇ ਆਪਣਾ ਖਾਜਾ ਬਣਾ ਲਿਆ? ਜੋਗੀ ਕੋਲ ਰਹਿੰਦਿਆਂ ਬਸੰਤ ਨੇ ਸੱਤ ਵਰ੍ਹੇ ਲੰਘਾ ਦਿੱਤੇ।

ਬਸੰਤ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਬਚਪਨ ਤੋਂ ਹੀ ਸੀ। ਜੋਗੀ ਨੇ ਉਸ ਦੇ ਸ਼ੌਕ ਨੂੰ ਮੱਠਾ ਨਾ ਪੈਣ ਦਿੱਤਾ। ਇੱਕ ਦਿਨ ਬਸੰਤ ਘੋੜੇ ’ਤੇ ਸਵਾਰ ਇੱਕ ਸ਼ਿਕਾਰ ਮਗਰ ਲੱਗਿਆ ਬਹੁਤ ਦੂਰ ਨਿਕਲ ਗਿਆ ਤੇ ਅਚਾਨਕ ਆਏ ਹਨੇਰੀ-ਝੱਖੜ ਨੇ ਉਸ ਨੂੰ ਰਾਹ ਭੁਲਾ ਦਿੱਤਾ। ਹਨੇਰਾ ਹੋਣ ਕਰਕੇ ਉਹ ਪਿਛਾਂਹ ਜਾਣ ਜੋਗਾ ਵੀ ਨਹੀਂ ਸੀ। ਉਹਨੂੰ ਦੂਰ ਇੱਕ ਸ਼ਹਿਰ ਨਜ਼ਰ ਆਇਆ। ਉਹ ਸ਼ਹਿਰ ਦੀ ਫਸੀਲ ਦੇ ਮੁੱਖ ਦਰਵਾਜ਼ੇ ’ਤੇ ਪੁੱਜ ਗਿਆ। ਦਰਵਾਜ਼ਾ ਬੰਦ ਸੀ। ਉਸ ਨੇ ਦਰਵਾਜ਼ਾ ਖੜਕਾਇਆ ਅੰਦਰੋਂ ਚੌਂਕੀਦਾਰ ਨੇ ਦਰਵਾਜ਼ੇ ਦੀ ਮੋਰੀ ਰਾਹੀਂ ਆਖਿਆ, ਰਾਜੇ ਦਾ ਹੁਕਮ ਐ ਇਹ ਦਰਵਾਜ਼ਾ ਰਾਤ ਨੂੰ ਬੰਦ ਹੋ ਕੇ ਦੁਬਾਰਾ ਨਹੀਂ ਖੁੱਲ੍ਹ ਸਕਦਾ ਕਿਉਂਕਿ ਰਾਤ ਸਮੇਂ ਏਥੇ ਇੱਕ ਆਦਮਖੋਰ ਸ਼ੇਰ ਆਉਂਦੈ। ਉਹਨੇ ਪਰਜਾ ਦੇ ਬਹੁਤ ਸਾਰੇ ਬੰਦੇ ਮਾਰ ਦਿੱਤੇ ਨੇ। ਚੰਗਾ ਇਹੀ ਐ ਤੂੰ ਕਿਧਰੇ ਹੋਰ ਚਲਿਆ ਜਾ, ਦਰਵਾਜ਼ਾ ਮੈਂ ਨਹੀਂ ਖੋਲ੍ਹਣਾ।”

ਐਨਾ ਆਖ ਚੌਂਕੀਦਾਰ ਨੇ ਤਾਕੀ ਵੀ ਬੰਦ ਕਰ ਦਿੱਤੀ। ਬਸੰਤ ਹੁਣ ਕੀ ਕਰਦਾ। ਹਨੇਰਾ ਗੂੜ੍ਹਾ ਹੋ ਰਿਹਾ ਸੀ। ਕਾਲੀ -ਬੋਲੀ ਡਰਾਉਣੀ ਰਾਤ। ਬਸੰਤ ਨੇ ਦਰਵਾਜ਼ੇ ਦੇ ਸਾਹਮਣੇ ਹੀ ਰਾਤ ਕੱਟਣ ਦਾ ਮਨ ਬਣਾ ਲਿਆ। ਅੱਧੀ ਰਾਤ ਲੰਘੀ ਸੀ ਕਿ ਖੂੰਖਾਰ ਸ਼ੇਰ ਨੇ ਆ ਬੁਹਾੜ ਮਾਰੀ। ਬਸੰਤ ਤਾਂ ਅਜੇ ਜਾਗਦਾ ਹੀ ਪਿਆ ਸੀ। ਉਹਨੇ ਆਪਣੇ ਸ਼ਸਤਰ ਸੰਭਾਲੇ ਹੀ ਸਨ ਕਿ ਸ਼ੇਰ ਨੇ ਉਸ ’ਤੇ ਹਮਲਾ ਕਰ ਦਿੱਤਾ ਪਰ ਬਸੰਤ ਨੇ ਬੜੀ ਫੁਰਤੀ ਨਾਲ ਸ਼ੇਰ ’ਤੇ ਅਜਿਹਾ

ਤਲਵਾਰ ਦਾ ਵਾਰ ਕੀਤਾ ਕਿ ਉਹ ਚੁਫ਼ਾਲ ਧਰਤੀ 'ਤੇ ਜਾ ਪਿਆ। ਸ਼ੇਰ ਨੂੰ ਮਾਰ ਮੁਕਾਣ ਉਪਰੰਤ ਬਸੰਤ ਥਕੇਵੇਂ ਕਾਰਨ ਦਰਵਾਜ਼ੇ ਦੇ ਸਾਹਮਣੇ ਹੀ ਘੂਕ ਸੌਂ ਗਿਆ।

ਸਵੇਰ ਹੋਈ ਚੌਂਕੀਦਾਰ ਨੇ ਸ਼ਹਿਰ ਦਾ ਮੁੱਖ ਦੁਆਰ ਖੋਲ੍ਹਿਆ। ਉਹਨੇ ਵੇਖਿਆ ਸ਼ੇਰ ਮਰਿਆ ਪਿਆ ਤੇ ਨਾਲ ਹੀ ਸ਼ੇਰ ਨੂੰ ਮਾਰਨ ਵਾਲਾ ਵੀ ਘੂਕ ਸੁੱਤਾ ਪਿਆ ਹੈ। ਉਹਨੇ ਤੁਰੰਤ ਕੋਤਵਾਲ ਨੂੰ ਬੁਲਾਇਆ। ਕੋਤਵਾਲ ਦੇ ਮਨ ਵਿੱਚ ਅਜਿਹੀ ਖੋਟ ਆਈ ਕਿ ਕਿਉਂ ਨਾ ਉਹ ਸ਼ੇਰ ਨੂੰ ਆਪਣੇ ਵੱਲੋਂ ਮਾਰਿਆ ਦੱਸ ਕੇ ਰਾਜੇ ਪਾਸੋਂ ਇਨਾਮ ਪ੍ਰਾਪਤ ਕਰ ਲਵੇ। ਉਨ੍ਹਾਂ ਨੇ ਮਤਾ ਪਕਾ ਕੇ ਸੁੱਤੇ ਪਏ ਬਸੰਤ ਨੂੰ ਵੱਢ ਟੁੱਕ ਕੇ ਬੇਹੋਸ਼ ਕਰ ਦਿੱਤਾ ਤੇ ਉਸ ਨੂੰ ਉੱਥੋਂ ਚੁੱਕ ਕੇ ਖਤਾਨਾਂ ਵਿੱਚ ਸੁੱਟ ਆਏ।

ਆਦਮਖੋਰ ਸ਼ੇਰ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਰਾਜਾ ਰੂਪ ਬਹੁਤ ਖੁਸ਼ ਹੋਇਆ। ਉਹਨੇ ਚੌਂਕੀਦਾਰ ਅਤੇ ਕੋਤਵਾਲ ਨੂੰ ਉਨ੍ਹਾਂ ਦੀ ਬਹਾਦਰੀ ਬਦਲੇ ਢੇਰ ਸਾਰੇ ਇਨਾਮ ਦਿੱਤੇ। ਸਾਰੇ ਸ਼ਹਿਰ ਵਿੱਚ ਕੋਤਵਾਲ ਦੀ ਬਹਾਦਰੀ ਦੇ ਚਰਚੇ ਹੋ ਰਹੇ ਸਨ। ਓਧਰ ਸ਼ੇਰ ਨੂੰ ਮਾਰਨ ਵਾਲਾ ਬਸੰਤ ਖਤਾਨਾਂ ਵਿੱਚ ਪਿਆ ਕਰਾਹ ਰਿਹਾ ਸੀ। ਕਰਨੀ ਕੁਦਰਤ ਦੀ ਕੋਈ ਤੀਜੇ ਪਹਿਰ ਇਸ ਸ਼ਹਿਰ ਦਾ ਕਾਲੂ ਘੁਮਿਆਰ ਮਿੱਟੀ ਲੈਣ ਲਈ ਖ਼ਤਾਨਾਂ ਵੱਲ ਗਿਆ। ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਇੱਕ ਨੌਜਵਾਨ ਖਤਾਨਾਂ ਵਿੱਚ ਵੱਢਿਆ ਟੁੱਕਿਆ ਕਰਾਹ ਰਿਹਾ ਹੈ। ਉਹ ਉਸ ਨੂੰ ਉਸੇ ਵੇਲੇ ਆਪਣੇ ਖੋਤੇ 'ਤੇ ਲੱਦ ਕੇ ਘਰ ਲੈ ਆਇਆ ਤੇ ਉਹਦੀ ਤੀਮਾਰਦਾਰੀ ਕਰਨ ਲੱਗਾ। ਬਸੰਤ ਕੁਝ ਦਿਨਾਂ ਵਿੱਚ ਹੀ ਨੌਂ-ਬਰ-ਨੌਂ ਹੋ ਗਿਆ। ਘੁਮਾਰ ਤੇ ਘੁਮਾਰੀ ਕੱਲੇ ਹੀ ਘਰ 'ਚ ਰਹਿ ਰਹੇ ਸਨ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਉਨ੍ਹਾਂ ਨੇ ਬਸੰਤ ਨੂੰ ਆਪਣਾ ਪੁੱਤਰ ਬਣਾ ਲਿਆ। ਬਸੰਤ ਵੀ ਉਨ੍ਹਾਂ ਵੱਲੋਂ ਕੀਤੇ ਉਪਕਾਰ ਨੂੰ ਭੁੱਲਿਆ ਨਹੀਂ ਸੀ। ਉਹ ਵੀ ਸਕੇ ਪੁੱਤਰ ਵਾਂਗ ਉਨ੍ਹਾਂ ਦੇ ਕੰਮ-ਕਾਜ ਵਿੱਚ ਹੱਥ ਵਟਾਉਣ ਲੱਗਾ। ਕਈ ਮਹੀਨੇ ਗੁਜ਼ਰ ਗਏ। ਇੱਕ ਦਿਨ ਬਸੰਤ ਬਾਜ਼ਾਰ ਵਿੱਚ ਘੁੰਮ ਰਿਹਾ ਸੀ ਕਿ ਅਚਾਨਕ ਉਸ ਉੱਤੇ ਕੋਤਵਾਲ ਦੀ ਨਜ਼ਰ ਜਾ ਪਈ। ਉਹਨੇ ਪਛਾਣ ਲਿਆ ਕਿ ਇਹ ਤਾਂ ਓਹੀ ਨੌਜਵਾਨ ਹੈ ਜਿਸ ਨੇ ਸ਼ੇਰ ਨੂੰ ਮਾਰਿਆ ਸੀ। ਆਪਣੇ ਪਾਜ ਦੇ ਉਧੜਨ ਦੇ ਡਰੋਂ ਉਹਨੇ ਬਸੰਤ ਨੂੰ ਕਿਸੇ ਮਾਮਲੇ ਵਿੱਚ ਉਲਝਾਉਣ ਦਾ ਮਨ ਬਣਾ ਲਿਆ। ਉਹਨੇ ਆਪਣੇ ਸ਼ਹਿਰ ਦੀ ਇੱਕ ਵੇਸਵਾ ਪਾਸੋਂ ਬਸੰਤ 'ਤੇ ਇਲਜ਼ਾਮ ਲਗਵਾ ਦਿੱਤਾ ਕਿ ਉਹਨੇ ਉਹਦਾ ਹਾਰ ਚੋਰੀ ਕੀਤਾ ਹੈ। ਇਸ ਇਲਜ਼ਾਮ ਵਿੱਚ ਕੋਤਵਾਲ ਨੇ ਬਸੰਤ ਨੂੰ ਜੇਲ੍ਹ ਦੀ ਕੋਠੜੀ ਵਿੱਚ ਬੰਦ ਕਰਵਾ ਦਿੱਤਾ।

ਦਿਨ ਬੀਤਦੇ ਗਏ। ਝੂਠੇ ਇਲਜ਼ਾਮ ਵਿੱਚ ਬਸੰਤ ਜੇਲ੍ਹ ਦੀ ਹਵਾ ਖਾ ਰਿਹਾ ਸੀ। ਬਸੰਤ ਦੇ ਧਰਮ ਮਾਤਾ-ਪਿਤਾ ਦੀ ਵੀ ਕਿਸੇ ਇੱਕ ਨਾ ਸੁਣੀ।

ਇੱਕ ਦਿਨ ਕੀ ਹੋਇਆ ਰਾਜਾ ਰੂਪ ਦੇ ਦਰਬਾਰ ਵਿੱਚ ਇੱਕ ਸੌਦਾਗਰ ਨੇ ਆ ਅਰਜ਼ ਗੁਜ਼ਾਰੀ, "ਰਾਜਨ ਮੈਂ ਮਦਦ ਦੀ ਆਸ ਲੈ ਕੇ ਤੁਹਾਡੇ ਪਾਸ ਆਇਆ ਹਾਂ! ਮੇਰਾ ਜਹਾਜ਼ ਸਮੁੰਦਰ ਵਿੱਚ ਫਸਿਆ ਖੜ੍ਹੈ। ਜੋਤਸ਼ੀਆਂ ਕਿਹਾ ਹੈ ਕਿ ਸਮੁੰਦਰ ਮਨੁੱਖ ਦੀ ਬਲੀ ਮੰਗਦਾ ਹੈ। ਬਲੀ ਦੇਣ 'ਤੇ ਚੱਲੇਗਾ। ਮੇਰੇ 'ਤੇ ਕਿਰਪਾ ਕਰੋ ਰਾਜਨ।"

ਰਾਜੇ ਰੂਪ ਨੇ ਕੋਤਵਾਲ ਨੂੰ ਬੁਲਾਇਆ ਤੇ ਕਿਸੇ ਕੈਦੀ ਨੂੰ ਸੌਦਾਗਰ ਦੇ ਹਵਾਲੇ ਕਰਨ ਦਾ ਆਦੇਸ਼ ਦੇ ਦਿੱਤਾ। ਕੋਤਵਾਲ ਲਈ ਇਸ ਤੋਂ ਵਧੀਆ ਮੌਕਾ ਹੋਰ ਕੀ ਮਿਲਣਾ ਸੀ। ਉਹਨੇ ਬਸੰਤ ਨੂੰ ਜੇਲ੍ਹਖਾਨੇ ਵਿੱਚੋਂ ਕੱਢ ਕੇ ਸੌਦਾਗਰ ਦੇ ਨਾਲ ਤੋਰ ਦਿੱਤਾ।

ਸੌਦਾਗਰ ਬਸੰਤ ਨੂੰ ਜਹਾਜ਼ 'ਤੇ ਲੈ ਆਇਆ। ਬਸੰਤ ਨੇ ਜਹਾਜ਼ ਦੇ ਇੰਜਣ ਦੇ ਕਲਪੁਰਜ਼ਿਆਂ ਨੂੰ ਆਪਣੇ ਹੱਥਾਂ ਨਾਲ ਇਧਰ ਉੱਧਰ ਘੁਮਾਇਆ ਤੇ ਜਹਾਜ਼ ਨੇ ਘੁਰਰ-ਘੁਰਰ ਕਰਨਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਰਫ਼ਤਾਰ ਫੜ ਲਈ। ਸੌਦਾਗਰ ਬਸੰਤ ਦੀ ਸਿਆਣਪ, ਸੂਝ ਅਤੇ ਸਰੀਰਕ ਦਿੱਖ ਤੋਂ ਐਨਾ ਪ੍ਰਭਾਵਿਤ ਹੋ ਗਿਆ ਕਿ ਉਸ ਨੇ ਉਸ ਨੂੰ ਆਪਣਾ ਧਰਮ ਪੁੱਤਰ ਬਣਾ ਕੇ ਆਪਣੇ ਨਾਲ ਹੀ ਜਹਾਜ਼ 'ਤੇ ਰੱਖ ਲਿਆ। ਬਸੰਤ ਹੁਣ ਸੌਦਾਗਰ ਪੁੱਤਰ ਵਜੋਂ ਜਹਾਜ਼ 'ਤੇ ਵਿਚਰ ਰਿਹਾ ਸੀ ਤੇ ਉਹਦੇ ਲਈ ਸਮੁੰਦਰੀ ਸਫ਼ਰ ਦਾ ਆਪਣਾ ਸੁਆਦ ਸੀ। ਜਹਾਜ਼ ਕਈ ਮਹੀਨੇ ਸਮੁੰਦਰ ਦੇ ਪਾਣੀਆਂ 'ਤੇ ਤੈਰਨ ਮਗਰੋਂ ਕਾਮਰੂਪ ਦੇ ਰਾਜ ਵਿੱਚ ਪੁੱਜ ਗਿਆ। ਬੰਦਰਗਾਹ 'ਤੇ ਲੰਗਰ ਸੁਟ ਕੇ ਸੌਦਾਗਰ ਨੇ ਸ਼ਹਿਰ ਦੇ ਇੱਕ ਬਾਗ ਵਿੱਚ ਜਾ ਡੇਰੇ ਲਾਏ। ਬਸੰਤ ਬਹੁਤ ਹੀ ਖ਼ੂਬਸੂਰਤ ਤੇ ਛੈਲ-ਛਬੀਲਾ ਗੱਭਰੂ ਸੀ। ਕਾਮਰੂਪ ਦੀਆਂ ਕਈ ਖ਼ੂਬਸੂਰਤ ਮੁਟਿਆਰਾਂ ਨੇ ਉਹਨੂੰ ਮੋਹ-ਭਿੰਨੀਆਂ ਨਿਗਾਹਾਂ ਨਾਲ ਵੇਖਿਆ ਤੇ ਠੰਢੇ ਹਉਕੇ ਭਰੇ। ਇੱਕ ਦਿਨ ਸੈਰ ਕਰਦੀ ਕਾਮਰੂਪ ਦੀ ਸ਼ਹਿਜ਼ਾਦੀ ਚੰਦਰ ਬਦਨ ਆਪਣੀਆਂ ਸਹੇਲੀਆਂ ਨਾਲ ਬਾਗ ਵਿੱਚ ਪੁੱਜ ਗਈ। ਉਹਨੇ ਬਾਂਕੇ ਬਸੰਤ ਵੱਲ ਵੇਖਿਆ ਤੇ ਵੇਂਹਦਿਆਂ ਸਾਰ ਹੀ ਆਪਣਾ ਦਿਲ ਉਹਨੂੰ ਦੇ ਬੈਠੀ ਤੇ ਘਰ ਆ ਕੇ ਆਪਣੇ ਮਾਂ-ਬਾਪ ਨੂੰ ਆਖਿਆ, "ਮੈਂ ਤਾਂ ਵਿਆਹ ਹੀ ਸੌਦਾਗਰ ਦੇ ਮੁੰਡੇ ਨਾਲ ਕਰਵਾਉਣਾ, ਨਹੀਂ ਤਾਂ ਸਾਰੀ ਉਮਰ ਕੁਆਰੀ ਰਹਾਂਗੀ।" ਉਹਦੇ ਮਾਂ-ਬਾਪ ਆਪਣੀ ਧੀ ਦੀ ਜ਼ਿੱਦ ਅੱਗੇ ਠਹਿਰ ਨਾ ਸਕੇ ਤੇ ਉਨ੍ਹਾਂ ਨੇ ਸੌਦਾਗਰ ਨੂੰ ਬੁਲਾ ਕੇ ਚੰਦਰ ਬਦਨ ਦੀ ਸ਼ਾਦੀ ਬਸੰਤ ਨਾਲ ਕਰ ਦਿੱਤੀ। ਐਨੀ ਖ਼ੂਬਸੂਰਤ ਮੁਟਿਆਰ ਬਸੰਤ ਨੇ ਪਹਿਲਾਂ ਕਦੀ ਨਹੀਂ ਸੀ ਤੱਕੀ। ਉਹਦੇ ਮਿਰਗਾਂ ਵਰਗੇ ਨੈਣਾਂ 'ਤੇ ਬਸੰਤ ਫ਼ਿਦਾ ਹੋ ਗਿਆ ਤੇ ਉਸ ਨੇ ਮਿਰਗ ਨੈਣੀਂ ਚੰਦਰ ਬਦਨ ਨੂੰ ਤਨੋ ਮਨੋਂ ਆਪਣਾ ਬਣਾ ਲਿਆ। ਕੁਝ ਦਿਨ ਦੋਨੋਂ ਕਾਮਰੂਪ ਦੇ ਮਹਿਲਾਂ ਦਾ ਆਨੰਦ ਮਾਣ ਕੇ ਜਹਾਜ਼ 'ਤੇ ਆ ਗਏ ਤੇ ਚੰਦਰ ਬਦਨ ਆਪਣੇ ਮਾਂ ਬਾਪ ਤੋਂ ਵਿਦਾਈ ਲੈ ਕੇ ਸਮੁੰਦਰੀ ਸਫ਼ਰ 'ਤੇ ਰਵਾਨਾ ਹੋ ਗਈ। ਜਹਾਜ਼ ਹੁਣ ਵਾਪਸ ਮਿਸਰ ਵੱਲ ਨੂੰ ਪਰਤ ਰਿਹਾ ਸੀ। ਚੰਦਰ ਬਦਨ ਤੇ ਬਸੰਤ ਅਠਖੇਲੀਆਂ ਕਰਦੇ ਪਾਣੀ 'ਤੇ ਮੌਜ-ਮਸਤੀ ਮਾਣਦੇ ਰਹੇ। ਇੱਕ ਦਿਨ ਸੌਦਾਗਰ ਨੇ ਵੇਖਿਆ ਚੰਦਰ ਬਦਨ ਕੱਲਮ 'ਕੱਲੀ ਮਸਤੂਲ ਕੋਲ ਖੜੋਤੀ ਹੋਈ ਚੜ੍ਹਦੇ ਸੂਰਜ ਨੂੰ ਨਿਹਾਰ ਰਹੀ ਸੀ। ਚੜ੍ਹਦੇ ਸੂਰਜ ਦੀ ਲਾਲੀ 'ਚ ਭਿੱਜੀ ਚੰਦਰ ਬਦਨ ਉਹਨੂੰ ਘਾਇਲ ਕਰ

ਗਈ। ਉਹ ਸੋਚਣ ਲੱਗਿਆ ਜੇ ਚੰਦਰ ਮੇਰੀ ਬਣ ਜਾਵੇ ਤਾਂ ਸਾਰੀ ਦੁਨੀਆਂ ਦੀ ਦੌਲਤ ਇਹਦੇ 'ਤੇ ਨਿਛਾਵਰ ਕਰ ਦਿਆਂ। ਸੌਦਾਗਰ ਨੇ ਹਰ ਹੀਲੇ ਚੰਦਰ ਬਦਨ ਨੂੰ ਆਪਣੀ ਬਨਾਉਣ ਦਾ ਮਨੋਂ-ਮਨੀ ਫ਼ੈਸਲਾ ਕਰ ਲਿਆ। ਚੰਦਰ ਬਦਨ ਤਾਂ ਸੌਦਾਗਰ ਨੂੰ ਆਪਣੇ ਸਹੁਰੇ ਦੇ ਰੂਪ ਵਿੱਚ ਚਿਤਵ ਰਹੀ ਸੀ ਤੇ ਬਸੰਤ ਆਪਣੇ ਧਰਮ ਪਿਤਾ ਦੇ ਸਮਾਨ ਉਸ ਦਾ ਆਦਰ ਮਾਣ ਕਰਦਾ ਸੀ। ਜਦੋਂ ਮਨੁੱਖ ਦੇ ਅੰਦਰ ਬਦੀ ਉਠਦੀ ਹੈ ਤਾਂ ਉਹ ਚੰਗੇ ਮਾੜੇ ਦੀ ਪਹਿਚਾਣ ਭੁੱਲ ਜਾਂਦਾ ਹੈ। ਇੱਕ ਦਿਨ ਕੀ ਹੋਇਆ ਸੌਦਾਗਰ ਤੇ ਬਸੰਤ ਜਹਾਜ਼ ਦੇ ਤਖ਼ਤੇ 'ਤੇ ਖੜ੍ਹੋਤੇ ਹੋਏ ਸਨ ਕਿ ਸਮੁੰਦਰ ਵਿੱਚੋਂ ਪਾਣੀ ਦੀ ਛੱਲ ਆਈ ਤੇ ਸੌਦਾਗਰ ਨੇ ਇਕਦਮ ਬਸੰਤ ਨੂੰ ਲੱਕੋਂ ਚੁੱਕ ਕੇ ਫੁਰਤੀ ਨਾਲ ਸਮੁੰਦਰ ਵਿੱਚ ਵਗਾਹ ਮਾਰਿਆ ਤੇ ਰੌਲਾ ਪਾ ਦਿੱਤਾ ਕਿ ਬਸੰਤ ਸਮੁੰਦਰ ਵਿੱਚ ਡਿੱਗ ਕੇ ਡੁੱਬ ਗਿਆ ਹੈ ਤੇ ਨਾਲ ਹੀ ਵਿਰਲਾਪ ਕਰਨ ਲੱਗਿਆ। ਚੰਦਰ ਬਦਨ ਦਾ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਉਹ ਬਸੰਤ ਦਾ ਨਾਂ ਲੈ ਲੈ ਕੇ ਬਹੁੜੀਆਂ ਪਾ ਰਹੀ ਸੀ। ਸੌਦਾਗਰ ਵੀ ਉਸ ਨੂੰ ਧਰਵਾਸਾ ਦੇਣ ਵਿੱਚ ਕੋਈ ਕਸਰ ਨਹੀਂ ਸੀ ਛੱਡ ਰਿਹਾ। ਏਧਰ ਬਸੰਤ ਸਮੁੰਦਰ ਦੇ ਡੂੰਘੇ ਪਾਣੀਆਂ ਵਿੱਚ ਜੀਵਨ ਮੌਤ ਦੀ ਲੜਾਈ ਲੜ ਰਿਹਾ ਸੀ ਤੇ ਸਮੁੰਦਰ ਦੀਆਂ ਕਹਿਰ ਭਰੀਆਂ ਲਹਿਰਾਂ ਉਸ ਨੂੰ ਆਪਣੇ ਵਹਿਣ ਵਿੱਚ ਵਹਾਈ ਜਾ ਰਹੀਆਂ ਸਨ ਕਿ ਅਚਾਨਕ ਇੱਕ ਅਜਿਹੀ ਸੁਨਾਮੀ ਵਰਗੀ ਲਹਿਰ ਆਈ ਜਿਸ ਵਿੱਚ ਇੱਕ ਬੌਂਦਲਿਆ ਹੋਇਆ ਮਗਰਮੱਛ ਰੁੜ੍ਹਿਆ ਜਾ ਰਿਹਾ ਸੀ। ਬਸੰਤ ਨੇ ਹਿੰਮਤ ਕਰਕੇ ਉਸ ਬੌਂਦਲੇ ਹੋਏ ਮਗਰਮੱਛ ਨੂੰ ਜਾ ਜੱਫੀ ਪਾਈ ਤੇ ਮਜ਼ਬੂਤੀ ਨਾਲ ਫੜ ਲਿਆ ਤੇ ਲਹਿਰਾਂ 'ਚ ਵਹਿੰਦਾ ਹੋਇਆ ਮਗਰਮੱਛ ਉਸ ਨੂੰ ਸਮੁੰਦਰ ਦੇ ਕੰਢੇ 'ਤੇ ਲੈ ਆਇਆ ਜਿੱਥੇ ਮਾਹੀਗੀਰ ਮੱਛੀਆਂ ਪਕੜ ਰਹੇ ਸਨ। ਉਨ੍ਹਾਂ ਨੇ ਬਸੰਤ ਨੂੰ ਸਮੁੰਦਰ 'ਚੋਂ ਬਾਹਰ ਕੱਢ ਲਿਆ ਤੇ ਤੁਰੰਤ ਹੀ ਕਈ ਓਹੜ ਪੋਹੜ ਕਰਕੇ ਉਹਦੀ ਜਾਨ ਬਚਾ ਲਈ ਅਤੇ ਆਪਣੇ ਘਰ ਲੈ ਆਏ। ਮਿਸਰ ਦਾ ਇੱਕ ਮਾਲੀ, ਜੋ ਮਾਹੀਗੀਰਾਂ ਦਾ ਜਾਣੂ ਸੀ, ਅੱਗੋਂ ਉਸ ਨੂੰ ਆਪਣੇ ਘਰ ਲੈ ਆਇਆ। ਮਾਲੀ ਮਾਲ੍ਹਣ ਦੇ ਘਰ ਕੋਈ ਔਲਾਦ ਨਹੀਂ ਸੀ। ਉਹ ਉਸ ਨੂੰ ਪੁੱਤਰ ਵਾਂਗ ਸਮਝਦੇ ਹੋਏ ਉਸ ਨੂੰ ਹਰ ਪੱਖੋਂ ਖ਼ੁਸ਼ੀ ਪ੍ਰਦਾਨ ਕਰਨ ਦਾ ਯਤਨ ਕਰ ਰਹੇ ਸਨ। ਉਹ ਹੁਣ ਉਨ੍ਹਾਂ ਦੇ ਘਰ ਖ਼ੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ। ਮਾਲਣ ਨੂੰ ਉਸ ਨੇ ਸਾਰੀ ਹੋਈ ਬੀਤੀ ਸੁਣਾਈ। ਉਸ ਨੇ ਆਖਿਆ, "ਪਰਮਾਤਮਾ ਉਸ ਦੀ ਸਾਰ ਲਵੇਗਾ ਤੇ ਚੰਦਰ ਬਦਨ ਉਸ ਨੂੰ ਜ਼ਰੂਰ ਮਿਲੇਗੀ।"

ਸੌਦਾਗਰ ਨੇ ਚੰਦਰ ਬਦਨ ਨੂੰ ਆਪਣੇ ਵੱਸ ਵਿੱਚ ਕਰਨ ਲਈ ਕਈ ਹੀਲੇ ਵਰਤੇ, ਡਰਾਇਆ-ਧਮਕਾਇਆ ਵੀ। ਆਖ਼ਰ ਸੌਦਾਗਰ ਤੋਂ ਖਹਿੜਾ ਛੁਡਾਉਣ ਲਈ ਇੱਕ ਦਿਨ ਚੰਦਰ ਬਦਨ ਨੇ ਚਾਲ ਚੱਲੀ, "ਤੁਸੀਂ ਮੈਨੂੰ ਇੱਕ ਸਾਲ ਦਾ ਸਮਾਂ ਦੇਵੋ। ਇਸ ਸਮੇਂ ਦੌਰਾਨ ਜੇ ਬਸੰਤ ਜਿਉਂਦਾ ਮਿਲ ਗਿਆ ਤਾਂ ਵਾਹ ਭਲੀ, ਨਹੀਂ ਤੁਹਾਡੇ ਨਾਲ ਰੀਤੀ ਅਨੁਸਾਰ ਸ਼ਾਦੀ ਕਰਵਾ ਲਵਾਂਗੀ।"

ਸੌਦਾਗਰ ਤਾਂ ਉਹਨੂੰ ਪ੍ਰਾਪਤ ਕਰਨ ਲਈ ਇੱਕ ਸਾਲ ਤਾਂ ਕੀ ਕਈ ਸਾਲ ਉਡੀਕਣ ਲਈ ਤਿਆਰ ਸੀ।

ਜਹਾਜ਼ ਵਾਪਸੀ 'ਤੇ ਮਿਸਰ ਵੱਲ ਨੂੰ ਆ ਰਿਹਾ ਸੀ ਤੇ ਚੰਦਰ ਬਦਨ ਸੌਦਾਗਰ ਦੀ ਰੋਜ਼ ਦੀ ਛੇੜਛਾੜ ਤੋਂ ਨਿਸ਼ਚਿੰਤ ਹੋ ਕੇ ਬਸੰਤ ਦੀ ਯਾਦ 'ਚ ਖੋਈ ਸੁਪਨਮਈ ਸੰਸਾਰ ਵਿੱਚ ਖੋ ਗਈ ਸੀ ਤੇ ਉਧਰ ਬਸੰਤ ਮਾਲਣ ਦੇ ਘਰ ਜਹਾਜ਼ ਦੀ ਵਾਪਸੀ ਦੀ ਉਡੀਕ ਕਰ ਰਿਹਾ ਸੀ।

ਆਖ਼ਰ ਜਹਾਜ਼ ਮਿਸਰ ਦੇ ਸਾਹਿਲ 'ਤੇ ਆਣ ਲੱਗਾ। ਬਸੰਤ ਤਾਂ ਚੰਦਰ ਦਾ ਹਾਲ ਜਾਣਨ ਲਈ ਬੇਤਾਬ ਸੀ। ਮਾਲਣ ਫੁੱਲਾਂ ਦੇ ਹਾਰ ਤੇ ਗੁਲਦਸਤੇ ਲੈ ਕੇ ਜਹਾਜ਼ 'ਤੇ ਪੁੱਜ ਗਈ ਤੇ ਚੰਦਰ ਬਦਨ ਦੇ ਗਲ 'ਚ ਹਾਰ ਪਾਉਂਦਿਆਂ ਹੌਲੇ ਦੇਣੇ ਬੋਲੀ, "ਬੇਟਾ, ਉਦਾਸ ਨਾ ਹੋ ਤੇਰਾ ਸੁਹਾਗ ਜਿਉਂਦਾ ਹੈ। ਬਸੰਤ ਮੇਰੇ ਘਰ ਹੈ। ਉਸ ਨੇ ਸਾਰੀ ਹੱਡਬੀਤੀ ਸੁਣਾਈ ਐ। ਉਹ ਤੇਰੀ ਯਾਦ ਵਿੱਚ ਤੜਪ ਰਿਹਾ ਹੈ। ਮੈਂ ਕੱਲ੍ਹ ਨੂੰ ਫੇਰ ਆਵਾਂਗੀ ਗੁਲਦਸਤਾ ਲੈ ਕੇ...।"

ਐਨਾ ਆਖ ਮਾਲਣ ਜਹਾਜ਼ ਤੋਂ ਪਰਤ ਆਈ ਤੇ ਚੰਦਰ ਬਦਨ ਦੇ ਚਿਹਰੇ 'ਤੇ ਅਨੂਠੀ ਖ਼ੁਸ਼ੀ ਦੀਆਂ ਲਹਿਰਾਂ ਲਹਿ-ਲਹਾਉਣ ਲੱਗੀਆਂ ਤੇ ਉਹਦੇ ਮਨ ਦਾ ਮੋਰ ਪੈਲਾਂ ਪਾਉਣ ਲੱਗਾ। ਮਾਲਣ ਨੇ ਘਰ ਆ ਕੇ ਜਦੋਂ ਬਸੰਤ ਨੂੰ ਚੰਦਰ ਬਦਨ ਦੇ ਪਤੀ ਬ੍ਰਤਾ ਧਰਮ 'ਤੇ ਕਾਇਮ ਰਹਿਣ ਦੀ ਗੱਲ ਦੱਸੀ ਤਾਂ ਉਹਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬਸੰਤ ਨੂੰ ਇਸ ਗੱਲ ਦਾ ਤਾਂ ਪਤਾ ਲੱਗ ਗਿਆ ਸੀ ਕਿ ਰਾਜਾ ਰੂਪ ਉਹਦਾ ਭਰਾ ਹੈ। ਉਸ ਤਕ ਪਹੁੰਚ ਕਰਨ ਅਤੇ ਚੰਦਰ ਬਦਨ ਨੂੰ ਸੌਦਾਗਰ ਦੇ ਚੁੰਗਲ ਤੋਂ ਬਚਾਉਣ ਲਈ ਉਹਨੇ ਇੱਕ ਵਿਉਂਤ ਬਣਾਈ। ਉਹਨੇ ਮਾਲਣ ਹੱਥ ਇੱਕ ਸੁਨੇਹਾ ਚੰਦਰ ਬਦਨ ਨੂੰ ਭੇਜਿਆ, "ਚੰਦਰ, ਸ਼ੁਕਰ ਐ ਖੁਦਾ ਦਾ ਤੰੂ ਡੋਲੀ ਨਹੀਂ। ਸੌਦਾਗਰ ਨੂੰ ਆਖ ਕਿ ਉਹ ਤੇਰੇ ਨਾਲ ਵਿਆਹ ਕਰਾਉਣ ਤੋਂ ਪਹਿਲਾਂ ਤੈਨੂੰ ਰੂਪ ਬਸੰਤ ਦੀ ਕਥਾ ਸੁਣਾਉਣ ਦਾ ਪ੍ਰਬੰਧ ਕਰੇ।"

ਮਾਲਣ ਗੁਲਦਸਤਾ ਭੇਟ ਕਰਨ ਦੇ ਪੱਜ ਬਸੰਤ ਦਾ ਸੁਨੇਹਾ ਚੰਦਰ ਬਦਨ ਨੂੰ ਦੇ ਆਈ। ਉਹਨੇ ਸੌਦਾਗਰ ਨੂੰ ਆਖਿਆ, "ਮਾਲਕ, ਮੈਂ ਤੁਹਾਨੂੰ ਹੋਰ ਤੜਪਾਉਣਾ ਨਹੀਂ ਚਾਹੁੰਦੀ, ਵਿਆਹ ਕਰਾਉਣ ਲਈ ਹੁਣੇ ਤਿਆਰ ਹਾਂ। ਵਿਆਹ ਤੋਂ ਪਹਿਲਾਂ ਰੀਤੀ ਅਨੁਸਾਰ ਮੈਂ ਰੂਪ ਬਸੰਤ ਦੀ ਕਥਾ ਸੁਣਨਾ ਚਾਹੁੰਦੀ ਹਾਂ। ਤਦ ਹੀ ਵਿਆਹ ਸੰਪੂਰਨ ਹੋਵੇਗਾ।" "ਚੰਦਰ ਤੇਰੀ ਇਹ ਮੰਗ ਵੀ ਪੂਰੀ ਹੋ ਜਾਵੇਗੀ, ਤੇਰੇ ਲਈ ਤਾਂ ਮੈਂ ਪਹਾੜ ਵੀ ਖ਼ੁਣ ਸਕਦਾ ਹਾਂ। ਅੱਜ ਹੀ ਰਾਜਾ ਰੂਪ ਦੇ ਦਰਬਾਰ 'ਚ ਜਾ ਕੇ ਇਸ ਦਾ ਪ੍ਰਬੰਧ ਕਰਦਾ ਹਾਂ।"

ਸੌਦਾਗਰ ਨੇ ਰਾਜਾ ਰੂਪ ਦੇ ਦਰਬਾਰ ਵਿੱਚ ਜਾ ਅਰਜ਼ ਗੁਜ਼ਾਰੀ। ਰੂਪ ਤਾਂ ਆਪ ਇਹ ਕਥਾ ਸੁਣਨ ਲਈ ਉਤਾਵਲਾ ਸੀ। ਉਹਨੇ ਸਾਰੇ ਰਾਜ ਵਿੱਚ ਡੌਂਡੀ ਪਿਟਵਾ ਦਿੱਤੀ ਕਿ ਜਿਹੜਾ ਵਿਅਕਤੀ ਰਾਜ ਦਰਬਾਰ ਵਿੱਚ ਆ ਕੇ ਰੂਪ ਬਸੰਤ ਦੀ ਕਥਾ ਸੁਣਾਵੇਗਾ ਉਹਨੂੰ ਮੂੰਹ ਮੰਗਿਆ ਇਨਾਮ ਮਿਲੇਗਾ।

ਅਗਲੀ ਭਲਕ ਮਾਲੀ ਨੇ ਰਾਜਾ ਰੂਪ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਅਰਜ਼ ਕੀਤੀ,"ਮਹਾਰਾਜ ਮੇਰੀ ਬੇਟੀ ਰੂਪ ਬਸੰਤ ਦੀ ਕਥਾ ਜਾਣਦੀ ਹੈ। ਉਹਨੇ ਕਦੇ ਪਰਾਏ ਮਰਦ ਦਾ ਮੂੰਹ ਨਹੀਂ ਵੇਖਿਆ। ਮੇਰੇ ਘਰ ਤੋਂ ਸਾਰੇ ਰਾਹ ਵਿੱਚ

ਕਨਾਤਾਂ ਲਗਵਾ ਦੇਵੋ। ਉਹ ਡੋਲੀ 'ਚ ਬੈਠ ਕੇ ਤੁਹਾਡੇ ਦਰਬਾਰ 'ਚ ਹਾਜ਼ਰ ਹੋਵੇਗੀ ਤੇ ਕਥਾ ਸੁਣਾਵੇਗੀ।

ਬਸੰਤ ਨੂੰ ਡਰ ਸੀ ਕਿ ਪਹਿਲਾਂ ਵਾਂਗ ਕੋਤਵਾਲ ਉਹਨੂੰ ਪਛਾਣ ਨਾ ਲਵੇ। ਇਸ ਲਈ ਉਹਨੇ ਆਪਣਾ ਭੇਸ ਬਦਲ ਕੇ ਰਾਜ ਦਰਬਾਰ ਵਿੱਚ ਜਾਣ ਦੀ ਵਿਉਂਤ ਬਣਾਈ ਸੀ।

ਸਾਰੇ ਰਾਹ ਵਿੱਚ ਕਨਾਤਾਂ ਲੱਗ ਗਈਆਂ। ਮਾਲ਼ਣ ਨੇ ਬਸੰਤ ਦਾ ਸਿਰ ਗੁੰਦ ਕੇ ਉਸ ਨੂੰ ਇੱਕ ਖ਼ੂਬਸੂਰਤ ਮੁਟਿਆਰ ਦੇ ਰੂਪ ਵਿੱਚ ਸ਼ਿੰਗਾਰ ਦਿੱਤਾ ਤੇ ਕਹਾਰ ਉਸ ਨੂੰ ਡੋਲੀ ਵਿੱਚ ਬਿਠਾ ਕੇ ਰਾਜ ਦਰਬਾਰ ਵਿੱਚ ਲੈ ਆਏ।

ਰਾਜ ਦਰਬਾਰ ਵਿੱਚ ਖ਼ੂਬ ਰੌਣਕਾਂ ਸਨ। ਰਾਜਾ ਰੂਪ ਰਾਜ ਸਿੰਘਾਸਣ 'ਤੇ ਬਿਰਾਜਮਾਨ ਸੀ। ਸੌਦਾਗਰ ਅਤੇ ਹੋਰ ਅਹਿਲਕਾਰ ਰਾਜੇ ਦੇ ਨਾਲ ਸੁਸ਼ੋਭਤ ਸਨ ਤੇ ਚੰਦਰ ਬਦਨ ਰਾਜ ਮਹਿਲ ਦੇ ਚਿਲਮਨ ਵਿੱਚ ਬੈਠੀ ਹੋਈ ਸੀ।

ਮਾਲਣ ਦੀ ਧੀ ਨੇ ਕਥਾ ਸ਼ੁਰੂ ਕਰਨ ਲਈ ਰਾਜਾ ਰੂਪ ਪਾਸੋਂ ਆਗਿਆ ਮੰਗੀ,"ਮਹਾਰਾਜ ਆਗਿਆ ਹੋਵੇ ਤਾਂ ਕਥਾ ਸ਼ੁਰੂ ਕਰਾਂ।"

"ਆਗਿਆ ਹੈ! ਨਿਰਵਿਘਨ ਸੁਣਾਓ!" ਰੂਪ ਨੇ ਹੱਥ ਖੜ੍ਹਾ ਕਰਕੇ ਆਗਿਆ ਦੇ ਦਿੱਤੀ। ਮਾਲਣ ਦੀ ਧੀ ਬਣੇ ਬਸੰਤ ਨੇ ਜਦੋਂ ਵੈਰਾਗਮਈ ਬੋਲਾਂ ਵਿੱਚ ਰੂਪ ਬਸੰਤ ਦੀ ਕਥਾ ਸ਼ੁਰੂ ਕੀਤੀ ਤਾਂ ਸਾਰੇ ਦਰਬਾਰ ਵਿੱਚ ਸੰਨਾਟਾ ਛਾ ਗਿਆ। ਉਸ ਨੇ ਆਪਣੇ ਪਿੰਡੇ 'ਤੇ ਹੰਢਾਈ ਕਥਾ ਨੂੰ ਅਜਿਹੇ ਮਾਰਮਿਕ ਸ਼ਬਦਾਂ ਵਿੱਚ ਬਿਆਨ ਕੀਤਾ ਕਿ ਰਾਜਾ ਰੂਪ ਦੀਆਂ ਅੱਖੀਆਂ ਵਿੱਚੋਂ ਵੈਰਾਗ ਦੇ ਅੱਥਰੂਆਂ ਦੀਆਂ ਧਾਰਾਂ ਵਹਿ ਤੁਰੀਆਂ। ਕਥਾ ਸੁਣਦਿਆਂ ਜਦੋਂ ਉਸ ਨੇ ਆਪਣੇ ਰਾਜ ਦੇ ਕੋਤਵਾਲ, ਚੌਕੀਦਾਰ ਅਤੇ ਵੇਸਵਾ ਦੇ ਬਸੰਤ ਪ੍ਰਤੀ ਅਪਣਾਏ ਵਤੀਰੇ ਦਾ ਬਿਰਤਾਂਤ ਸੁਣਿਆ ਤਾਂ ਉਸ ਨੇ ਉਨ੍ਹਾਂ ਨੂੰ ਉਸੇ ਵਕਤ ਗ੍ਰਿਫ਼ਤਾਰ ਕਰਨ ਦਾ ਹੁਕਮ ਸੁਣਾ ਦਿੱਤਾ।

ਕਥਾ ਸੁਣ ਰਹੇ ਸੌਦਾਗਰ ਦੇ ਦਿਲ ਨੂੰ ਉਦੋਂ ਹੀ ਕਾਂਬਾ ਛਿੜ ਪਿਆ ਜਦੋਂ ਮਾਲਣ ਦੀ ਧੀ ਨੇ ਬਸੰਤ ਨੂੰ ਬਲੀ ਦੇਣ ਲਈ ਸੌਦਾਗਰ ਦੇ ਹਵਾਲੇ ਕਰਨ ਦਾ ਕਿੱਸਾ ਸ਼ੁਰੂ ਕੀਤਾ। ਜਦੋਂ ਰਾਜਾ ਰੂਪ ਨੇ ਸੌਦਾਗਰ ਵੱਲੋਂ ਚੰਦਰ ਬਦਨ ਨੂੰ ਆਪਣੀ ਬਣਾਉਣ ਖਾਤਰ ਬਸੰਤ ਨੂੰ ਸਮੁੰਦਰ ਵਿੱਚ ਸੁੱਟਣ ਦਾ ਬਿਰਤਾਂਤ ਸੁਣਿਆ ਤਾਂ ਉਹ ਇਕਦਮ ਅੱਗ ਬਗੂਲਾ ਹੋ ਗਿਆ ਤੇ ਤੁਰੰਤ ਹੀ ਸੌਦਾਗਰ ਨੂੰ ਹੱਥਕੜੀਆਂ ਲਾਉਣ ਦੇ ਆਦੇਸ਼ ਦੇ ਦਿੱਤੇ।

ਰੂਪ ਦੀ ਹਾਲਤ ਹੁਣ ਵੇਖੀ ਨਹੀਂ ਸੀ ਜਾਂਦੀ ਤੇ ਭੁੱਬਾਂ ਮਾਰ-ਮਾਰ ਰੋ ਰਿਹਾ ਸੀ। "ਦਿਲ ਥੋੜ੍ਹਾ ਨਾ ਕਰ ਰਾਜਨ! ਬਸੰਤ ਡੁੱਬਿਆ ਨਹੀਂ! ਜਿਉਂਦਾ ਹੈ।" ਮਾਲਣ ਦੀ ਧੀ ਨੇ ਕਥਾ ਅਗਾਂਹ ਤੋਰੀ, "ਰਾਜਨ ਕੁਦਰਤ ਦੇ ਰੰਗ ਨਿਆਰੇ ਨੇ। ਬਸੰਤ ਨੇ ਹਿੰਮਤ ਨਾ ਹਾਰੀ ਉਹ ਸਮੁੰਦਰ ਦੀਆਂ ਖ਼ੂਨੀ ਛੱਲਾਂ ਨਾਲ ਘੋਲ ਕਰਦਾ ਹੋਇਆ ਸਾਗਰ ਦੇ ਕੰਢੇ ਆਣ ਲੱਗਾ ਜਿੱਥੇ ਮਾਹੀਗੀਰ ਮੱਛੀਆਂ ਫੜ ਰਹੇ ਸਨ। ਉਨ੍ਹਾਂ ਨੇ ਬੇਸੁੱਧ ਬਸੰਤ ਨੂੰ ਹੋਸ਼ ਵਿੱਚ ਲਿਆਂਦਾ ਤੇ ਉਹ

ਹੁਣ ਮਾਲਣ ਦੀ ਧੀ ਦੇ ਭੇਸ ਵਿੱਚ ਤੁਹਾਨੂੰ ਕਥਾ ਸੁਣਾ ਰਿਹਾ ਹੈ।"

ਕਥਾ ਦਾ ਆਖਰੀ ਵਾਕ ਸੁਣਦੇ ਸਾਰ ਹੀ ਰਾਜਾ ਰੂਪ ਆਪਣੇ ਸਿੰਘਾਸਣ ਤੋਂ ਇਕਦਮ ਉੱਠ ਖੜ੍ਹਾ ਹੋਇਆ ਤੇ ਦੌੜ ਕੇ ਬਸੰਤ ਨੂੰ ਆ ਗਲਵੱਕੜੀ ਪਾਈ! ਦੋਨੋਂ ਕਾਫ਼ੀ ਸਮਾਂ ਹਉਕੇ ਤੇ ਸਿਸਕੀਆਂ ਭਰਦੇ ਰਹੇ।... ਸਾਰੇ ਰਾਜ ਦਰਬਾਰੀਆਂ ਦੀਆਂ ਅੱਖੀਆਂ ਨਮ ਸਨ। ਚੰਦਰ ਬਦਨ ਨੂੰ ਵੀ ਹਰਮ ਵਿੱਚੋਂ ਬੁਲਾ ਲਿਆ ਗਿਆ। ਬਸੰਤ ਤੇ ਚੰਦਰ ਬਦਨ ਆਪੋ ਵਿੱਚ ਮਿਲ ਕੇ ਸਰਸ਼ਾਰ ਹੋ ਗਏ। ਖ਼ੁਸ਼ੀਆਂ ਦਾ ਕੋਈ ਪਾਰਾ-ਵਾਰ ਨਹੀਂ ਸੀ। ਰਾਜਧਾਨੀ ਵਿੱਚ ਦੀਪਮਾਲਾ ਕੀਤੀ ਗਈ ਤੇ ਖੈਰਾਤਾਂ ਵੰਡੀਆਂ ਗਈਆਂ।

ਰਾਜਾ ਰੂਪ ਦੇ ਹੁਕਮ 'ਤੇ ਬਸੰਤ ਦੇ ਧਰਮ ਮਾਤਾ-ਪਿਤਾ ਘੁਮਾਰ ਤੇ ਘੁਮਾਰੀ ਅਤੇ ਮਾਲੀ-ਮਾਲ੍ਹਣ ਨੂੰ ਢੇਰ ਸਾਰੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਉਪਰੰਤ ਬਸੰਤ ਦੇ ਜੀਵਨ ਦਾਤੇ ਜੋਗੀ ਮੰਗਲ ਨਾਥ ਦੀ ਭਾਲ ਕਰਕੇ ਉਸ ਨੂੰ ਵੀ ਰਾਜ ਦਰਬਾਰ ਵਿੱਚ ਸ਼ਾਹੀ ਸਨਮਾਨ ਨਾਲ ਨਿਵਾਜਿਆ ਗਿਆ। ਕੋਤਵਾਲ, ਚੌਕੀਦਾਰ, ਵੇਸਵਾ ਅਤੇ ਸੌਦਾਗਰ ਨੂੰ ਸਖ਼ਤ ਸਜ਼ਾਵਾਂ ਭੁਗਤਣ ਲਈ ਜੇਲ੍ਹ ਭੇਜ ਦਿੱਤਾ ਗਿਆ।

ਕੁਝ ਸਮਾਂ ਮਿਸਰ ਦੀ ਰਾਜਧਾਨੀ 'ਚ ਰਹਿਣ ਮਗਰੋਂ ਰੂਪ ਤੇ ਬਸੰਤ ਆਪਣੇ ਪਿਤਾ ਨੂੰ ਮਿਲਣ ਲਈ ਸੰਗਲਾਦੀਪ ਆਏ। ਖੜਗ ਸੈਨ ਹੁਣ ਬੁੱਢਾ ਹੋ ਚੁੱਕਿਆ ਸੀ ਅਤੇ ਚੰਦਰਵਤੀ ਕਈ ਵਰ੍ਹੇ ਪਹਿਲਾਂ ਆਪਣੇ ਅੰਤਹਿਕਰਣ ਦੀ ਆਵਾਜ਼ ਸੁਣ ਕੇ ਪਸ਼ਚਾਤਾਪ ਵਿੱਚ ਮਹੁਰਾ ਚੱਟ ਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਚੁੱਕੀ ਸੀ। ਦੋਹਾਂ ਪੁੱਤਰਾਂ ਨੂੰ ਮਿਲ ਕੇ ਖੜਗ ਸੈਨ ਦੇ ਝੁਰੜਾਏ ਚਿਹਰੇ 'ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸ ਨੇ ਬਸੰਤ ਨੂੰ ਸੰਗਲਾਦੀਪ ਦਾ ਰਾਜ-ਭਾਗ ਸੰਭਾਲ ਦਿੱਤਾ ਤੇ ਆਪ ਬਣ-ਪ੍ਰਸਤ ਧਾਰਨ ਕਰ ਲਿਆ। ਕੁਝ ਦਿਨਾਂ ਮਗਰੋਂ ਰੂਪ ਮਿਸਰ ਦੀ ਰਾਜਧਾਨੀ ਨੂੰ ਪਰਤ ਆਇਆ।

# Dulla Bhatti-Sukhdev Madpuri

# ਦੁੱਲਾ ਭੱਟੀ ਸੁਖਦੇਵ ਮਾਦਪੁਰੀ

ਕਿਹਾ ਜਾਂਦਾ ਹੈ ਕਿ ਇਕ ਪਿੰਡ ਵਿੱਚ ਇਕ ਗ਼ਰੀਬ ਬ੍ਰਾਹਮਣ ਰਹਿੰਦਾ ਸੀ। ਉਸ ਦੇ ਦੋ ਮੁਟਿਆਰ ਧੀਆਂ ਸਨ। ਉਹ ਦੋਨੋ ਮੰਗੀਆਂ ਹੋਈਆਂ ਸਨ, ਪ੍ਰੰਤੂ ਉਹ ਗ਼ਰੀਬੀ ਕਾਰਨ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਿਆ। ਉਸ ਇਲਾਕੇ ਦਾ ਮੁਗ਼ਲ ਹਾਕਮ ਬੜਾ ਨਿਰਦਈ ਸੀ। ਉਹ ਨੌਜਵਾਨ ਕੁਆਰੀਆਂ ਕੁੜੀਆਂ ਨੂੰ ਜ਼ੋਰੀਂ ਚੁੱਕ ਕੇ ਲੈ ਜਾਇਆ ਕਰਦਾ ਸੀ। ਉਸ ਹਾਕਮ ਦੇ ਕੰਨੀਂ ਸੁੰਦਰੀ-ਮੁੰਦਰੀ ਦੇ ਹੁਸਨ ਦੀ ਕਨਸੋਅ ਪਈ। ਉਸ ਨੇ ਇਨ੍ਹਾਂ ਨੂੰ ਜ਼ੋਰੀਂ ਚੁੱਕਣ ਦੀ ਵਿਉਂਤ ਬਣਾ ਲਈ। ਇਸ ਗੱਲ ਦੀ ਭਿਣਕ ਗ਼ਰੀਬ ਬ੍ਰਾਹਮਣ ਨੂੰ ਵੀ ਪੈ ਗਈ। ਉਹਨੇ ਕੁੜੀਆਂ ਦੇ ਸਹੁਰੇ ਘਰ ਜਾ ਕੇ ਆਖਿਆ ਕਿ ਉਹ ਸੁੰਦਰੀ-ਮੁੰਦਰੀ ਨੂੰ ਬਿਨਾਂ ਵਿਆਹ ਦੇ ਹੀ ਆਪਣੇ ਘਰ ਲੈ ਜਾਣ ਪ੍ਰੰਤੂ ਉਹ ਨਾ ਮੰਨੇ। ਉਹ ਹਾਕਮ ਤੋਂ ਡਰਦੇ ਸਨ ਤੇ ਬਿਨਾਂ ਵਿਆਹ ਤੋਂ ਕੁੜੀਆਂ ਆਪਣੇ ਘਰ ਲਿਜਾਣ ਲਈ ਰਾਜ਼ੀ ਨਾ ਹੋਏ। ਬ੍ਰਾਹਮਣ ਪਾਸ ਉਸ ਸਮੇਂ ਦੋ ਇਕੱਠੇ ਵਿਆਹ ਕਰਨ ਦੀ ਪਰੈਖੋਂ ਨਹੀਂ ਸੀ। ਉਹ ਨਿਰਾਸ਼ ਹੋਇਆ ਘਰ ਨੂੰ ਮੁੜ ਪਿਆ। ਰਾਹ ਵਿੱਚ ਜੰਗਲ ਪੈਂਦਾ ਸੀ, ਜਿੱਥੇ ਦੁੱਲਾ ਭੱਟੀ ਨਾਂ ਦਾ ਸੂਰਮਾ ਡਾਕੂ ਆਮ ਵਿਚਰਦਾ ਸੀ। ਇਸ ਤੋਂ ਸਾਰੇ ਡਰਦੇ ਸਨ। ਦੁੱਲਾ ਭੱਟੀ ਗਰੀਬਾਂ ਦਾ ਬੜਾ ਹਮਦਰਦ ਸੀ। ਉਹ ਅਮੀਰਾਂ ਤੇ ਜਾਬਰਾਂ ਨੂੰ ਲੁੱਟਦਾ ਸੀ ਤੇ ਲੁੱਟ ਦਾ ਮਾਲ ਗ਼ਰੀਬਾਂ ਵਿੱਚ ਵੰਡ ਦਿੰਦਾ ਸੀ। ਉਸ ਬ੍ਰਾਹਮਣ ਨੂੰ ਜੰਗਲ ਵਿੱਚ ਆ ਕੇ ਦੁੱਲਾ ਭੱਟੀ ਦਾ ਖਿਆਲ ਆਇਆ। ਉਹ ਦੁੱਲੇ ਦੀ ਭਾਲ ਕਰਦਾ ਹੋਇਆ ਦੁੱਲੇ ਪਾਸ ਪੁੱਜ ਗਿਆ ਤੇ ਉਸ ਨੂੰ ਆਪਣੀ ਵੇਦਨਾ ਜਾ ਸੁਣਾਈ। ਦੁੱਲੇ ਨੇ ਆਖਿਆ "ਤੂੰ ਕੋਈ ਫਿਕਰ ਨਾ ਕਰ, ਤੇਰੀਆਂ ਧੀਆਂ ਮੇਰੀਆਂ ਧੀਆਂ ਹਨ। ਮੈਂ ਉਨ੍ਹਾਂ ਦਾ ਵਿਆਹ ਆਪਣੇ ਹੱਥੀਂ ਆਪ ਕਰਾਂਗਾ- ਤੂੰ ਨਿਸਚਿੰਤ ਹੋ ਕੇ ਆਪਣੇ ਘਰ ਨੂੰ ਮੁੜ ਜਾਹ।"

ਦੁੱਲੇ ਨੇ ਕੁੜੀਆਂ ਦੇ ਬਾਪ ਤੇ ਸਹੁਰੇ ਦਾ ਥਹੁ-ਪਤਾ ਪੁੱਛ ਕੇ ਵਿਆਹ ਦਾ ਦਿਨ ਧਰ ਦਿੱਤਾ। ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿੱਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ। ਦੁੱਲੇ ਨੇ ਆਲੇ-ਦੁਆਲੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿੱਚ ਜਿਨ੍ਹਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਨ੍ਹਾਂ ਦੇ ਬਾਲ ਜਨਮੇ ਸਨ ਉਨ੍ਹਾਂ ਨੇ ਵੀ ਸੁੰਦਰ-ਮੁੰਦਰੀ ਦੇ ਵਿਆਹ 'ਤੇ ਆਪਣੇ ਵੱਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿੱਚ ਦਾਨ ਦਿੱਤਾ। ਦੁੱਲੇ ਕੋਲ ਕੰਨਿਆ-ਦਾਨ ਦੇਣ ਲਈ ਇਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ-ਲੱਖ ਸ਼ੁਕਰ ਕੀਤਾ। ਕਿਹਾ ਜਾਂਦਾ ਹੈ ਕਿ ਉਦੋਂ

ਤੋਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ।

ਸੁੰਦਰ ਮੁੰਦਰੀਏ ਲੋਕ ਗੀਤ ਦੇ ਬੋਲ ਹਨ:

ਸੁੰਦਰ ਮੁੰਦਰੀਏ- ਹੋ

ਤੇਰਾ ਕੌਣ ਵਿਚਾਰਾ- ਹੋ

ਦੁੱਲਾ ਭੱਟੀ ਵਾਲਾ- ਹੋ

ਦੁੱਲੇ ਧੀ ਵਿਆਹੀ- ਹੋ

ਸੇਰ ਸ਼ੱਕਰ ਪਾਈ- ਹੋ

ਕੁੜੀ ਦੇ ਬੋਝੇ ਪਾਈ- ਹੋ

ਕੁੜੀ ਦਾ ਲਾਲ ਪਟਾਕਾ- ਹੋ

ਕੁੜੀ ਦਾ ਸਾਲੂ ਪਾਟਾ- ਹੋ

ਸਾਲੂ ਕੌਣ ਸਮੇਟੇ- ਹੋ

ਚਾਚਾ ਗਾਲੀ ਦੇਸੇ- ਹੋ

ਚਾਚਾ ਚੂਰੀ ਕੁੱਟੀ- ਹੋ

ਜ਼ੀਮੀਂਦਾਰ ਲੁੱਟੀ- ਹੋ

ਜ਼ੀਮੀਂਦਾਰ ਸਦਾਓ- ਹੋ

ਗਿਣ-ਗਿਣ ਪੌਲੇ ਲਾਓ- ਹੋ

ਦੁੱਲਾ ਭੱਟੀ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਇਕ ਹੈ। ਉਹ ਸਾਂਦਲ ਬਾਰ (ਪੱਛਮੀ ਪੰਜਾਬ ਪਾਕਿਸਤਾਨ) ਦੇ ਇਲਾਕੇ ਦਾ ਸੂਰਬੀਰ ਅਣਖੀ ਯੋਧਾ ਹੋਇਆ ਹੈ, ਜਿਸ ਨੇ ਅਕਬਰ ਜਹੇ ਮੁਗ਼ਲ ਬਾਦਸ਼ਾਹ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕਰਕੇ ਆਪਣੇ ਬਾਪ ਤੇ ਦਾਦੇ ਦੀ ਮੌਤ ਦਾ ਬਦਲਾ ਲੈਣ ਲਈ ਆਪਣੀ ਸ਼ਹਾਦਤ ਦੇ ਦਿੱਤੀ ਤੇ

ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਲੱਗਾ।

ਇਹ ਵਾਰਤਾ ਅਕਬਰ ਸਮਰਾਟ ਦੇ ਰਾਜ ਸਮੇਂ ਦੀ ਹੈ। ਦੁੱਲੇ ਦਾ ਬਾਪ ਫਰੀਦ ਮੁਸਲਮਾਨ ਭੱਟੀ ਰਾਜਪੂਤ ਸੀ। ਉਹ ਲਾਹੌਰ ਦੇ ਲਾਗੇ ਸਾਂਦਲ ਬਾਰ ਦੇ ਇਲਾਕੇ ਵਿੱਚ ਰਹਿੰਦਾ ਸੀ। ਉਹਦਾ ਬਾਪ ਬੜਾ ਬਹਾਦਰ ਅਤੇ ਅੜਬ ਸੁਭਾਅ ਦਾ ਮਾਲਕ ਸੀ। ਉਹ ਮੁਗ਼ਲ ਸਰਕਾਰ ਦੀ ਈਨ ਮੰਨਣ ਤੋਂ ਇਨਕਾਰੀ ਸਨ- ਮਾਰ-ਧਾੜ ਕਰਨੀ ਉਨ੍ਹਾਂ ਦਾ ਮਨ ਭਾਉਂਦਾ ਸ਼ੁਗਲ ਸੀ। ਉਨ੍ਹਾਂ ਨੇ ਬਾਦਸ਼ਾਹ ਨੂੰ ਜ਼ਮੀਨਾਂ ਦਾ ਲਗਾਨ ਦੇਣਾ ਬੰਦ ਕਰ ਦਿੱਤਾ। ਮੁਗ਼ਲ ਸਰਕਾਰ ਦੇ ਕਰਮਚਾਰੀਆਂ ਨੂੰ ਉਹ ਟਿੱਚ ਸਮਝਦੇ ਤੇ ਲੁੱਟ-ਮਾਰ ਕਰਕੇ ਭਜਾ ਦਿੰਦੇ। ਲਗਾਨ ਦੀ ਵਸੂਲੀ ਨਾ ਹੋਣ ਕਰਕੇ ਅਤੇ ਉਨ੍ਹਾਂ ਦੀਆਂ ਮਾਰਧਾੜ ਦੀਆਂ ਖ਼ਬਰਾਂ ਨੇ ਅਕਬਰ ਦੇ ਗੁੱਸੇ ਦਾ ਪਾਰਾ ਚਾੜ੍ਹ ਦਿੱਤਾ। ਅਕਬਰ ਨੇ ਉਨ੍ਹਾਂ ਦੋਨਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਦਰਬਾਰ ਵਿੱਚ ਪੇਸ਼ ਕਰਨ ਦੇ ਹੁਕਮ ਦੇ ਦਿੱਤੇ। ਮੁਗ਼ਲ ਫ਼ੌਜਾਂ ਨੇ ਫਰੀਦ ਤੇ ਉਹਦੇ ਬਾਪ ਨੂੰ ਜਾ ਫੜਿਆ ਤੇ ਅਕਬਰ ਦੇ ਲਾਹੌਰ ਦਰਬਾਰ ਵਿੱਚ ਪੇਸ਼ ਕਰ ਦਿੱਤਾ। ਅਕਬਰ ਨੇ ਅੱਗੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਉਨ੍ਹਾਂ ਦੇ ਸਿਰ ਕਲਮ ਕਰਕੇ ਲਾਸ਼ਾਂ ਵਿੱਚ ਫੂਸ ਭਰ ਕੇ ਲਾਹੌਰ ਸ਼ਹਿਰ ਦੇ ਮੁੱਖ ਦੁਆਰ 'ਤੇ ਪੁੱਠੀਆਂ ਲਟਕਾਉਣ ਦਾ ਹੁਕਮ ਦੇ ਦਿੱਤਾ... ਫਰੀਦ ਅਤੇ ਉਸ ਦਾ ਬਾਪ ਬੜ੍ਹਕਾਂ ਮਾਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਫਰੀਦ ਦੀ ਸ਼ਹਾਦਤ ਸਮੇਂ ਉਹਦੀ ਪਤਨੀ ਲੱਧੀ ਪੰਜ ਮਹੀਨੇ ਦੀ ਗਰਭਵਤੀ ਸੀ। ਫਰੀਦ ਦੀ ਮੌਤ ਤੋਂ ਚਾਰ ਮਹੀਨੇ ਪਿੱਛੋਂ ਦੁੱਲੇ ਦਾ ਜਨਮ ਹੋਇਆ। ਉਸ ਦੀ ਦਾਦੀ ਅਤੇ ਮਾਂ ਉਹਦੇ ਚਿਹਰੇ ਨੂੰ ਵੇਖ ਕੇ ਨੂਰੋ-ਨੂਰ ਹੋ ਗਈਆਂ। ਇਕ ਅਨੋਖਾ ਜਲਾਲ ਉਹਦੇ ਮੱਥੇ 'ਤੇ ਟਪਕ ਰਿਹਾ ਸੀ। ਦਾਦੀ ਦੁੱਲੇ ਤੋਂ ਮੋਹਰਾਂ ਵਾਰ-ਵਾਰ ਵੰਡ ਰਹੀ ਸੀ। ਖੁਸ਼ੀ ਸਾਂਭਿਆਂ ਸੰਭਾਲੀ ਨਹੀਂ ਸੀ ਜਾਂਦੀ। ਇਕ ਆਸ, ਇਕ ਸੁਪਨਾ ਉਨ੍ਹਾਂ ਦੇ ਸਾਹਮਣੇ ਸਾਕਾਰ ਹੁੰਦਾ ਨਜ਼ਰੀਂ ਆ ਰਿਹਾ ਸੀ।

ਕੁਦਰਤ ਦੀ ਹੋਣੀ ਵੇਖੋ ਐਨ ਉਸੇ ਦਿਨ ਅਕਬਰ ਦੇ ਘਰ ਵੀ ਪੁੱਤ ਜੰਮਿਆ। ਉਹਦਾ ਨਾਂ ਉਹਨੇ ਸ਼ੇਖੂ ਰੱਖਿਆ ਜੋ ਵੱਡਾ ਹੋ ਕੇ ਜਹਾਂਗੀਰ ਬਾਦਸ਼ਾਹ ਬਣਿਆ। ਅਕਬਰ ਨੇ ਨਜੂਮੀਆਂ ਨੂੰ ਆਖਿਆ, "ਕੋਈ ਐਸਾ ਉਪਾਅ ਦੱਸੋ ਜਿਸ ਨਾਲ ਸ਼ੇਖੂ ਸੂਰਬੀਰ, ਬਲਵਾਨ ਤੇ ਇਨਸਾਫਪਸੰਦ ਵਿਅਕਤੀ ਬਣੇ।"

ਇਕ ਨਜੂਮੀ ਨੇ ਆਖਿਆ, "ਬਾਦਸ਼ਾਹ ਸਲਾਮਤ ਆਪਣੇ ਰਾਜ ਦੀ ਅਜਿਹੀ ਬਹਾਦਰ, ਸਿਹਤਮੰਦ ਰਾਜਪੂਤ ਔਰਤ ਦਾ ਦੁੱਧ ਸ਼ੇਖੂ ਨੂੰ ਚੁੰਘਾਇਆ ਜਾਵੇ, ਜਿਸ ਨੇ ਸ਼ੇਖੂ ਦੇ ਜਨਮ ਵਾਲੇ ਦਿਨ ਹੀ ਆਪਣੇ ਪੁੱਤਰ ਨੂੰ ਜਨਮ ਦਿੱਤਾ ਹੋਵੇ।"

ਅਜਿਹੀ ਸੂਰਬੀਰ ਮਾਂ ਦੀ ਭਾਲ ਲਈ ਸਾਰੇ ਰਾਜ ਵਿੱਚ ਏਲਚੀ ਭੇਜੇ ਗਏ। ਕਿਸੇ ਲੱਧੀ ਬਾਰੇ ਜਾ ਆਖਿਆ ਕਿ

ਉਸ ਨੇ ਪੁੱਤ ਨੂੰ ਜਨਮ ਦਿੱਤਾ ਹੈ।

ਲੱਧੀ ਨੂੰ ਬਾਦਸ਼ਾਹ ਦੇ ਦਰਬਾਰ ਵਿੱਚ ਬੁਲਾਇਆ ਗਿਆ। ਬਾਦਸ਼ਾਹ ਦਾ ਹੁਕਮ ਕਿਵੇਂ ਟਾਲਦੀ... ਸ਼ੇਖੂ ਨੂੰ ਪਾਲਣ ਦੀ ਜ਼ਿੰਮੇਵਾਰੀ ਉਹਨੇ ਲੈ ਲਈ। ਮੁਗ਼ਲ ਸਰਕਾਰ ਵੱਲੋਂ ਲੱਧੀ ਦੇ ਪਿੰਡ ਹੀ ਅਨੇਕਾਂ ਸੁੱਖ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਦੁੱਲਾ ਤੇ ਸ਼ੇਖੂ ਕੱਠੇ ਪਲਣ ਲੱਗੇ- ਦੋਨੋ ਲੱਧੀ ਦਾ ਸੀਰ ਚੁੰਘਦੇ। ਦੋਹਾਂ ਨੂੰ ਉਹ ਇੱਕੋ ਜਿਹਾ ਪਿਆਰ ਦੇਂਦੀ, ਲਾਡ ਲਡਾਉਂਦੀ। ਸਮਾਂ ਆਪਣੀ ਤੋਰੇ ਤੁਰਦਾ ਰਿਹਾ...। ਸ਼ੇਖੂ ਨੇ ਆਪਣੇ ਬਾਪ ਪਾਸ ਆਖਰ ਜਾਣਾ ਹੀ ਸੀ। ਅਕਬਰ ਨੇ ਦੁੱਲੇ ਤੇ ਸ਼ੇਖੂ ਦੀ ਪ੍ਰੀਖਿਆ ਲਈ। ਘੋੜ ਸਵਾਰੀ, ਨੇਜ਼ਾਬਾਜ਼ੀ ਤੇ ਤੀਰਅੰਦਾਜ਼ੀ ਵਿੱਚ ਦੁੱਲਾ ਸ਼ੇਖੂ ਨੂੰ ਮਾਤ ਦੇ ਗਿਆ...। ਅਕਬਰ ਨੇ ਸੋਚਿਆ ਕਿਤੇ ਲੱਧੀ ਨੇ ਦੁੱਧ ਚੁੰਘਾਉਣ 'ਚ ਵਿਤਕਰਾ ਨਾ ਕੀਤਾ ਹੋਵੇ।

ਲੱਧੀ ਨੇ ਅਕਬਰ ਦੇ ਚਿਹਰੇ ਦੇ ਹਾਵ-ਭਾਵ ਵੇਖ ਕੇ ਆਖਿਆ, "ਹਜ਼ੂਰ ਮੈਂ ਤਾਂ ਦੋਹਾਂ ਨੂੰ ਇੱਕੋ ਜਿੰਨਾ ਦੁੱਧ ਚੁੰਘਾਇਐ... ।"

ਅਕਬਰ ਸ਼ੁੱਕਰਗੁਜ਼ਾਰ ਸੀ ਕਿ ਲੱਧੀ ਨੇ ਉਹਦੇ ਪੁੱਤ ਨੂੰ ਆਪਣਾ ਸਰੀਰ ਚੁੰਘਾ ਕੇ ਪਾਲਿਆ ਹੈ। ਉਹਨੇ ਇਨਾਮ ਵਜੋਂ ਬਹੁਤ ਸਾਰੀਆਂ ਮੋਹਰਾਂ ਲੱਧੀ ਦੀ ਝੋਲੀ ਪਾ ਕੇ ਆਖਿਆ,"ਮੈਂ ਤੇਰਾ ਦੇਣਾ ਤਾਂ ਨੀ ਦੇ ਸਕਦਾ। ਆਹ ਕੁਝ ਰਕਮ ਐ ਇਹਦੇ ਨਾਲ ਦੁੱਲੇ ਨੂੰ ਚੰਗੀ ਤਾਲੀਮ ਦੁਆਈਂ। ਵੱਡੇ ਹੋਣ 'ਤੇ ਮੈਂ ਇਹਨੂੰ ਆਪਣੇ ਦਰਬਾਰ 'ਚ ਵੱਡਾ ਰੁਤਬਾ ਦਿਆਂਗਾ।"

ਲੱਧੀ ਨੇ ਅਕਬਰ ਦਾ ਸ਼ੁਕਰੀਆ ਅਦਾ ਕੀਤਾ ਤੇ ਦੁੱਲੇ ਨੂੰ ਲੈ ਕੇ ਆਪਣੇ ਘਰ ਆ ਗਈ।

ਦੁੱਲੇ ਨੂੰ ਦੀਨੀ ਸਿੱਖਿਆ ਦੇਣ ਲਈ ਕਾਜ਼ੀ ਪਾਸ ਮਸੀਤੇ ਪੜ੍ਹਨੇ ਪਾਇਆ ਗਿਆ... ਉਹਨੂੰ ਨਿਯਮਬੱਧ ਕਰੜੀ ਸਿੱਖਿਆ ਪਸੰਦ ਨਾ ਆਈ। ਉਹ ਇਕ ਦਿਨ ਕਾਜ਼ੀ ਨੂੰ ਕੁੱਟ ਕੇ ਘਰ ਦੌੜ ਆਇਆ ਤੇ ਆਪਣੇ ਹਾਣੀਆਂ ਨਾਲ ਜਾ ਕੇ ਖੇਡਣ ਲੱਗ ਪਿਆ।

ਦੁੱਲਾ ਜਵਾਨੀ ਵਿੱਚ ਪੈਰ ਧਰਨ ਲੱਗਾ... ਉਹ ਅਲਬੇਲੇ ਸੁਭਾਅ ਦਾ ਮਾਲਕ ਸੀ... ਖੁਲ੍ਹੀ ਹਵਾ ਵਿੱਚ ਚੁੰਘੀਆਂ ਭਰਨ ਵਾਲਾ ਹੀਰਾ ਹਰਨ। ਉਹਨੇ ਆਪਣੇ ਪਿੰਡ ਦੇ ਮੁੰਡਿਆਂ ਦੀ ਢਾਣੀ ਬਣਾ ਲਈ ਤੇ ਉਨ੍ਹਾਂ ਦਾ ਸਰਦਾਰ ਬਣ ਕੇ ਲੱਗਾ ਅਨੋਖੀਆਂ ਹਰਕਤਾਂ ਕਰਨ। ਉਹ ਜੰਗਲ ਬੇਲਿਆਂ ਵਿੱਚ ਘੁੰਮਦੇ ਖਰਮਸਤੀਆਂ ਕਰਦੇ। ਦੁੱਲੇ ਦੀ ਚੜ੍ਹਦੀ ਜੁਆਨੀ... ਉਹਦਾ ਸਰੂਆਂ ਵਰਗਾ ਸਰੀਰ, ਗੇਲੀ ਜਿਹਾ ਜੁੱਸਾ... ਦਗ ਦਗ ਕਰਦਾ ਚਿਹਰਾ ਤੇ ਉਸ ਦਾ ਅਮੋੜ ਸੁਭਾਅ ਲੱਧੀ ਨੂੰ ਸੋਚਾਂ 'ਚ ਪਾ ਦੇਂਦਾ। ਉਹ ਇਹ ਜਾਣਦੀ ਸੀ ਕਿ ਉਹਦੇ ਬਾਪ ਫਰੀਦ ਦਾ ਵਿਦਰੋਹੀ ਖੂਨ ਉਹਦੀਆਂ ਰਗਾਂ 'ਚ ਦੌੜ ਰਿਹਾ ਹੈ...। ਇਹ ਖੂਨ ਕਿਸੇ ਵੇਲੇ ਵੀ ਉਬਾਲਾ ਖਾ ਸਕਦਾ ਸੀ। ਉਹਦੀਆਂ

ਖਰਮਸਤੀਆਂ ਤੇ ਉਲਾਂਭੇ ਲੱਧੀ ਲਈ ਸੈਆਂ ਮੁਸੀਬਤਾਂ ਖੜ੍ਹੀਆਂ ਕਰ ਸਕਦੇ ਸਨ। ਦੁੱਲੇ ਦਾ ਪਾਣੀ ਭਰਦੀਆਂ ਤੀਵੀਆਂ ਦੇ ਘੜੇ ਗੁਲੇਲਾਂ ਮਾਰ ਕੇ ਭੰਨਣ ਦਾ ਸ਼ੌਂਕ ਦਿਨੋ ਦਿਨ ਵੱਧ ਰਿਹਾ ਸੀ...। ਨਿੱਤ ਉਲਾਂਭੇ ਮਿਲਦੇ...। ਲੱਧੀ ਨੇ ਜਨਾਨੀਆਂ ਨੂੰ ਮਿੱਟੀ ਦੀਆਂ ਗਾਗਰਾਂ ਦੀ ਥਾਂ ਲੋਹੇ ਦੀਆਂ ਗਾਗਰਾਂ ਲੈ ਦਿੱਤੀਆਂ। ਪ੍ਰੰਤੂ ਉਹ ਲੋਹੇ ਦੀਆਂ ਸਾਗਾਂ ਨਾਲ ਆਪਣਾ ਸ਼ੌਂਕ ਪੂਰਾ ਕਰਦਾ ਰਿਹਾ। ਆਖਰ ਸਤੀ ਹੋਈ ਨੰਦੀ ਮਿਰਾਸਣ ਨੇ ਇਕ ਦਿਨ ਦੁੱਲੇ ਨੂੰ ਉਹਦੇ ਬਾਪ ਦਾਦੇ ਦਾ ਤਾਹਨਾ ਮਾਰਿਆ:-

ਬੋਲੀ ਮਾਰ ਕੇ ਨੰਦੀ ਫਨਾਹ ਕਰਦੀ

ਸੀਨਾ ਦੁੱਲੇ ਦਾ ਚਾਕ ਹੋ ਜਾਂਵਦਾ ਏ।

ਬਾਪ ਦਾਦੇ ਦਾ ਇਹ ਤੇ ਸੂਰਮਾ ਏ

ਕਾਹਨੂੰ ਨਿੱਤ ਗ਼ਰੀਬ ਦੁਖਾਂਵਦਾ ਏ।

ਏਥੇ ਜ਼ੋਰ ਦਖਾਂਵਦਾ ਔਰਤਾਂ ਨੂੰ

ਤੈਨੂੰ ਰਤੀ ਹਯਾ ਨਾ ਆਂਵਦਾ ਏ।

ਤੇਰੇ ਬਾਪ ਦਾਦੇ ਦੀਆਂ ਸ਼ਾਹ ਅਕਬਰ

ਖੱਲਾਂ ਪੁੱਠੀਆਂ ਚਾ ਲਹਾਂਵਦਾ ਏ।

ਖਲ, ਭੋਹ ਦੇ ਨਾਲ ਭਰਾਇਕੇ ਤੇ

ਉੱਚੇ ਬੁਰਜ ਤੇ ਚਾ ਲਟਕਾਂਵਦਾ ਏ।

ਅੱਜ ਤੀਕ ਲਾਹੌਰ ਵਿੱਚ ਲਟਕ ਰਹੀਆਂ

ਉੱਥੇ ਜ਼ੋਰ ਨਾ ਕਾਸ ਨੂੰ ਜਾਂਵਦਾ ਏ।

(ਕਿਸ਼ਨ ਸਿੰਘ ਆਰਫ)

ਨੰਦੀ ਮਿਰਾਸਣ ਦੇ ਮਿਹਣੇ ਨਾਲ ਦੁੱਲਾ ਝੰਜੋੜਿਆ ਗਿਆ। ਰਾਜਪੂਤੀ ਖ਼ੂਨ ਉਹਦੀਆਂ ਰਗਾਂ ਵਿੱਚ ਉਬਾਲੇ ਖਾਣ ਲੱਗਾ। ਉਹ ਸਿੱਧਾ ਆਪਣੀ ਮਾਂ ਲੱਧੀ ਕੋਲ ਜਾ ਕੇ ਗਰਜਿਆ, "ਮਾਂ ਮੇਰੀਏ ਸੱਚੋ-ਸੱਚ ਦੱਸ ਮੇਰੇ ਬਾਪ ਤੇ ਦਾਦੇ ਦੀ ਮੌਤ ਕਿਵੇਂ ਹੋਈ ਐ...?"

ਲੱਧੀ ਨੇ ਸਾਰੀ ਹੋਣੀ ਬੀਤੀ ਦੱਸ ਕੇ, ਆਪਣੇ ਘਰ ਦੀ ਅੰਦਰਲੀ ਕੋਠੜੀ ਦਾ ਬੂਹਾ ਖੋਲ੍ਹ ਦੁੱਲ੍ਹੇ ਨੂੰ ਕਿਹਾ, "ਸੂਰਮਿਆਂ ਪੁੱਤਾ, ਮੈਂ ਏਸੇ ਦਿਨ ਦੀ ਉਡੀਕ ਕਰਦੀ ਸੀ। ਕਦੋਂ ਮੇਰਾ ਪੁੱਤਰ ਹੋਇਆ ਗੱਭਰੂ ਆਪਣੇ ਬਾਪ ਦਾਦੇ ਦੀ ਮੌਤ ਦਾ ਬਦਲਾ ਲੈਣ ਜੋਗਾ। ਇਹ ਹਥਿਆਰ ਤੇਰੇ ਸੂਰਮੇ ਬਾਪ ਦੇ ਨੇ... ਅਣਖ ਨੂੰ ਪਾਲੀਂ ਤੇ ਆਪਣੇ ਬਾਪ ਦੇ ਖ਼ੂਨ ਦੀ ਲਾਜ ਰੱਖੀਂ ਜੀਹਨੇ ਕਿਸੇ ਨਾਢੂ ਖਾਂ ਦੀ ਟੈਂ ਨਹੀਂ ਸੀ ਮੰਨੀ। ਕਿਸੇ ਅੱਗੇ ਸਿਰ ਨਹੀਂ ਸੀ ਝੁਕਾਇਆ।"

ਲਿਸ਼ ਲਿਸ਼ ਕਰਦੇ ਹਥਿਆਰ-ਛਵੀਆਂ, ਗੰਡਾਸੇ, ਨੇਜ਼ੇ, ਟਕੂਏ ਤੇ ਤੀਰ ਕਮਾਨ ਅਤੇ ਇਕ ਨਗਾਰਾ ਵੇਖ ਦੁੱਲੇ ਦਾ ਚਿਹਰਾ ਲਾਲ ਸੂਹਾ ਹੋ ਗਿਆ... ਅਨੋਖੀਆਂ ਤਰਬਾਂ ਨੇ ਉਹਦੇ ਸਰੀਰ 'ਚ ਝਰਨਾਟਾਂ ਛੇੜ ਦਿੱਤੀਆਂ। ਸਰੀਰ ਭਾਫਾਂ ਛੱਡਣ ਲੱਗਾ... ਦੁੱਲੇ ਨਗਾਰੇ 'ਤੇ ਡੱਗਾ ਮਾਰਿਆ... ਨਗਾਰੇ ਦੀ ਧਮਕ ਲਾਹੌਰ ਦੇ ਸ਼ਾਹੀ ਮਹਿਲਾਂ ਨਾਲ ਜਾ ਟਕਰਾਈ ਜੋ ਬਗ਼ਾਵਤ ਦੀ ਸੂਚਕ ਸੀ।

ਦੁੱਲੇ ਨੇ ਪਿੰਡ ਦੇ ਸਾਰੇ ਜਵਾਨ ਕੱਠੇ ਕੀਤੇ, ਤੇ ਸਾਰੇ ਹਥਿਆਰ ਉਨ੍ਹਾਂ ਵਿੱਚ ਵੰਡ ਦਿੱਤੇ। ਉਹਨੇ ਆਪਣੇ ਮਨ ਨਾਲ ਮੁਗ਼ਲਾਂ ਵਿਰੁੱਧ ਬਗ਼ਾਵਤ ਕਰਨ ਦਾ ਫੈਸਲਾ ਕਰ ਲਿਆ। ਹੌਲੇ-ਹੌਲੇ ਪੰਜ ਸੌ ਜਵਾਨ ਉਹਦੇ ਨਾਲ ਜੁੜ ਗਏ। ਸਾਂਦਲ ਬਾਰ ਦੇ ਇਲਾਕੇ ਵਿੱਚ ਉਨ੍ਹਾਂ ਤਰਥੱਲੀ ਮਚਾ ਦਿੱਤੀ। ਜਿਹੜਾ ਵੀ ਜਾਬਰ ਉਧਰੋਂ ਲੰਘਦਾ ਉਹਨੂੰ ਉਹ ਲੁੱਟ ਲੈਂਦੇ ਤੇ ਲੁੱਟ ਦਾ ਮਾਲ ਗ਼ਰੀਬਾਂ ਵਿੱਚ ਵੰਡ ਦਿੰਦੇ। ਦੁੱਲੇ ਦੀ ਬਹਾਦਰੀ, ਨਿਡਰਤਾ, ਦਿਆਲਤਾ ਅਤੇ ਗ਼ਰੀਬ-ਪਰਵਰੀ ਦੀ ਖ਼ੁਸ਼ਬੂ ਦੂਰ-ਦੂਰ ਤਕ ਫੈਲ ਰਹੀ ਸੀ। ਉਹ ਬੜੀ ਨਿਡਰਤਾ ਨਾਲ ਸਾਂਦਲ ਬਾਰ ਵਿੱਚ ਘੁੰਮ ਰਿਹਾ ਸੀ...। ਉਸ ਦੀ ਬਹਾਦਰੀ ਦੇ ਨਿੱਤ ਨਵੇਂ ਕਿੱਸੇ ਸੁਣਨ ਨੂੰ ਮਿਲਦੇ...। ਸਾਰਾ ਇਲਾਕਾ ਉਸ 'ਤੇ ਮਾਣ ਕਰ ਰਿਹਾ ਸੀ।

ਦੁੱਲੇ ਦੇ ਬਾਪ ਦੀ ਸ਼ਹਾਦਤ ਦੇ ਅਵਸਰ 'ਤੇ ਲੱਧੀ ਦੇ ਭਰਾਵਾਂ ਨੇ ਉਸ ਦੀ ਕੋਈ ਸਾਰ ਨਹੀਂ ਸੀ ਲਈ। ਇਸ ਕਰਕੇ ਉਸ ਨੂੰ ਆਪਣੇ ਨਾਨਕਿਆਂ 'ਤੇ ਰੋਸ ਸੀ। ਇਸੇ ਰੋਹ ਕਾਰਨ ਉਸ ਨੇ ਪਹਿਲਾ ਹੱਲਾ ਆਪਣੇ ਨਾਨਕਿਆਂ ਦੇ ਪਿੰਡ ਚਦੇੜਾਂ 'ਤੇ ਬੋਲਿਆ ਤੇ ਨਾਨਕਿਆਂ ਦਾ ਵੱਗ ਘੇਰ ਕੇ ਆਪਣੇ ਪਿੰਡ ਲੈ ਆਇਆ ਤੇ ਲਵੇਰੀਆਂ ਗ਼ਰੀਬ ਗੁਰਬਿਆਂ ਤੇ ਲੋੜਵੰਦਾਂ 'ਚ ਵੰਡ ਦਿੱਤੀਆਂ।

ਇਕ ਵਾਰ ਅਲੀ ਨਾਂ ਦਾ ਸੁਦਾਗਰ ਪੰਜ ਸੌ ਘੋੜੇ ਖਰੀਦ ਕੇ ਲਈ ਜਾ ਰਿਹਾ ਸੀ...। ਉਹਨੂੰ ਰਾਤ ਪਿੰਡ ਕੱਟਣੀ ਪੈ ਗਈ। ਦੁੱਲੇ ਨੇ ਉਹਦੇ ਘੋੜੇ ਲੁੱਟ ਕੇ ਆਪਣੇ ਸਾਥੀਆਂ ਵਿੱਚ ਵੰਡ ਦਿੱਤੇ। ਅਲੀ ਬਥੇਰਾ ਰੋਇਆ ਪਿੱਟਿਆ, ਅਕਬਰ ਦਾ ਡਰਾਵਾ ਵੀ ਦਿੱਤਾ...। ਦੁੱਲੇ ਨੇ ਉਹਨੂੰ ਕੁੱਟ-ਕੁੱਟ ਕੇ ਭਜਾ ਦਿੱਤਾ। ਇਸੇ ਤਰ੍ਹਾਂ ਦੁੱਲੇ ਨੇ ਮੋਦੇ ਸ਼ਾਹੂਕਾਰ ਦੀਆਂ ਦੌਲਤ ਨਾਲ ਭਰੀਆਂ ਖੱਚਰਾਂ ਖੋਹ ਲਈਆਂ।

ਇਨ੍ਹਾਂ ਲੁੱਟਾਂ-ਖੋਹਾਂ ਦੀਆਂ ਖ਼ਬਰਾਂ ਮੁਗ਼ਲ ਸਰਕਾਰ ਕੋਲ ਪੁੱਜਦੀਆਂ ਰਹੀਆਂ। ਲੋਕਾਂ 'ਚ ਦੁੱਲੇ ਦਾ ਦਬਦਬਾ ਐਨਾ ਵੱਧ ਗਿਆ ਕਿ ਉਨ੍ਹਾਂ ਨੇ ਸਰਕਾਰੀ ਲਗਾਨ ਦੇਣਾ ਬੰਦ ਕਰ ਦਿੱਤਾ। ਮੁਗ਼ਲ ਅਹਿਲਕਾਰਾਂ ਵਿੱਚ ਭਗਦੜ ਮੱਚ ਗਈ। ਅਕਬਰ ਦੇ ਦਰਬਾਰ ਵਿੱਚ ਦੁੱਲੇ ਵੱਲੋਂ ਮੁਗ਼ਲ ਦਰਬਾਰ ਵਿਰੁੱਧ ਕੀਤੀ ਬਗ਼ਾਵਤ ਦੀ ਸੂਹ ਸੂਹੀਏ ਪੁਚਾਉਂਦੇ ਰਹੇ। ਅਕਬਰ ਨੇ ਇਸ ਬਗ਼ਾਵਤ ਦੀ ਪੜਤਾਲ ਲਈ ਇਕ ਜਾਸੂਸ ਉਚੇਚੇ ਤੌਰ 'ਤੇ ਸਾਂਦਲ ਬਾਰ ਭੇਜਿਆ, ਪ੍ਰੰਤੂ ਦੁੱਲੇ ਨੂੰ ਪਤਾ ਲੱਗਣ 'ਤੇ ਉਸ ਨੇ ਜਾਸੂਸ ਦੀਆਂ ਦਾੜ੍ਹੀ ਮੁੱਛਾਂ ਹੀ ਮੁੰਨ ਦਿੱਤੀਆਂ।

ਅਕਬਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹਨੇ ਦੁੱਲੇ ਨੂੰ ਉਹਦੇ ਪਰਿਵਾਰ ਸਮੇਤ ਮਸ਼ਕਾਂ ਬੰਨ੍ਹ ਕੇ ਦਰਬਾਰ ਵਿੱਚ ਪੇਸ਼ ਕਰਨ ਦਾ ਹੁਕਮ ਸੁਣਾ ਦਿੱਤਾ। ਮਿਰਜ਼ਾ ਨਿਜਾਮਉਦੀਨ ਨੇ ਦੁੱਲੇ ਨੂੰ ਫੜ ਕੇ ਲਿਆਉਣ ਦਾ ਬੀੜਾ ਚੁੱਕ ਲਿਆ। ਮੁਗਲ ਫੌਜਾਂ ਨੇ ਸਾਂਦਲ ਬਾਰ ਵਲ ਕੂਚ ਕਰ ਦਿੱਤਾ।

ਚੜ੍ਹਿਆ ਸੀ ਮਿਰਜ਼ਾ ਨਜ਼ਾਮਦੀਨ

ਹਾਥੀਆਂ ਨੂੰ ਮੱਦਾਂ ਸੀ ਪਿਆਈਆਂ।

ਭਰ ਕੇ ਦਾਰੂ ਦੀਆਂ ਬੋਤਲਾਂ ਲਿਆਂਵਦੇ

ਹਾਥੀਆਂ ਦੇ ਸੁੰਡਾਂ ਵਿੱਚ ਪਾਈਆਂ।

ਜਦੋਂ ਹਾਥੀਆਂ ਨੂੰ ਚੜ੍ਹੀਆਂ ਲੋਰੀਆਂ

ਮਾਰਨ ਚੀਕਾਂ ਤੇ ਖਾਣ ਕਰਲਾਈਆਂ।

ਹੌਲੀ-ਹੌਲੀ ਪਿੰਡੀ ਵਿੱਚ ਜਾ ਵੜੇ

ਟੱਕਰਾਂ ਦਰਸ਼ਨੀ ਦਰਵਾਜ਼ਿਆਂ ਨੂੰ ਲਾਈਆਂ।

ਸਾਰੇ ਬੈਠਕਾਂ ਦੀਵਾਨਖਾਨੇ ਢਾਹ ਸੁੱਟੇ

ਇੱਟਾਂ ਬਣਾ ਕੇ ਵਿੱਚ ਖਿੰਡਾਈਆਂ।

ਟਕੇ ਟਕੇ ਦੇ ਸਿਪਾਹੀ ਅੰਦਰ ਜਾ ਵੜੇ

ਮਾਰਨ ਛਮਕਾਂ ਤੇ ਕਰਨ ਕਰੜਾਈਆਂ।

(ਪਾਲੀ ਸਿੰਘ)

ਮੁਗ਼ਲ ਫੌਜਾਂ ਨੇ ਪਿੰਡੀ ਨੂੰ ਜਾ ਘੇਰਿਆ। ਐਡੀ ਭਾਰੀ ਸੈਨਾ ਦਾ ਮੁਕਾਬਲਾ ਕਰਨਾ ਦੁੱਲੇ ਲਈ ਸੁਖੇਰਾ ਨਹੀਂ ਸੀ। ਦੁੱਲੇ ਦੇ ਛੋਟੇ ਭਾਈ ਮਹਿਰੂ ਅਮਲੀ ਨੇ ਪਹਿਲੇ ਦਿਨ ਮੁਗ਼ਲਾਂ ਨਾਲ ਜਾ ਲੜਾਈ ਕੀਤੀ ਤੇ ਉਨ੍ਹਾਂ 'ਚ ਭਾਜੜਾਂ ਪਾ ਦਿੱਤੀਆਂ। ਅਗਲੇ ਦਿਨ ਬੜੀ ਬਹਾਦਰੀ ਨਾਲ ਲੜਦਾ ਹੋਇਆ ਦੁੱਲਾ ਮੁਗ਼ਲ ਫੌਜ ਦਾ ਘੇਰਾ ਤੋੜ ਕੇ ਮਿਰਜ਼ਾ ਨਿਜ਼ਾਮਉੱਦੀਨ ਦੇ ਗਲ ਜਾ ਪਿਆ।

ਸ਼ਕਤੀਸ਼ਾਲੀ ਹਕੂਮਤ ਵਿਰੁੱਧ ਮੁੱਠੀ ਭਰ ਯੋਧਿਆਂ ਦੀ ਬਗ਼ਾਵਤ ਭਲਾ ਕਿੰਨੇ ਕੁ ਦਿਨ ਕੱਟ ਸਕਦੀ ਸੀ। ਮੁਗ਼ਲ ਫੌਜ ਨੇ ਦੁੱਲੇ ਨੂੰ ਜਿਊਂਦੇ ਜੀ ਗ੍ਰਿਫ਼ਤਾਰ ਕਰਨ ਦਾ ਬੜਾ ਯਤਨ ਕੀਤਾ, ਪ੍ਰੰਤੂ ਉਹ ਉਨ੍ਹਾਂ ਦੇ ਹੱਥ ਆਉਣ ਵਾਲਾ ਕਿੱਥੇ ਸੀ? ਆਖਰ ਦੁੱਲਾ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਾ ਹੋਇਆ ਸ਼ਹੀਦ ਹੋ ਗਿਆ। ਉਸ ਨੇ ਮੁਗ਼ਲਾਂ ਦੀ ਈਨ ਨਾ ਮੰਨੀ, ਪ੍ਰੰਤੂ ਸ਼ਹਾਦਤ ਦਾ ਜਾਮ ਪੀ ਕੇ ਅਮਰ ਹੋ ਗਿਆ। ਦੁੱਲੇ ਦੇ ਅੰਤ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਲੜਾਈ ਵਿੱਚ ਦੁੱਲੇ ਨੇ ਮਿਰਜ਼ਾ ਨਜ਼ਾਮਉੱਦੀਨ ਦੇ ਛੱਕੇ ਛੁਡਾ ਕੇ ਉਹਨੂੰ ਬੰਦੀ ਬਣਾ ਲਿਆ, ਪ੍ਰੰਤੂ ਮਿਰਜ਼ੇ ਨੇ ਲੱਧੀ ਦੇ ਤਰਲੇ ਮਿੰਨਤਾਂ ਕਰ ਕੇ ਆਪਣੀ ਜਾਨ ਬਖਸ਼ਾ ਲਈ ਤੇ ਦੁੱਲੇ ਨੂੰ ਸ਼ੇਖੂ ਨਾਲ ਮੁਲਾਕਾਤ ਕਰਾਉਣ ਦੇ ਬਹਾਨੇ ਆਪਣੇ ਨਾਲ ਲੈ ਗਿਆ ਅਤੇ ਧੋਖੇ ਨਾਲ ਸ਼ਰਾਬ ਪਿਲਾ ਕੇ ਉਸ ਨੂੰ ਕੈਦ ਕਰ ਲਿਆ। ਹੋਸ਼ ਆਉਣ 'ਤੇ ਦੁੱਲੇ ਨੇ ਕੈਦਖਾਨੇ ਵਿੱਚ ਟੱਕਰਾਂ ਮਾਰ-ਮਾਰ ਆਪਣੀ ਜਾਨ ਦੇ ਦਿੱਤੀ ਤੇ ਮੁਗ਼ਲਾਂ ਅੱਗੇ ਸਿਰ ਨਾ ਝੁਕਾਇਆ।

ਭਾਵੇਂ ਪੰਜਾਬ ਦਾ ਅਣਖੀਲਾ ਸੂਰਬੀਰ ਦੁੱਲਾ ਜੰਗ ਦੇ ਮੈਦਾਨ ਵਿੱਚ ਮਾਤ ਖਾ ਗਿਆ, ਪ੍ਰੰਤੂ ਉਹ ਅੱਜ ਵੀ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੈ...। ਉਸ ਦੀ ਬਹਾਦਰੀ ਦੇ ਕਿੱਸੇ ਪੰਜਾਬੀ ਬੜੀਆਂ ਲਟਕਾਂ ਨਾਲ ਪੜ੍ਹਦੇ ਤੇ ਗਾਉਂਦੇ ਹਨ। ਦੁੱਲੇ ਦੀ ਜੀਵਨ ਗਾਥਾ ਨੂੰ ਪੰਜਾਬ ਦੇ ਕਿੱਸਾਕਾਰਾਂ ਨੇ ਬੜੇ ਅਨੂਠੇ ਅੰਦਾਜ਼ ਵਿੱਚ ਗਾਇਆ ਹੈ। ਕਿਸ਼ਨ ਸਿੰਘ ਆਰਫ ਰਚਿਤ 'ਕਿੱਸਾ ਦੁੱਲਾ ਭੱਟੀ' ਅਤੇ ਪਾਲੀ ਸਿੰਘ ਕਵੀਸ਼ਰ ਰਚਿਤ 'ਆਵਾਜ਼ਾਂ ਦੁੱਲਾ ਭੱਟੀ' ਪੰਜਾਬੀਆਂ ਦੇ ਹਰਮਨ ਪਿਆਰੇ ਕਿੱਸੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਉਹ ਦੁੱਲਾ ਭੱਟੀ ਨੂੰ ਬਾਰਮ-ਬਾਰ ਸਿਜਦਾ ਕਰਦੇ ਹਨ।

# Puran Bhagat

# ਪੂਰਨ ਭਗਤ

ਗੱਲ ਮੱਧਕਾਲੀਨ ਸਮੇਂ ਦੀ ਹੈ। ਉਦੋਂ ਨਾਥ ਜੋਗੀਆਂ ਦਾ ਜਨ ਸਾਧਾਰਨ ਦੇ ਜੀਵਨ 'ਤੇ ਬਹੁਤ ਵੱਡਾ ਪ੍ਰਭਾਵ ਸੀ। ਪੱਛਮੀ ਪੰਜਾਬ ਦੇ ਸਿਆਲਕੋਟ ਦੇ ਇਲਾਕੇ ਤੇ ਰਾਜਾ ਸਲਵਾਨ ਰਾਜ ਕਰਦਾ ਸੀ – ਸਿਆਲਕੋਟ ਉਸ ਦੀ ਰਾਜਧਾਨੀ ਸੀ। ਸਲਵਾਨ ਇਕ ਆਸ਼ਿਕ-ਮਿਜ਼ਾਜ ਅਤੇ ਮੌਜ-ਮਸਤੀ 'ਚ ਰਹਿਣ ਵਾਲਾ ਰਾਜਾ ਸੀ। ਉਹਨੂੰ ਕਿਸੇ ਗੱਲ ਦੀ ਤੋਟ ਨਹੀਂ ਸੀ ਜੇ ਘਾਟ ਸੀ ਤਾਂ ਇਕ ਔਲਾਦ ਦੀ। ਢਲਦੀ ਉਮਰੇ, ਬੜੀਆਂ ਮੰਨਤਾਂ ਮੰਨਣ ਮਗਰੋਂ ਉਸ ਦੀ ਰਾਣੀ ਇੱਛਰਾਂ ਦੀ ਕੁੱਖੋਂ ਇਕ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਉਨ੍ਹਾਂ ਪੂਰਨ ਰੱਖਿਆ। ਵਹਿਮੀ ਰਾਜੇ ਨੇ ਪੂਰਨ ਦਾ ਭਵਿੱਖ ਜਾਨਣ ਲਈ ਨਜੂਮੀ ਸੱਦ ਲਏ। ਨਜੂਮੀਆਂ ਸਲਾਹ ਦਿੱਤੀ, "ਹੇ ਰਾਜਨ! ਇਹ ਨਵ-ਜਨਮਿਆ ਬੱਚਾ ਪੂਰੇ ਬਾਰਾਂ ਵਰ੍ਹੇ ਆਪਣੇ ਮਾਂ-ਬਾਪ ਦੇ ਮੱਥੇ ਨਾ ਲੱਗੇ, ਨਹੀਂ ਤਾਂ ਰਾਜੇ ਅਤੇ ਉਸ ਦੇ ਪਰਿਵਾਰ 'ਤੇ ਦੁੱਖਾਂ ਦਾ ਕਹਿਰ ਟੁੱਟ ਪਵੇਗਾ।"

ਨਜੂਮੀਆਂ ਦੀ ਸਲਾਹ ਮੰਨਦਿਆਂ ਮਮਤਾ ਵਿਹੂਣੇ ਸਲਵਾਨ ਨੇ ਚਿੜੀ ਦੇ ਬੋਟ ਜਿੰਨੇ ਪੂਰਨ ਨੂੰ ਪੂਰੇ ਬਾਰ੍ਹਾਂ ਵਰ੍ਹੇ ਲਈ ਭੌਰੇ ਵਿਚ ਪਾਉਣ ਦਾ ਹੁਕਮ ਸੁਣਾ ਦਿੱਤਾ! ਪੂਰਨ ਦੀ ਮਾਂ ਇੱਛਰਾਂ ਤੜਪਦੀ ਸੀ, ਕੁਰਲਾਉਂਦੀ ਰਹੀ- ਉਹਦੀਆਂ ਰੋ-ਰੋ ਕੇ ਅੱਖਾਂ ਚੁੰਨ੍ਹੀਆਂ ਹੋ ਗਈਆਂ।

ਭਲਾ ਰਾਜੇ ਦੇ ਹੁਕਮ ਨੂੰ ਕੌਣ ਟਾਲ ਸਕਦਾ ਸੀ? ਪੂਰਨ ਨੂੰ ਗੋਲੀਆਂ ਸਮੇਤ ਭੌਰੇ ਵਿਚ ਪਾ ਦਿੱਤਾ ਗਿਆ। ਇੱਛਰਾਂ ਦੀ ਕਿਸੇ ਇੱਕ ਨਾ ਮੰਨੀ ਉਹ ਪੁੱਤਰ ਦੇ ਵਿਯੋਗ ਵਿਚ ਹੰਝੂ ਕੇਰਦੀ ਰਹੀ ਤੇ ਉਹਦੀ ਜ਼ਿੰਦਗੀ ਵਿਚ ਸੁੰਨਸਾਨ ਵਰਤ ਗਈ। ਸਲਵਾਨ ਦੀ ਉਮਰ ਢਲ ਰਹੀ ਸੀ। ਇਸੇ ਢਲਦੀ ਉਮਰੇ ਉਹਨੇ ਆਪਣੀ ਐਸ਼ਪ੍ਰਸਤੀ ਲਈ ਨਵ-ਜੋਬਨ ਮੁਟਿਆਰ ਲੂਣਾਂ ਨੂੰ ਆਪਣੀ ਦੂਜੀ ਰਾਣੀ ਬਣਾ ਲਿਆ...ਇੱਛਰਾਂ ਲਈ ਉਹਦੇ ਅੰਦਰ ਹੋਰ ਕੋਈ ਕਸ਼ਿਸ਼ ਨਹੀਂ ਸੀ ਰਹੀ। ਇੱਛਰਾਂ ਆਪਣੇ ਪੁੱਤ ਦੇ ਵਿਛੋੜੇ ਦੇ ਸੱਲ ਨੂੰ ਆਪਣੇ ਸੀਨੇ ਨਾਲ ਲਾ ਕੇ ਸੁੰਨ ਹੋ ਗਈ। ਉਧਰ ਪੂਰਨ ਆਪਣੇ ਮਾਂ-ਬਾਪ ਦੇ ਮੋਹ-ਮਮਤਾ ਤੋਂ ਸੱਖਣਾ ਹੌਲੀ ਹੌਲੀ ਜ਼ਿੰਦਗੀ ਦੀ ਪੌੜੀ 'ਤੇ ਚੜ੍ਹਨ ਲੱਗਾ।

ਸਮਾਂ ਆਪਣੀ ਤੋਰੇ ਤੁਰ ਰਿਹਾ ਸੀ...ਪੂਰੇ ਬਾਰਾਂ ਵਰ੍ਹੇ ਬਤੀਤ ਹੋ ਗਏ। ਪੂਰਨ ਭੋਰਿਓਂ ਬਾਹਰ ਆਇਆ...ਰੂਪ ਦੀ ਸਾਕਾਰ ਮੂਰਤ...ਇਕ ਅਨੋਖੀ ਚਮਕ ਉਹਦੇ ਚਿਹਰੇ 'ਤੇ ਝਲਕਾਂ ਮਾਰ ਰਹੀ ਸੀ...ਯੋਗ ਸਾਧਨਾ ਦਾ ਸੋਧਿਆ ਹੋਇਆ ਪੂਰਨ ਸਲਵਾਨ ਦੇ ਦਰਬਾਰ ਵਿਚ ਆਪਣੇ ਪਿਤਾ ਦੇ ਸਨਮੁੱਖ ਹੋਇਆ...ਮਮਤਾ ਵਿਹੂਣੇ ਰਾਜੇ ਨੇ

ਪਹਿਲਾਂ ਮਾਵਾਂ ਨੂੰ ਜਾ ਕੇ ਮਿਲਣ ਦਾ ਹੁਕਮ ਸੁਣਾ ਦਿੱਤਾ।

ਗੋਲੀਆਂ ਪੂਰਨ ਨੂੰ ਇੱਛਰਾਂ ਦੇ ਮਹਿਲੀਂ ਲੈ ਆਈਆਂ। ਪੂਰਨ ਨੂੰ ਵੇਖਦੇ ਸਾਰ ਹੀ ਇੱਛਰਾਂ ਦੀਆਂ ਅੱਖਾਂ 'ਚੋਂ ਮਮਤਾ ਦੇ ਅੱਥਰੂ ਵਹਿ ਤੁਰੇ...ਪੂਰਨ ਨੇ ਮਾਂ ਦੇ ਚਰਨ ਛੂਹੇ, ਮਾਂ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ। ਉਹ ਪੂਰਨ ਦੇ ਬਣ-ਬਣ ਪੈਂਦੇ ਰੂਪ 'ਤੇ ਬਲਿਹਾਰੇ ਜਾ ਰਹੀ ਸੀ। "ਪੁੱਤ ਪੂਰਨਾ! ਆਪਾਂ ਰੱਜ ਕੇ ਗੱਲਾਂ ਫੇਰ ਕਰਾਂਗੇ ਪਹਿਲਾਂ ਆਪਣੀ ਦੂਜੀ ਮਾਂ ਲੂਣਾਂ ਨੂੰ ਮਿਲ ਆ" ਆਖ ਰਾਣੀ ਇੱਛਰਾਂ ਨੇ ਪੂਰਨ ਨੂੰ ਲੂਣਾਂ ਵੱਲ ਤੋਰ ਦਿੱਤਾ।

ਸ਼ਾਹੀ ਮਹਿਲਾਂ 'ਚ ਪਹਿਲਾ ਮਹਿਲ ਮਤਰੇਈ ਮਾਂ ਲੂਣਾਂ ਦਾ ਸੀ। ਲੂਣਾਂ 'ਤੇ ਕਹਿਰਾਂ ਦਾ ਰੂਪ ਚੜ੍ਹਿਆ ਹੋਇਆ ਸੀ। ਜਦੋਂ ਦੀ ਉਹ ਇਸ ਮਹਿਲ ਵਿਚ ਆਈ ਸੀ ਉਸ ਨੇ ਸਲਵਾਨ ਤੋਂ ਬਿਨਾਂ ਕਿਸੇ ਮਰਦ ਦਾ ਮੂੰਹ ਨਹੀਂ ਸੀ ਦੇਖਿਆ। ਉਹਦੀ ਦੇਖ-ਭਾਲ ਲਈ ਗੋਲੀਆਂ ਸਨ ਮਰਦ ਜਾਤ ਨੂੰ ਮਹਿਲਾਂ ਵਿਚ ਆਉਣ ਦੀ ਮਨਾਹੀ ਸੀ। ਲੂਣਾਂ ਢਲਦੀ ਉਮਰ ਦੇ ਸਲਵਾਨ ਤੋਂ ਖੁਸ਼ ਨਹੀਂ ਸੀ। ਰੂਪਵਾਨ ਪੂਰਨ ਨੂੰ ਵੇਖਦੇ ਸਾਰ ਹੀ ਉਹ ਆਪਣੀ ਸੁੱਧ-ਬੁੱਧ ਗੁਆ ਬੈਠੀ। ਸਾਰੇ ਸ਼ਿਸ਼ਟਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਛੱਡ ਕੇ ਉਹਨੇ ਪੂਰਨ ਨਾਲ ਅਨੇਕਾਂ ਯਤਨ ਕੀਤੇ, ਤਰਲੇ ਲਏ ਅਤੇ ਜਵਾਨੀ ਦੇ ਵਾਸਤੇ ਪਾਏ।

ਲੂਣਾਂ ਦੇ ਬੋਲਾਂ 'ਚ ਤਰਲਾ ਸੀ ਤੇ ਉਹ ਭਾਵਾਂ ਦੇ ਵਹਿਣ ਵਿਚ ਵਹਿ ਤੁਰੀ ਤੇ ਉਹਨੇ ਪੂਰਨ ਨੂੰ ਕਲਾਵੇ 'ਚ ਭਰ ਕੇ ਆਪਣੀ ਸੇਜ 'ਤੇ ਸੁੱਟ ਲਿਆ ਪ੍ਰੰਤੂ ਪੂਰਨ ਨੇ ਇਕ ਦਮ ਆਪਣੇ ਆਪ ਨੂੰ ਉਸ ਪਾਸੋਂ ਛੁਡਾ ਲਿਆ ਤੇ ਸਹਿਜ ਨਾਲ ਬੋਲਿਆ, "ਮਾਤਾ! ਹੋਸ਼ ਕਰ! ਮੈਂ ਇਹ ਰਿਸ਼ਤਾ ਤੇਰੇ ਨਾਲ ਕਿਵੇਂ ਜੋੜ ਲਵਾਂ। ਮੇਰੇ ਬਾਪ ਨੇ ਤੈਨੂੰ ਪਰਣਾ ਕੇ ਲਿਆਂਦੈ! ਤੂੰ ਤਾਂ ਮੇਰੀ ਸਕੀ ਮਾਂ ਦੇ ਸਮਾਨ ਏਂ।" "ਭਲਾ ਮੈਂ ਤੇਰੀ ਮਾਂ ਕਿਧਰੋਂ ਲਗਦੀ ਆਂ ਜ਼ਾਲਮਾ! ਨਾ ਮੈਂ ਤੈਨੂੰ ਜਨਮ ਦਿੱਤਾ ਨਾ ਹੀ ਆਪਣਾ ਸੀਰ ਚੁੰਘਾਇਆ! ਮੇਰਾ ਪਤੀ ਮੇਰੇ ਬਾਪ ਦੇ ਹਾਣ ਦਾ ਏ...ਸਾਡਾ ਜੋੜ ਨੀ ਜੁੜਦਾ...ਮੇਰਾ ਜੋੜ ਤਾਂ ਤੇਰੇ ਨਾਲ ਜੁੜਦੈ। ਪੂਰਨ! ਆਪਣੀ ਜੁਆਨੀ ਦਾ ਮਾਣ ਰੱਖ। ਮੈਂ ਸਾਰੀ ਜ਼ਿੰਦਗੀ ਤੇਰਾ 'ਹਸਾਨ ਨਹੀਂ ਭੁੱਲਾਂਗੀ ਤੇ ਤੇਰੀ ਗੋਲੀ ਬਣ ਕੇ ਰਹਾਂਗੀ।"

ਲੂਣਾਂ ਪੂਰਨ ਅੱਗੇ ਵਿੱਛ-ਵਿੱਛ ਜਾ ਰਹੀ ਸੀ। ਪ੍ਰੰਤੂ ਪੂਰਨ ਉੱਤੇ ਉਹਦੀ ਭਖਦੀ ਜੁਆਨੀ ਅਤੇ ਤਰਲਿਆਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਅਡੋਲ ਖਲੋਤਾ ਆਪਣੇ ਧਰਮ 'ਤੇ ਪਹਿਰਾ ਦਿੰਦਾ, ਸੋਚਾਂ 'ਚ ਡੁੱਬਿਆ ਸੋਚ ਰਿਹਾ ਸੀ ਮਤੇ ਉਸ ਪਾਸੋਂ ਕੋਈ ਅਵੱਗਿਆ ਨਾ ਹੋ ਜਾਵੇ। ਆਖਰ ਉਸ ਨੇ ਆਪਣੇ ਮਨ ਨਾਲ ਨਿਰਣਾ ਲਿਆ ਤੇ ਲੂਣਾਂ ਤੋਂ ਅੱਖ ਬਚਾ ਕੇ ਫੁਰਤੀ ਨਾਲ ਉਹਦੇ ਮਹਿਲਾਂ ਤੋਂ ਬਾਹਰ ਨਿਕਲ ਆਇਆ।

ਲੂਣਾਂ ਨੂੰ ਰੋਸ ਸੀ ਪੂਰਨ ਨੇ ਉਹਦੀ ਕਾਮਨਾ ਪੂਰੀ ਨਹੀਂ ਸੀ ਕੀਤੀ ਤੇ ਉਹ ਹੁਣ ਉਸ ਪਾਸੋਂ ਆਪਣੀ ਹੇਠੀ ਦਾ ਬਦਲਾ ਲੈਣ ਲਈ ਨਾਗਣ ਦਾ ਰੂਪ ਧਾਰੀ ਬੈਠੀ ਸੀ।

ਹਨੇਰਾ ਪਸਰ ਰਿਹਾ ਸੀ ਜਦੋਂ ਰਾਜਾ ਸਲਵਾਨ ਆਪਣੇ ਰਾਜ ਦਰਬਾਰ ਦੇ ਕੰਮਾਂ ਕਾਜਾਂ ਤੋਂ ਵਿਹਲਾ ਹੋ ਕੇ ਆਪਣੀ ਰਾਣੀ ਲੂਣਾਂ ਦੇ ਮਹਿਲਾਂ 'ਚ ਪੁੱਜਾ। ਉਸ ਹੈਰਾਨ ਹੋ ਕੇ ਵੇਖਿਆ ਕਿਧਰੇ ਵੀ ਦੀਵਾ ਬੱਤੀ ਨਹੀਂ। ਸਾਰੇ ਸ਼ਮ੍ਹਾਦਾਨ ਗੁੱਲ ਹੋਏ ਪਏ ਸਨ ਤੇ ਰਾਣੀ ਨਿੱਤ ਵਾਂਗ ਉਹਦੇ ਸਵਾਗਤ ਲਈ ਮਹਿਲ ਦੀਆਂ ਬਰੂਹਾਂ 'ਤੇ ਆਪ ਨਹੀਂ ਸੀ ਆਈ...ਉਹ ਰਾਣੀ ਦੇ ਕਮਰੇ ਵੱਲ ਆਹੁਲਿਆ... ਉਸ ਵੇਖਿਆ ਉਹ ਤਾਂ ਖਣਪੱਟੀ ਲਈ ਪਈ ਐ ਤੇ ਉਸ ਦਾ ਹਾਰ-ਸ਼ਿੰਗਾਰ ਏਧਰ-ਓਧਰ ਖਿੰਡਿਆ ਪਿਐ...।

"ਮੇਰੀਏ ਲਾਡੋ ਰਾਣੀਏਂ ਦਸ ਖਾਂ ਮੇਰੇ ਪਾਸੋਂ ਕਿਹੜੀ ਖ਼ੁਨਾਮੀ ਹੋ ਗਈ ਐ ਜਿਸ ਬਦਲੇ ਸੋਹਣਿਆਂ ਨੇ ਮੂੰਹ ਸੁਜਾਏ ਹੋਏ ਨੇ... ਆਖਦਿਆਂ ਸਲਵਾਨ ਨੇ ਲੂਣਾਂ ਨੂੰ ਬਿਠਾ ਲਿਆ। ਉਹਨੇ ਵੇਖਿਆ ਉਹਦੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਹੰਝੂ ਵਹਿ ਰਹੇ ਸਨ। ਉਹਨੇ ਪਿਆਰ ਭਰਿਆ ਹੱਥ ਫੇਰਿਆ ਤੇ ਉਹ ਸਹਿਜ ਅਵਸਥਾ 'ਚ ਆ ਗਈ ਤੇ ਹਟਕੋਰੇ ਭਰਦਿਆਂ ਰਾਜੇ ਨੂੰ ਮੁਖਾਤਿਬ ਹੋਈ, "ਰਾਜਨ! ਛੋਟਾ ਮੂੰਹ ਪਰ ਗੱਲ ਬਹੁਤ ਵੱਡੀ ਐ, ਸ਼ਾਇਦ ਤੁਹਾਡੇ ਮਨ ਨਾ ਲੱਗੇ... ਮੈਂ ਤਾਂ ਸੋਚ ਵੀ ਨਹੀਂ ਸੀ ਸਕਦੀ, ਮੇਰੇ 'ਤੇ ਐਡਾ ਕਹਿਰ ਵਾਪਰੇਗਾ...ਭਲਾ ਕੋਈ ਪੁੱਤ ਆਪਣੀ ਮਾਂ ਦੇ ਸਤ ਨੂੰ ਭੰਗ ਕਰਨ ਬਾਰੇ ਸੋਚ ਸਕਦੈ? ਰਾਜਿਆ ਅੱਜ ਮਿਲਣ ਆਏ ਪੂਰਨ ਨੇ ਮੇਰੀ ਇੱਜ਼ਤ ਲੁੱਟਣ ਦੀ ਪੂਰੀ ਕੋਸ਼ਿਸ਼ ਕੀਤੀ ਐ, ਪਰ ਮੈਂ ਮਸੀਂ ਉਹਦੇ ਚੁੰਗਲ 'ਚੋਂ ਬਚ ਕੇ ਨਿਕਲ ਸਕੀ ਆਂ...।"

ਸੁਣਦੇ ਸਾਰ ਹੀ ਸਲਵਾਨ ਸਿਰ ਤੋਂ ਪੈਰਾਂ ਤੱਕ ਗੁੱਸੇ ਨਾਲ ਕੰਬ ਉਠਿਆ, "ਪੂਰਨ ਦੀ ਇਹ ਜੁਰਅੱਤ ਮੈਂ ਉਹਦੇ ਸੀਰਮੇ ਪਾ ਜਾਵਾਂਗਾ! ਉਹਨੂੰ ਅਜਿਹੀ ਸਜ਼ਾ ਦੇਵਾਂਗਾ ਜਿਸ ਨੂੰ ਸਾਰੀ ਦੁਨੀਆਂ ਯਾਦ ਰੱਖੇਗੀ।"

ਭੈੜਾ ਸਲਵਾਨ ਕੀ ਜਾਣੇ, ਲੂਣਾਂ ਨੇ ਤਾਂ ਪੂਰਨ 'ਤੇ ਤੋਹਮਤ ਲਾਉਣ ਖਾਤਰ ਤ੍ਰਿਆ ਚ੍ਰਿੱਤਰ ਦੀ ਚਾਲ ਚੱਲੀ ਸੀ!

ਅਗਲੀ ਭਲਕ ਸਲਵਾਨ ਨੇ ਭਰੇ ਦਰਬਾਰ ਵਿਚ ਪੂਰਨ ਨੂੰ ਤਲਬ ਕਰ ਲਿਆ ਤੇ ਉਸ ਉੱਤੇ ਆਪਣੀ ਮਾਂ ਵਰਗੀ ਲੂਣਾਂ 'ਤੇ ਮੈਲੀਆਂ ਨਜ਼ਰਾਂ ਨਾਲ ਵੇਖਣ ਦਾ ਦੋਸ਼ ਲਾਉਂਦਿਆਂ ਉਹਨੂੰ ਕਤਲ ਕਰਨ ਦਾ ਹੁਕਮ ਸਾਦਰ ਕਰ ਦਿੱਤਾ! ਬੇਗੁਨਾਹ ਪੂਰਨ ਦੀ ਕਿਸੇ ਇਕ ਨਾ ਸੁਣੀ।

ਜਲਾਦ ਪੂਰਨ ਨੂੰ ਕਤਲ ਕਰਨ ਲਈ ਲੈ ਤੁਰੇ...ਰਾਣੀ ਇੱਛਰਾਂ ਦਾ ਰੋਣ ਝੱਲਿਆ ਨਹੀਂ ਸੀ ਜਾਂਦਾ...ਸ਼ਹਿਰ ਦੀ ਜਨਤਾ ਮੂਕ ਖਲੋਤੀ ਜਾਂਦੇ ਪੂਰਨ ਨੂੰ ਵੇਖਦੀ ਰਹੀ...ਰਾਜੇ ਦਾ ਤਪ ਤੇਜ ਹੀ ਐਨਾ ਸੀ ਕਿਸੇ ਹਾਅ ਦਾ ਨਾਅਰਾ ਮਾਰਨ ਦੀ ਜੁਰਅੱਤ ਵੀ ਨਾ ਕੀਤੀ। ਜਲਾਦ ਪੂਰਨ ਦੀ ਮਾਸੂਮੀਅਤ ਤੋਂ ਜਾਣੂੰ ਹੁੰਦੇ ਹੋਏ ਵੀ ਰਾਜੇ ਦਾ ਹੁਕਮ ਕਿਵੇਂ ਮੋੜਦੇ...। ਜੰਗਲ 'ਚ ਜਾ ਕੇ ਉਹ ਉਹਨੂੰ ਵੱਢ-ਵੱਢ ਕੇ ਇਕ ਵਿਰਾਨ ਖੂਹ 'ਚ ਧੱਕਾ ਦੇ ਆਏ ਤੇ ਰਾਜੇ ਨੂੰ ਆਖ ਦਿੱਤਾ ਕਿ ਉਹ ਉਹਨੂੰ ਮਾਰ ਮੁਕਾ ਆਏ ਹਨ।

ਕੁਦਰਤ ਦੀ ਕਰਨੀ ਵੇਖੋ ਕੁਝ ਸਮੇਂ ਮਗਰੋ ਜੋਗੀਆਂ ਦਾ ਇਕ ਟੋਲਾ ਉਸੇ ਖੂਹ 'ਤੇ ਆਣ ਉਤਰਿਆ ਜਿਸ ਵਿਚ ਪੂਰਨ ਵੱਢਿਆ-ਟੁੱਕਿਆ ਪਿਆ ਸੀ। ਇਕ ਜੋਗੀ ਨੇ ਪਾਣੀ ਭਰਨ ਲਈ ਜਦੋਂ ਖੂਹ ਵਿਚ ਡੋਲ ਫਰਾਇਆ... ਉਸ ਨੂੰ ਕਿਸੇ ਪੁਰਸ਼ ਦੇ ਕਰ੍ਹਾਹੁਣ ਦੀ ਆਵਾਜ਼ ਸੁਣਾਈ ਦਿੱਤੀ। ਉਹਨੇ ਜੋਗੀਆਂ ਕੋਲ ਆ ਕੇ ਗੱਲ ਕੀਤੀ.. ਉਨ੍ਹਾਂ ਪੂਰਨ ਨੂੰ ਖੂਹ ਵਿਚੋਂ ਕੱਢ ਲਿਆ ਅਤੇ ਉਸ ਨੂੰ ਉਸੇ ਵੇਲੇ ਆਪਣੇ ਗੁਰੂ ਗੋਰਖ ਨਾਥ ਦੇ ਟਿੱਲੇ 'ਤੇ ਲੈ ਆਏ! ਗੋਰਖ ਦੀ ਤੀਮਾਰਦਾਰੀ, ਸਨੇਹ ਅਤੇ ਮੁਰਵੱਤ ਦੇ ਥਾਪੜੇ ਨੇ ਉਸ ਨੂੰ ਕੁਝ ਦਿਨਾਂ ਵਿਚ ਹੀ ਨੌਂ-ਬਰ-ਨੌਂ ਕਰ ਦਿੱਤਾ। ਗੋਰਖ ਨਾਥ ਦੀ ਤਲਿਸਮੀ ਸ਼ਖ਼ਸੀਅਤ ਨੇ ਪੂਰਨ ਨੂੰ ਅਜਿਹਾ ਕੀਲਿਆ ਉਹਨੇ ਆਪਣੇ ਆਪ ਨੂੰ ਗੋਰਖ ਦੇ ਚਰਨਾਂ 'ਚ ਅਰਪਣ ਕਰ ਦਿੱਤਾ ਤੇ ਜੋਗ ਸਾਧਨਾ ਵਿਚ ਜੁਟ ਗਿਆ... ਤਿਆਗ ਦੀ ਮੂਰਤ ਬਣੇ ਪੂਰਨ ਨੇ ਇਕ ਦਿਨ ਗੋਰਖ ਪਾਸੋਂ ਦੀਖਿਆ ਲਈ ਬੇਨਤੀ ਕੀਤੀ। ਗੋਰਖ ਤਰੁੱਠਿਆ... ਉਹਨੇ ਪੂਰਨ ਦੇ ਕੰਨਾਂ 'ਚ ਮੁੰਦਰਾਂ ਪੁਆ ਕੇ ਜੋਗੀ ਬਣਾ ਦਿੱਤਾ।

ਜੋਗੀ ਬਣਿਆ ਪੂਰਨ ਪਹਿਲੇ ਦਿਨ ਗਲ 'ਚ ਬਗਲੀ ਪਾ ਕੇ ਭਿੱਖਿਆ ਮੰਗਣ ਲਈ ਰਾਣੀ ਸੁੰਦਰਾਂ ਦੇ ਮਹਿਲੀਂ ਗਿਆ। ਗੋਲੀਆਂ ਪਾਸੋਂ ਜੋਗੀ ਦਾ ਰੂਪ ਝੱਲਿਆ ਨਾ ਗਿਆ। ਉਨ੍ਹਾਂ ਰਾਣੀ ਸੁੰਦਰਾਂ ਨੂੰ ਆਪ ਜਾ ਕੇ ਖੈਰ ਪਾਉਣ ਲਈ ਆਖਿਆ...ਰਾਣੀ ਹੀਰੇ ਮੋਤੀਆਂ ਦਾ ਥਾਲ ਭਰ ਕੇ ਲੈ ਆਈ ਤੇ ਪੂਰਨ ਦੀ ਬਗਲੀ 'ਚ ਉਲੱਦ ਦਿੱਤਾ। ਪੂਰਨ ਨੀਵੀਂ ਪਾਈ ਖਲੋਤਾ ਰਿਹਾ ਤੇ ਰਾਣੀ ਵੱਲ ਅੱਖ ਭਰ ਕੇ ਨਾ ਦੇਖਿਆ।

ਹੀਰੇ ਮੋਤੀ ਭਲਾ ਜੋਗੀਆਂ ਦੇ ਕਿਸ ਕੰਮ ਸਨ-ਗੋਰਖ ਨੇ ਪੂਰਨ ਨੂੰ ਹੀਰੇ ਮੋਤੀਆਂ ਸਮੇਤ ਵਾਪਸ ਭੇਜ ਕੇ ਆਖਿਆ, "ਰਾਣੀ ਨੂੰ ਆਖ ਸਾਨੂੰ ਤੇ ਪੱਕੀ ਰੋਟੀ ਚਾਹੀਦੀ ਹੈ...ਹੀਰੇ ਮੋਤੀ ਨਹੀਂ।"

ਪੂਰਨ ਉਸੇ ਪੈਰੀਂ ਵਾਪਸ ਮੁੜ ਆਇਆ ਤੇ ਰਾਣੀ ਸੁੰਦਰਾਂ ਦੇ ਮਹਿਲੀਂ ਜਾ ਅਲਖ ਜਗਾਈ! ਰਾਣੀ ਸੁੰਦਰਾਂ ਜਿਹੜੀ ਆਪ ਹੁਸਨ ਦੀ ਸਾਕਾਰ ਮੂਰਤ ਸੀ, ਪੂਰਨ 'ਤੇ ਫਿਦਾ ਹੋ ਗਈ। ਉਹਨੇ ਆਪਣੀ ਨਿਗਰਾਨੀ ਵਿਚ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ। ਨੰਗੇ ਪੈਰੀਂ...ਗੋਰਖ ਦੇ ਟਿੱਲੇ 'ਤੇ ਪੁੱਜ ਗਈ ਤੇ ਗੋਰਖ ਦੇ ਚਰਨਾਂ 'ਚ ਸੀਸ ਨਿਵਾ ਦਿੱਤਾ।

ਪਿਆਰ ਤੇ ਸ਼ਰਧਾ ਵਿਚ ਬਣਾਏ ਭੋਜਨ ਨੂੰ ਛੱਕ ਕੇ ਗੋਰਖ ਤਰੁੱਠ ਪਿਆ,"ਰਾਣੀ ਮੰਗ ਜੋ ਮੰਗਣੈਂ...ਤੇਰੀ ਹਰ ਮੁਰਾਦ ਪੂਰੀ ਹੋਵੇਗੀ।"

"ਕਿਸੇ ਚੀਜ਼ ਦੀ ਲੋੜ ਨੀ ਨਾਥ ਜੀ।" ਸੁੰਦਰਾਂ ਨੇ ਦੋਵੇਂ ਹੱਥ ਜੋੜ ਕੇ ਆਖਿਆ।

"ਅਜੇ ਵੀ ਮੰਗ ਲੈ" ਗੋਰਖ ਮੁੜ ਬੋਲਿਆ।

“ਨਾਥ ਜੀ ਥੋੜਾ ਅਸ਼ੀਰਵਾਦ ਹੀ ਬਹੁਤ ਐ”, ਸੁੰਦਰਾਂ ਭਾਵੁਕ ਹੋਈ ਆਖ ਰਹੀ ਸੀ।

“ਤੀਜਾ ਵਚਨ ਐ..ਮੰਗ ਲੈ ਰਾਣੀਏਂ।”

ਸੁੰਦਰਾਂ ਲਈ ਇਹੋ ਯੋਗ ਅਵਸਰ ਸੀ। ਉਹਨੇ ਹੱਥ ਜੋੜ ਕੇ ਅਰਜ਼ ਗੁਜ਼ਾਰੀ, “ਮੇਰੇ ਨਾਥ ਜੇ ਤਰੁੱਠੇ ਹੀ ਹੋ ਤਾਂ ਮੈਨੂੰ ਪੂਰਨ ਦੇ ਦੇਵੋ।”

ਗੋਰਖ ਨਾਥ ਨੇ ਪੂਰਨ ਨੂੰ ਰਾਣੀ ਸੁੰਦਰਾਂ ਨਾਲ ਜਾਣ ਦਾ ਇਸ਼ਾਰਾ ਕਰ ਦਿੱਤਾ।

ਨਾਥ ਦਾ ਹੁਕਮ ਮੰਨ ਕੇ ਪੂਰਨ ਸੁੰਦਰਾਂ ਨਾਲ ਉਹਦੇ ਮਹਿਲਾਂ ਨੂੰ ਤੁਰ ਪਿਆ...ਰਾਣੀ ਨੇ ਉਹਦੀਆਂ ਸੈਆਂ ਖਾਤਰਾਂ ਕੀਤੀਆਂ ਪ੍ਰੰਤੂ ਪੂਰਨ ਨੂੰ ਰਾਣੀ ਸੁੰਦਰਾਂ ਦਾ ਹੁਸਨ, ਚੁਹਲ ਤੇ ਨਖਰੇ ਭਰਮਾ ਨਾ ਸਕੇ। ਉਹ ਅਡੋਲ ਸਮਾਧੀ ਲਾਈ ਬੈਠਾ ਰਿਹਾ। ਅਗਲੀ ਸਵੇਰ ਪੂਰਨ ਨੇ ਬਾਹਰ ਜੰਗਲ ਵਿਚ ਜਾ ਕੇ ਜੰਗਲ-ਪਾਣੀ ਜਾਣ ਦੀ ਚਾਹਨਾ ਪ੍ਰਗਟਾਈ। ਰਾਣੀ ਨੇ ਗੋਲੀਆਂ ਉਹਦੇ ਨਾਲ ਤੋਰ ਦਿੱਤੀਆਂ ਤੇ ਆਪ ਮਹਿਲਾਂ ’ਤੇ ਖੜ੍ਹ ਕੇ ਜਾਂਦੇ ਪੂਰਨ ਨੂੰ ਵੇਖਣ ਲੱਗੀ। ਦਰਖਤਾਂ ਦੇ ਝੁੰਡ ਓਹਲੇ ਜਾ ਕੇ ਪੂਰਨ ਨੇ ਅਜਿਹੀ ਝਕਾਨੀ ਦਿੱਤੀ ਕਿ ਉਹ ਗੋਲੀਆਂ ਦੀਆਂ ਅੱਖਾਂ ਤੋਂ ਦੂਰ ਹੋ ਗਿਆ। ਪੂਰਨ ਦੇ ਪ੍ਰੇਮ ’ਚ ਦੀਵਾਨੀ ਹੋਈ ਸੁੰਦਰਾਂ ਉਹਦਾ ਓਹਲੇ ਹੋਣਾ ਬਰਦਾਸ਼ਤ ਨਾ ਕਰ ਸਕੀ। ਗੋਲੀਆਂ ਵਾਪਸ ਪਰਤ ਰਹੀਆਂ ਸਨ ਕੱਲੀਆਂ...ਸੁੰਦਰਾਂ ਨੇ ਵੇਖਦੇ-ਵੇਖਦੇ ਮਹਿਲ ਤੋਂ ਛਾਲ ਮਾਰ ਦਿੱਤੀ ਤੇ ਆਪਣੀ ਜਾਨ ਗੁਆ ਲਈ।

ਪੂਰਨ ਜੋਗੀ ਬਣਿਆ ਜੋਗ ਦਾ ਚਾਨਣ ਵੰਡਦਾ ਵੱਖ-ਵੱਖ ਥਾਵਾਂ ’ਤੇ ਘੁੰਮਦਾ ਰਿਹਾ...ਸਲਵਾਨ ਨੇ ਤਾਂ ਆਪਣੇ ਵੱਲੋਂ ਪੂਰਨ ਨੂੰ ਮਰਵਾ ਦਿੱਤਾ ਸੀ। ਰਾਣੀ ਇੱਛਰਾਂ ਆਪਣੇ ਪੁੱਤ ਦੇ ਵਿਯੋਗ ਵਿਚ ਉਂਜ ਹੀ ਅੰਨ੍ਹੀ ਹੋ ਗਈ ਸੀ ਤੇ ਲੂਣਾਂ ਦੀ ਕੁੱਖ ਅਜੇ ਤੀਕ ਹਰੀ ਨਹੀਂ ਸੀ ਹੋਈ। ਸਲਵਾਨ ਨੂੰ ਇਸ ਗੱਲ ਦਾ ਫਿਕਰ ਸੀ ਕਿ ਉਹਦੇ ਰਾਜ ਦਾ ਵਾਰਸ ਕੋਈ ਨਹੀਂ।

ਘੁੰਮਦਾ-ਘੁੰਮਦਾ ਪੂਰਨ ਪੂਰੇ ਬਾਰ੍ਹਾਂ ਵਰ੍ਹੇ ਮਗਰੋਂ ਜੋਗੀ ਦੇ ਭੇਸ ਵਿਚ ਆਪਣੇ ਸ਼ਹਿਰ ਸਿਆਲਕੋਟ ਪੁੱਜਾ। ਸ਼ਹਿਰੋਂ ਬਾਹਰ ਉਜੜੇ ਹੋਏ ਬਾਗ ਵਿਚ ਉਹਨੇ ਧੂਣਾ ਤਾਪ ਦਿੱਤਾ ਤੇ ਸਮਾਧੀ ’ਚ ਲੀਨ ਹੋ ਗਿਆ। ਪਲਾਂ ਛਿਨਾਂ ਵਿਚ ਹੀ ਬਾਗ ਹਰਾ-ਭਰਾ ਹੋ ਗਿਆ ਤੇ ਇਸ ਦੀ ਮਹਿਕ ਸਾਰੇ ਵਾਤਾਵਰਨ ਵਿਚ ਫੈਲ ਗਈ। ਸ਼ਹਿਰ ਵਿਚ ਨਵੇਂ ਜੋਗੀ ਦੀ ਚਰਚਾ ਸ਼ੁਰੂ ਹੋ ਗਈ। ਰਾਜੇ ਦੇ ਕੰਨੀ ਵੀ ਕਰਾਮਾਤੀ ਜੋਗੀ ਦੀ ਕਨਸੋਅ ਪਈ...ਉਹਨੇ ਆਪਣੀਆਂ ਰਾਣੀਆਂ ਸਮੇਤ ਜੋਗੀ ਪਾਸ ਜਾ ਕੇ ਵਰ ਮੰਗਣ ਦਾ ਫੈਸਲਾ ਕਰ ਲਿਆ।

ਸਲਵਾਨ ਰਾਣੀਆਂ ਸਮੇਤ ਧੂਣਾ ਤਪਦੇ ਜੋਗੀ ਪਾਸ ਪੁੱਜ ਗਿਆ। ਪੂਰਨ ਨੇ ਅੱਖੀਆਂ ਖੋਲ੍ਹ ਕੇ ਵੇਖਿਆ-ਉਹਦੇ ਮਾਂ-

ਬਾਪ ਉਹਦੇ ਸਾਹਮਣੇ ਸਵਾਲੀ ਬਣੇ ਖਲੋਤੇ ਸਨ...ਉਹਨੇ ਸਤਿਕਾਰ ਵਜੋਂ ਉਠ ਕੇ ਆਪਣੀ ਮਾਂ ਇੱਛਰਾਂ ਦੇ ਚਰਨ ਜਾ ਛੂਹੇ। ਉਹਦੀ ਛੂਹ ਪ੍ਰਾਪਤ ਕਰਕੇ ਇੱਛਰਾਂ ਬੋਲੀ, "ਵੇ ਪੁੱਤ ਜੋਗੀਆ, ਤੂੰ ਤਾਂ ਮੇਰਾ ਪੁੱਤ ਪੂਰਨ ਲਗਦੈਂ...।"

ਕਹਿੰਦੇ ਹਨ ਆਪਣੇ ਪੁੱਤ ਪੂਰਨ ਦੀ ਛੂਹ ਪ੍ਰਾਪਤ ਕਰਦੇ ਹੀ ਇੱਛਰਾਂ ਦੀਆਂ ਅੱਖਾਂ ਵਿਚ ਮੁੜ ਜੋਤ ਪਰਤ ਆਈ ਅਤੇ ਉਹਦੀਆਂ ਛਾਤੀਆਂ ਵਿਚੋਂ ਮਮਤਾ ਦਾ ਦੁੱਧ ਛਲਕ ਪਿਆ।

ਪੂਰਨ ਦੇ ਮੁਖੜੇ 'ਤੇ ਅਨੂਠੇ ਜਮਾਲ ਸੀ।

ਸਲਵਾਨ ਸੁੰਨ ਹੋਇਆ ਖੜੋਤਾ ਸੀ... ਉਸ ਦੇ ਬੁੱਲ੍ਹ ਫਰਕ ਰਹੇ ਸਨ ਪ੍ਰੰਤੂ ਬੋਲਾਂ ਦਾ ਰੂਪ ਨਹੀਂ ਸੀ ਧਾਰ ਰਹੇ। ਲੂਣਾਂ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ, "ਜੋਗੀ ਜੀ, ਸਾਡੇ 'ਤੇ ਦਿਆ ਕਰੋ! ਰਾਜੇ ਨੂੰ ਇਕ ਪੁੱਤਰ ਦੀ ਦਾਤ ਬਖਸ਼ੋ।"

"ਪੁੱਤ ਤਾਂ ਰਾਜੇ ਦਾ ਹੈਗਾ- ਹੋਰ ਪੁੱਤ ਦੀ ਕੀ ਲੋੜ ਐ" ਜੋਗੀ ਬੁਲ੍ਹੀਆਂ 'ਚ ਮੁਸਕਰਾਇਆ!

"ਜੋਗੀ ਜੀ ਪੁੱਤ ਮੇਰਾ ਹੈ ਨਹੀਂ, ਹੈ ਸੀ, ਪਰ ਕੁਕਰਮ ਕਰਕੇ ਇਸ ਦੁਨੀਆਂ 'ਚ ਨਹੀਂ ਰਿਹਾ।" ਐਨਾ ਆਖ ਰਾਜੇ ਦਾ ਗਲਾ ਭਰ ਆਇਆ। ਲੂਣਾਂ ਦੇ ਸਬਰ ਦਾ ਪਿਆਲਾ ਵੀ ਛਲਕ ਪਿਆ...ਉਹਦੀਆਂ ਅੱਖੀਆਂ 'ਚੋਂ ਪਛਤਾਵੇ ਦੇ ਹੰਝੂ ਵਹਿ ਤੁਰੇ। ਜੋਗੀ ਦੇ ਮਸਤਕ ਦਾ ਤੇਜ਼ ਹੀ ਐਨਾ ਸੀ ਕਿ ਉਸ ਨੇ ਆਪਣੇ ਜੁਰਮ ਦਾ ਇਕਬਾਲ ਕਰਦਿਆਂ ਆਖਿਆ, "ਜੋਗੀ ਜੀ ਕਸੂਰ ਤਾਂ ਮੇਰਾ ਹੀ ਹੈ। ਮੇਰੇ ਪਾਸੋਂ ਪੂਰਨ ਦੇ ਹੁਸਨ ਦੀ ਝਾਲ ਝੱਲੀ ਨਹੀਂ ਸੀ ਗਈ...ਮੈਂ ਡੋਲ ਗਈ ਸਾਂ। ਉਹਦਾ ਕੋਈ ਕਸੂਰ ਨਹੀਂ ਸੀ, ਮੈਂ ਹੀ ਉਸ 'ਤੇ ਝੂਠੀ ਤੋਹਮਤ ਲਾਈ ਸੀ।"

ਇਹ ਸੁਣਦੇ ਸਾਰ ਹੀ ਸਲਵਾਨ ਨੇ ਮਿਆਨ ਵਿਚੋਂ ਤਲਵਾਰ ਧੂਹ ਲਈ ਤੇ ਲੂਣਾਂ ਦਾ ਗਾਟਾ ਲਾਹੁਣ ਲਈ ਬਾਂਹ ਉਲਾਰੀ।

ਪੂਰਨ ਨੇ ਫੁਰਤੀ ਨਾਲ ਰਾਜੇ ਦੀ ਬਾਂਹ ਫੜ ਲਈ ਤੇ ਆਖਿਆ, "ਇਹਨੂੰ ਖਿਮਾ ਕਰ ਦੇਵੋ...ਤੁਹਾਡਾ ਪੁੱਤ ਜਿਊਂਦਾ ਹੈ...ਮੈਂ ਹੀ ਆਂ ਤੁਹਾਡਾ ਪੁੱਤ ਪੂਰਨ।"

ਵੈਰਾਗ ਦੇ ਹੰਝੂ ਵਹਿ ਤੁਰੇ...ਇੱਛਰਾਂ, ਲੂਣਾਂ ਤੇ ਸਲਵਾਨ ਪੂਰਨ ਨੂੰ ਚੁੰਮਦੇ ਚੁੰਮਦੇ ਵਿਸਮਾਦੀ ਅਵਸਥਾ ਵਿਚ ਪੁੱਜ ਗਏ। ਉਨ੍ਹਾਂ ਨੇ ਪੂਰਨ ਨੂੰ ਆਪਣੇ ਮਹਿਲੀਂ ਚੱਲਣ ਲਈ ਆਖਿਆ...ਪ੍ਰੰਤੂ ਪੂਰਨ ਨੇ ਉਨ੍ਹਾਂ ਨਾਲ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ... ਰਾਜ ਭਾਗ ਉਸ ਲਈ ਮਿੱਟੀ ਦੇ ਸਮਾਨ ਸੀ। ਉਹ ਤਾਂ ਸਭ ਕੁਝ ਤਿਆਗ ਚੁੱਕਾ ਸੀ। ਉਹਨੇ ਭਿੱਖਿਆ ਦੇ ਖੱਪਰ ਵਿਚੋਂ ਚੌਲ ਦਾ ਇਕ ਦਾਣਾ ਚੁੱਕ ਕੇ ਲੂਣਾਂ ਦੀ ਹਥੇਲੀ 'ਤੇ ਰੱਖ ਕੇ ਆਖਿਆ, "ਮਾਤਾ

ਘਰ ਨੂੰ ਮੁੜ ਜਾਵੋ, ਤੁਹਾਡੀ ਕੁੱਖ ਵੀ ਇਸ ਬਾਗ ਵਾਂਗ ਹਰੀ ਹੋਵੇਗੀ। ਤੁਹਾਡੀ ਝੋਲੀ ਵਿਚ ਪੂਰਨ ਖੇਡੇਗਾ ਜੋ ਇਸ ਰਾਜ ਦਾ ਵਾਰਸ ਬਣੇਗਾ।"

ਪੁੱਤ ਦੀ ਦਾਤ ਦੀ ਬਖਸ਼ਿਸ਼ ਕਰਕੇ ਪੂਰਨ ਰੋਕਦਿਆਂ-ਰੋਕਦਿਆਂ ਅਗਾਂਹ ਤੁਰ ਗਿਆ। ਸਲਵਾਨ ਤੇ ਰਾਣੀਆਂ ਭਰੇ ਨੇਤਰਾਂ ਨਾਲ ਜਾਂਦੇ ਪੁੱਤ ਦੀ ਪਿੱਠ ਵੇਖਦੇ ਰਹੇ...।

ਸਮਾਂ ਪਾ ਕੇ ਲੂਣਾਂ ਦੀ ਕੁੱਖੋਂ ਪੁੱਤਰ ਨੇ ਜਨਮ ਲਿਆ ਜੋ ਰਾਜਾ ਰਸਾਲੂ ਦੇ ਨਾਂ ਨਾਲ ਪ੍ਰਸਿੱਧ ਹੋਇਆ ਜਿਸ ਦੀ ਬਹਾਦਰੀ ਦੀਆਂ ਅਨੇਕਾਂ ਕਹਾਣੀਆਂ ਪ੍ਰਚਲਿਤ ਹਨ।

# Raja Rasalu-Lok Kahani

# ਰਾਜਾ ਰਸਾਲੂ-ਲੋਕ ਕਹਾਣੀ

ਭਾਵੇਂ ਪੰਜਾਬ ਦੇ ਇਤਿਹਾਸ ਵਿਚ ਰਾਜਾ ਰਸਾਲੂ ਦਾ ਨਾਂ ਸਥਾਈ ਤੌਰ 'ਤੇ ਕਿਧਰੇ ਨਜ਼ਰ ਨਹੀਂ ਆਉਂਦਾ ਪ੍ਰੰਤੂ ਉਹ ਪੰਜਾਬ ਦੇ ਲੋਕ ਮਾਨਸ ਦਾ ਇਕ ਅਜਿਹਾ ਹਰਮਨ-ਪਿਆਰਾ ਲੋਕ ਨਾਇਕ ਹੈ ਜਿਸ ਦੇ ਨਾਂ ਨਾਲ ਅਨੇਕਾਂ ਦਿਲਚਸਪ ਤੇ ਰਸ-ਭਰਪੂਰ ਕਹਾਣੀਆਂ ਜੁੜੀਆਂ ਹੋਈਆਂ ਹਨ। ਉਸ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਅਤੇ ਸੂਰਬੀਰਤਾ ਭਰੇ ਕਾਰਨਾਮਿਆਂ ਨੂੰ ਬਹੁਤ ਸਾਰੇ ਲੋਕ ਕਵੀਆਂ ਨੇ ਆਪਣੀਆਂ ਵਾਰਾਂ ਅਤੇ ਕਿੱਸਿਆਂ ਵਿਚ ਗਾਇਆ ਹੈ।

ਕਹਿੰਦੇ ਹਨ ਰਾਜਾ ਰਸਾਲੂ ਸਿਆਲਕੋਟ (ਪਾਕਿਸਤਾਨ) ਦੇ ਰਾਜਾ ਸਲਵਾਨ ਦਾ ਪੁੱਤਰ ਸੀ, ਪੂਰਨ ਭਗਤ ਦਾ ਛੋਟਾ ਭਰਾ, ਜੋ ਸਲਵਾਨ ਦੀ ਢਲਦੀ ਉਮਰ ਵਿਚ ਰਾਣੀ ਲੂਣਾਂ ਦੀ ਕੁੱਖੋਂ ਪੂਰਨ ਦੇ ਵਰ ਨਾਲ ਪੈਦਾ ਹੋਇਆ।

ਰਸਾਲੂ ਦਾ ਜਨਮ ਸਾਰੇ ਸਿਆਲਕੋਟ ਲਈ ਖੁਸ਼ੀਆਂ ਅਤੇ ਖੇੜਿਆਂ ਦਾ ਢੋਆ ਲੈ ਕੇ ਆਇਆ... ਸਾਰੇ ਸ਼ਹਿਰ ਵਿਚ ਘਿਓ ਦੇ ਦੀਵੇ ਬਾਲੇ ਗਏ, ਖ਼ੈਰਾਤਾਂ ਵੰਡੀਆਂ ਗਈਆਂ ਪ੍ਰੰਤੂ ਵਹਿਮਾਂ-ਭਰਮਾਂ 'ਚ ਗਰੱਸੇ ਸਲਵਾਨ ਨੂੰ ਕਿਸੇ ਜੋਤਸ਼ੀ ਨੇ ਆਖਿਆ, "ਰਾਜਨ ਪੂਰੇ ਬਾਰਾਂ ਵਰ੍ਹੇ ਇਹਦੇ ਮੱਥੇ ਨਾ ਲੱਗੀਂ, ਨਹੀਂ ਤੇਰੀ ਮੌਤ ਹੋ ਜਾਵੇਗੀ।"

ਰਾਜਾ ਸਲਵਾਨ ਸੋਚੀਂ ਪੈ ਗਿਆ...ਆਪਣੇ ਵਜ਼ੀਰਾਂ ਨਾਲ ਸਲਾਹ-ਮਸ਼ਵਰਾ ਕਰਕੇ ਹੁਕਮ ਸੁਣਾ ਦਿੱਤਾ, "ਰਸਾਲੂ ਨੂੰ ਬਾਰਾਂ ਵਰ੍ਹੇ ਲਈ ਭੋਰੇ 'ਚ ਪਾ ਦੇਵੋ।"

ਕੇਹਾ ਬਾਪ ਸੀ ਉਹ ਜਿਹੜਾ ਸੁੱਖਾਂ-ਸੁੱਖ ਕੇ ਪ੍ਰਾਪਤ ਕੀਤੇ ਪੁੱਤ ਦੇ ਮੱਥੇ ਲੱਗਣੋਂ ਵੀ ਡਰ ਰਿਹਾ ਸੀ...ਲੂਣਾਂ ਕੁਰਲਾਉਂਦੀ ਰਹੀ..ਲੋਰੀਆਂ ਦੇਣ ਦੀ ਉਹਦੀ ਰੀਝ ਤੜਫਦੀ ਰਹੀ...ਅਲੂਏਂ ਜੁਆਕ ਨੂੰ ਇਕ ਵੱਖਰੇ ਮਹਿਲ ਵਿਚ ਭੇਜ ਦਿੱਤਾ ਗਿਆ..। ਉਸ ਮਹਿਲ ਵਿਚ ਰਸਾਲੂ ਲਈ ਸਾਰੀਆ ਸੁੱਖ ਸੁਵਿਧਾਵਾਂ ਹਾਸਲ ਸਨ ਪ੍ਰੰਤੂ ਉਸ ਨੂੰ ਇਸ ਮਹਿਲ ਵਿੱਚੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ। ਇਕ ਤਰਖਾਣਾਂ ਦਾ ਮੁੰਡਾ ਤੇ ਇਕ ਸੁਨਿਆਰਾਂ ਦਾ ਮੁੰਡਾ ਉਹਦੇ ਨਾਲ ਖੇਡਣ ਲਈ ਛੱਡੇ ਗਏ ਤੇ ਦਾਈ ਸਕੀ ਮਾਂ ਦੀ ਨਿਆਈਂ ਉਹਦੀ ਪਾਲਣਾ ਪੋਸ਼ਣਾ ਕਰਨ ਲੱਗੀ!

ਮਾਂ-ਬਾਪ ਦੀ ਮਮਤਾ ਤੋਂ ਵਿਹੂਣਾ ਰਸਾਲੂ ਦਿਨ, ਮਹੀਨੇ, ਸਾਲ ਬਿਤਾਉਂਦਾ ਹੋਇਆ ਵੱਡਾ ਹੋਣ ਲੱਗਾ। ਉਹਦੀ ਰਾਜ ਦਰਬਾਰ ਲਈ ਲੋੜੀਂਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਘੋੜ ਸਵਾਰੀ, ਸ਼ਸਤਰ ਸਿੱਖਿਆ, ਤੀਰ-

ਅੰਦਾਜ਼ੀ ਅਤੇ ਤਲਵਾਰ ਚਲਾਉਣ ਦੇ ਹੁਨਰ ਵਿਚ ਉਹਨੇ ਮੁਹਾਰਤ ਹਾਸਲ ਕਰ ਲਈ। ਯੋਗ ਸਾਧਨਾ ਅਤੇ ਕਸਰਤ ਕਰਨ ਦੇ ਸ਼ੌਂਕ ਨੇ ਉਹਦੇ ਸਰੀਰ ਨੂੰ ਸਡੌਲ ਤੇ ਗੇਲੀ ਵਰਗਾ ਮਜ਼ਬੂਤ ਬਣਾ ਦਿੱਤਾ...। ਅੱਥਰੀ ਜਵਾਨੀ ਭਲਾ ਕਿੰਨੀ ਕੁ ਦੇਰ ਕਿਲੇ ਦੀ ਕੈਦ ਵਿਚ ਰਹਿ ਸਕਦੀ ਹੈ। ਰਾਜੇ ਦੇ ਸਖ਼ਤ ਹੁਕਮ ਵੀ ਉਸ ਨੂੰ ਤੋੜ ਨਾ ਸਕੇ। ਰਸਾਲੂ ਨੇ ਕਿਲੇ ਤੋਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ।

ਹੁਸਨ ਦਾ ਰਸੀਆ ਅਤੇ ਸ਼ਿਕਾਰ ਖੇਡਣ ਦਾ ਸ਼ੌਂਕੀਨ। ਰਸਾਲੂ ਆਪਣੇ ਬਾਂਕੇ ਘੋੜੇ 'ਤੇ ਅਸਵਾਰ ਹੋ ਕੇ ਸ਼ਹਿਰ ਵਿਚ ਗੇੜਾ ਮਾਰਨ ਲੱਗਾ! ਕਈ ਅਵੱਲੜੇ ਸ਼ੌਂਕ ਉਸ ਨੇ ਪਾਲੇ ਹੋਏ ਸਨ..ਉਹਨੂੰ ਪਾਣੀ ਭਰਦੀਆਂ ਸੋਹਣੀਆਂ ਮੁਟਿਆਰਾਂ ਦੇ ਗੁਲੇਲਾਂ ਨਾਲ ਘੜੇ ਭੰਨ ਕੇ ਅਨੂਠਾ ਸੁਆਦ ਆਉਂਦਾ ਸੀ...। ਨਿੱਤ ਨਵੀਆਂ ਗਾਗਰਾਂ ਤੇ ਘੜੇ ਭੰਨੇ ਜਾਂਦੇ। ਲੂਣਾਂ ਕੋਲ ਮੁਟਿਆਰਾ ਨੇ ਜਾ ਸ਼ਿਕਾਇਤਾਂ ਕੀਤੀਆਂ। ਰਾਣੀ ਨੇ ਉਨ੍ਹਾਂ ਨੂੰ ਪਿੱਤਲ ਤੇ ਲੋਹੇ ਦੀਆਂ ਗਾਗਰਾਂ ਲੈ ਕੇ ਦਿੱਤੀਆਂ ਪਰ ਰਸਾਲੂ ਨੇ ਤੀਰ ਕਮਾਣਾਂ ਨਾਲ ਉਨ੍ਹਾਂ ਵਿਚ ਛੇਕ ਕਰਨੇ ਸ਼ੁਰੂ ਕਰ ਦਿੱਤੇ। ਮੁਟਿਆਰਾਂ ਉਸ ਦੀਆਂ ਆਪਹੁਦਰੀਆਂ ਤੋਂ ਸਤੀਆਂ ਪਈਆਂ ਸਨ। ਰਾਜਾ ਸਲਵਾਨ ਦੇ ਦਰਬਾਰ ਵਿਚ ਰਸਾਲੂ ਦੀਆਂ ਆਪਹੁਦਰੀਆਂ ਹਰਕਤਾਂ ਦੀਆਂ ਸ਼ਿਕਾਇਤਾਂ ਪੁੱਜੀਆਂ। ਉਹ ਇਹ ਨਹੀਂ ਚਾਹੁੰਦਾ ਕਿ ਉਹਦੀ ਪਰਜਾ ਉਹਦੇ ਪੁੱਤ ਹੱਥੋਂ ਦੁਖੀ ਹੋਵੇ। ਉਸ ਤੋਂ ਛੁਟਕਾਰਾ ਪਾਉਣ ਲਈ ਸਲਵਾਨ ਨੇ ਰਸਾਲੂ ਦਾ ਪੁਤਲਾ ਬਣਾ ਕੇ ਸ਼ਹਿਰ ਦੇ ਮੁੱਖ-ਦੁਆਰ 'ਤੇ ਖੜ੍ਹਾ ਕਰ ਦਿੱਤਾ।

ਰਸਾਲੂ ਜਦੋਂ ਸ਼ਿਕਾਰ ਖੇਡ ਕੇ ਆਪਣੇ ਸ਼ਹਿਰ ਸਿਆਲਕੋਟ ਵਾਪਸ ਪਰਤਿਆਂ ਤਾਂ ਸ਼ਹਿਰ ਦੇ ਮੁੱਖ ਦੁਆਰ 'ਤੇ ਆਪਣਾ ਪੁਤਲਾ ਵੇਖ ਕੇ ਸਮਝ ਗਿਆ ਕਿ ਇਹ ਤਾਂ ਉਹਦੇ ਲਈ ਦੇਸ ਨਿਕਾਲੇ ਦਾ ਹੁਕਮ ਹੈ। ਆਪਣੇ ਰਾਜੇ ਬਾਪ ਦਾ ਹੁਕਮ ਸਿਰ ਮੱਥੇ ਮੰਨ ਕੇ ਰਸਾਲੂ ਉਨ੍ਹੀਂ ਪੈਰੀਂ ਵਾਪਸ ਮੁੜ ਗਿਆ। ਉਹਨੇ ਆਪਣੇ ਨਾਲ ਪੰਜ ਸੱਤ ਗੱਭਰੂ ਲਏ, ਹਥਿਆਰਾਂ ਨਾਲ ਲੈਸ ਹੋ ਕੇ ਘੋੜੇ 'ਤੇ ਅਸਵਾਰ ਹੋ ਉਹ ਨਵੀਆਂ ਰਾਹਾਂ ਦੀ ਭਾਲ ਲਈ ਤੁਰ ਪਿਆ। ਹੁਣ ਉਹਦੇ ਲਈ ਚਾਰੇ ਜਾਗੀਰਾਂ ਖੁੱਲ੍ਹੀਆਂ ਸਨ।

ਹੁਸਨਾਂ ਦੇ ਰਸੀਏ ਰਾਜਾ ਰਸਾਲੂ ਦੀ ਸੁੰਦਰਤਾ ਅਤੇ ਅਮੋੜ ਸੁਭਾਅ ਦੇ ਕਿੱਸੇ ਆਂਢੀ-ਗੁਆਂਢੀ ਰਾਜ ਦਰਬਾਰ ਦੇ ਮਹਿਲਾਂ ਤਕ ਫੈਲ ਗਏ ਸਨ। ਕਈ ਸ਼ਹਿਜ਼ਾਦੀਆਂ ਉਹਦਾ ਮੁੱਖੜਾ ਦੇਖਣ ਲਈ ਤਰਸ ਰਹੀਆਂ ਸਨ।

ਆਥਣ ਪਸਰ ਰਹੀ ਸੀ ਜਦੋਂ ਰਸਾਲੂ ਨੀਲੇ ਸ਼ਹਿਰ ਪੁੱਜਾ। ਸ਼ਹਿਰ ਦੇ ਦੁਆਰ 'ਤੇ ਉਹ ਇਕ ਬੁੱਢੀ ਮਿਲੀ ਜੋ ਵਿਰਲਾਪ ਕਰ ਰਹੀ ਸੀ। ਤੈਨੂੰ ਕਿਹੜਾ ਦੁੱਖ ਐ ਜੀਹਦੇ ਕਰਕੇ ਐਨਾ ਵਿਰਲਾਪ ਕਰ ਰਹੀ ਐਂ?"

"ਵੇ ਪੁੱਤ ਪਰਦੇਸੀਆ ਕੀ ਦੱਸਾਂ", ਬੁੱਢੀ ਮਾਈ ਘੋੜ ਸਵਾਰ ਵੱਲ ਤਰਸੇਵੇਂ ਭਰੀਆਂ ਅੱਖਾਂ ਨਾਲ ਦੇਖਦੀ ਹੋਈ ਬੋਲੀ, "ਮੈਂ ਸੱਤ ਪੁੱਤਾਂ ਦੀ ਮਾਂ ਆਂ, ਏਸ ਸ਼ਹਿਰ ਦੇ ਨਾਲ ਦੀ ਨਗਰੀ ਆਦਮਖੋਰ ਦਿਉਆਂ ਦੀ ਐ। ਸਾਡੇ ਸ਼ਹਿਰ ਦੇ

ਹਾਕਮ ਹਰ ਰੋਜ਼ ਵਾਰੀ ਨਾਲ ਇਕ ਗੱਭਰੂ ਨੂੰ ਆਦਮਖੋਰਾਂ ਦਾ ਖਾਜਾ ਬਣਨ ਲਈ ਭੇਜਦੇ ਨੇ...। ਵਾਰੋ-ਵਾਰੀ ਮੇਰੇ ਛੇ ਪੁੱਤ ਆਦਮ-ਖੋਰਾਂ ਦਾ ਖਾਜਾ ਬਣ ਚੁੱਕੇ ਨੇ...ਅੱਜ ਫੇਰ ਸੱਤਵੇਂ ਦੀ ਵਾਰੀ ਐ...।

ਮਾਈ ਦਾ ਵਿਰਲਾਪ ਸੁਣ ਕੇ ਰਸਾਲੂ ਦਾ ਦਿਲ ਪਸੀਜ ਗਿਆ। ਉਹਨੇ ਮਾਈ ਨੂੰ ਧਰਵਾਸਾ ਦਿੰਦਿਆਂ ਆਖਿਆ, "ਮਾਤਾ ਤੂੰ ਘਬਰਾ ਨਾ ਤੇਰੇ ਪੁੱਤ ਦੀ ਵਾਰੀ ਮੈਂ ਭੁਗਤਾਂਗਾ।"

ਮਾਈ ਨੇ ਸੁਖ ਦਾ ਸਾਹ ਲਿਆ ਤੇ ਰਸਾਲੂ ਨੂੰ ਸੈਆਂ ਅਸੀਸਾਂ ਦਿੱਤੀਆਂ। ਸ਼ਹਿਰ ਦੇ ਹਾਕਮ ਰਸਾਲੂ ਨੂੰ ਆਦਮਖੋਰਾਂ ਦਾ ਖਾਜਾ ਬਣਨ ਲਈ ਲੈ ਤੁਰੇ..। ਘੋੜੇ 'ਤੇ ਅਸਵਾਰ ਰਸਾਲੂ ਦਾ ਜਾਹੋ-ਜਲਾਲ ਝੱਲਿਆ ਨਹੀਂ ਸੀ ਜਾਂਦਾ। ਆਦਮਖੋਰਾਂ ਦੀ ਨਗਰੀ 'ਚ ਵੜਦਿਆਂ ਹੀ ਰਸਾਲੂ ਨੇ ਤਲਵਾਰ ਮਿਆਨ ਵਿੱਚੋਂ ਧੂਹ ਲਈ ਤੇ ਲੱਗਾ ਵਾਰ ਤੇ ਵਾਰ ਕਰਨ..। ਆਦਮਖੋਰਾਂ 'ਚ ਥਰਥੱਲੀ ਮੱਚ ਗਈ। ਕਿਸੇ ਦਾ ਸਿਰ ਵੱਢਿਆ ਗਿਆ ਕਿਸੇ ਦੀ ਬਾਂਹ...। ਉਨ੍ਹਾਂ ਦਾ ਸਰਦਾਰ ਪਹਿਲੀ ਸੱਟੇ ਮਾਰਿਆ ਗਿਆ। ਉਹ ਹਾਲ ਦੁਹਾਈ ਪਾਉਂਦੇ ਹੋਏ ਉਥੋਂ ਭੱਜ ਗਏ...। ਲੋਕਾਂ ਨੂੰ ਹੁਣ ਕਿਸੇ ਆਦਮਖੋਰ ਦਾ ਭੈਅ ਨਹੀਂ ਸੀ ਰਿਹਾ। ਸਾਰੇ ਨੀਲੇ ਸ਼ਹਿਰ ਦੇ ਨਿਵਾਸੀ ਰਸਾਲੂ ਦੇ ਸ਼ੁਕਰਗੁਜ਼ਾਰ ਸਨ ਤੇ ਉਸ ਦੀ ਬਹਾਦਰੀ ਦੇ ਵਾਰੇ-ਵਾਰੇ ਜਾ ਰਹੇ ਸਨ।

ਸ਼ੂਕਦੇ ਦਰਿਆ ਭਲਾ ਕਦੋਂ ਰੁਕਦੇ ਨੇ, ਕੁਝ ਦਿਨ ਨੀਲੇ ਸ਼ਹਿਰ ਵਿਚ ਠਹਿਰਨ ਮਗਰੋਂ ਰਸਾਲੂ ਨੇ ਰਾਜਾ ਹਰੀ ਚੰਦ ਦੇ ਹੋਡੀਨਗਰ ਵਿਚ ਜਾ ਪ੍ਰਵੇਸ਼ ਕੀਤਾ। ਉਸ ਦੀ ਬਹਾਦਰੀ ਦੇ ਕਿੱਸੇ ਸਾਰੇ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣ ਚੁੱਕੇ ਸਨ। ਰਾਜੇ ਇਹ ਵੀ ਜਾਣਦੇ ਸਨ ਕਿ ਉਹ ਰਾਜਾ ਸਲਵਾਨ ਦਾ ਅਮੋੜ ਪੁੱਤਰ ਹੈ। ਰਸਾਲੂ ਹਰੀ ਚੰਦ ਦੇ ਬਾਗ ਵਿਚ ਸੁੱਤਾ ਪਿਆ ਸੀ। ਐਨੇ ਨੂੰ ਹਰੀ ਚੰਦ ਦੀ ਪੁੱਤਰੀ ਰਾਜ ਕੁਮਾਰੀ ਸੌਂਕਣੀ ਸੈਰ ਕਰਦੀ ਉਥੇ ਆ ਗਈ... ਛੈਲ-ਛਬੀਲਾ ਗੱਭਰੂ ਵੇਖ ਉਹ ਆਪਣੀ ਸੁੱਧ-ਬੁੱਧ ਗਵਾ ਬੈਠੀ...ਰਸਾਲੂ ਵੀ ਸੁੰਦਰਤਾ ਦੀ ਮੂਰਤ ਸੌਂਕਣੀ ਦੇ ਮੋਹ ਵਿਚ ਕੀਲਿਆ ਗਿਆ... ਪਿਆਰ ਭਰੇ ਬੋਲਾਂ ਨਾਲ ਦੋਹਾਂ ਨੇ ਸਾਂਝ ਪਾ ਲਈ...ਸੌਂਕਣੀ ਨੇ ਆਪਣੇ ਬਾਪ ਕੋਲ ਗੱਲ ਕੀਤੀ...ਹਰੀ ਚੰਦ ਰਸਾਲੂ ਨੂੰ ਆਪਣੇ ਮਹਿਲੀਂ ਲੈ ਆਇਆ...। ਸ਼ੌਂਕਣੀ ਦੇ ਵਰ ਦੀ ਭਾਲ ਵਿਚ ਉਹਨੇ ਕਈ ਵਰ੍ਹੇ ਲੰਘਾ ਦਿੱਤੇ ਸਨ ਪ੍ਰੰਤੂ ਉਸ ਦੇ ਮੇਚ ਦਾ ਵਰ ਉਹਨੂੰ ਕਿਧਰੇ ਨਹੀਂ ਸੀ ਟੱਕਰਿਆ...। ਰਸਾਲੂ ਨੂੰ ਵੇਖ ਹਰੀ ਚੰਦ ਨੇ ਸੌਂਕਣੀ ਦਾ ਵਿਆਹ ਰਸਾਲੂ ਨਾਲ ਕਰਨ ਦਾ ਫੈਸਲਾ ਕਰ ਲਿਆ।

ਰਸਾਲੂ ਕਾਫੀ ਸਮਾਂ ਹਰੀ ਚੰਦ ਦੇ ਮਹਿਲਾਂ ਵਿਚ ਟਿਕਿਆ ਰਿਹਾ, ਕਦੀ ਸ਼ਿਕਾਰ ਖੇਡਣ ਚਲਿਆ ਜਾਂਦਾ, ਕਦੀ ਦੋਹਮਨ ਨਾਂ ਦੇ ਗੱਭਰੂ ਨਾਲ ਚੌਪਟ ਖੇਡਦਾ ਰਹਿੰਦਾ। ਰਸਾਲੂ ਇਹ ਨਹੀਂ ਸੀ ਜਾਣਦਾ ਕਿ ਸੌਂਕਣੀ ਦੋਹਮਨ ਸੁਨਿਆਰ 'ਤੇ ਫਿਦਾ ਹੈ। ਦੋਹਮਨ ਤੇ ਸੌਂਕਣੀ ਅਕਸਰ ਲੁਕ ਕੇ ਮਿਲਦੇ ਰਹਿੰਦੇ ਸਨ। ਇਕ ਦਿਨ ਰਸਾਲੂ ਮਹਿਲਾਂ ਦੇ ਬਾਹਰ ਦੋਹਮਨ ਨਾਲ ਚੌਪਟ ਖੇਡ ਰਿਹਾ ਸੀ... ਉਹ ਨੇ ਵੇਖਿਆ ਦੋਹਮਨ ਚੋਰੀ-ਚੋਰੀ ਅੱਖ ਬਚਾ ਕੇ ਉੱਪਰ

ਮਹਿਲਾਂ ਵੱਲ ਵੇਖੀ ਜਾਂਦਾ ਹੈ। ਉਹ ਨੂੰ ਸ਼ੱਕ ਪਿਆ... ਉਹ ਨੇ ਮਲਕ ਦੇਣੇ ਜਾ ਕੇ ਪਾਣੀ ਦਾ ਕਟੋਰਾ ਭਰ ਕੇ ਆਪਣੇ ਕੋਲ ਰੱਖ ਲਿਆ... ਕੁਝ ਸਮੇਂ ਮਗਰੋਂ ਮਹਿਲ ਦੀ ਖਿੜਕੀ ਵਿਚ ਖੜ੍ਹੋਤੀ ਸੌਂਕਣੀ ਦਾ ਅਕਸ ਕਟੋਰੇ ਦੇ ਪਾਣੀ ਵਿਚ ਪਿਆ... ਸ਼ੱਕ ਦੀ ਹੁਣ ਕੋਈ ਗੁੰਜਾਇਸ਼ ਹੀ ਨਹੀਂ ਸੀ ਰਹੀ... ਰਸਾਲੂ ਨੇ ਆਪਣੇ ਮਨ ਨਾਲ ਪੱਕਾ ਫੈਸਲਾ ਕਰਕੇ ਸੌਂਕਣੀ ਦਾ ਵਿਆਹ ਦੋਹਮਨ ਨਾਲ ਕਰਵਾ ਦਿੱਤਾ। ਦੋ ਦਿਲਾਂ ਨੂੰ ਜੋੜ ਆਪ ਅਗਾਂਹ ਤੁਰ ਪਿਆ।

ਸਮਾਂ ਬੀਤਦਾ ਗਿਆ... ਕਈ ਵਰ੍ਹੇ ਇੰਜ ਹੀ ਬੀਤ ਗਏ। ਰਸਾਲੂ ਨੇ ਸ਼ਿਕਾਰ ਖੇਡਣ ਅਤੇ ਲੜਾਈ ਦੇ ਸ਼ੌਕ ਨੂੰ ਮਘਾਈ ਰੱਖਿਆ... ਕਈ ਛੋਟੇ-ਮੋਟੇ ਰਾਜਿਆਂ ਨਾਲ ਮੁਠਭੇੜਾਂ ਹੋਈਆਂ... ਕਈ ਰਾਜ ਖੋਹੇ ਤੇ ਛੱਡੇ।

ਅਟਕ ਦੇ ਪਾਰ ਦਰਿਆ ਦੇ ਕੰਢੇ 'ਤੇ ਵਸੇ ਸ਼ਹਿਰ ਸਿਰੀਕੋਟ ਦੇ ਰਾਜਾ ਸਿਰਕੱਪ ਦੀ ਕਨਸੋਅ ਰਾਜਾ ਰਸਾਲੂ ਦੇ ਕੰਨੀਂ ਪਈ। ਸਿਰਕੱਪ ਬੜਾ ਨਿਰਦਈ ਅਤੇ ਧੋਖੇਬਾਜ਼ ਰਾਜਾ ਸੀ ਜੋ ਜੂਆ ਖੇਡਣ ਦਾ ਬਹੁਤ ਸ਼ੌਕੀਨ ਸੀ। ਉਹ ਸ਼ਰਤਾਂ ਲਾ ਕੇ ਜੂਆ ਖੇਡਦਾ ਸੀ ਤੇ ਹਾਰਨ ਵਾਲੇ ਦਾ ਸਿਰ ਵੱਢ ਲੈਂਦਾ ਸੀ। ਇਸੇ ਕਰਕੇ ਉਹਦਾ ਨਾਂ ਸਿਰਕੱਪ ਪਿਆ ਹੋਇਆ ਸੀ। ਰਾਜਾ ਰਸਾਲੂ ਨੇ ਸਿਰਕੱਪ ਨਾਲ ਚੌਪਟ ਖੇਡਣ ਦਾ ਫੈਸਲਾ ਕਰ ਲਿਆ ਅਤੇ ਸਿਰਕੋਟ ਪੁੱਜ ਕੇ ਰਾਜਾ ਸਿਰਕੱਪ ਦੇ ਬਾਗ ਵਿਚ ਜਾ ਉਤਾਰਾ ਕੀਤਾ। ਜਦੋਂ ਰਸਾਲੂ ਬਾਗ ਵਿਚ ਪੁੱਜਾ ਤਾਂ ਸਿਰਕੱਪ ਦੀ ਹੁਸ਼ਨਾਕ ਬੇਟੀ ਆਪਣੀਆਂ ਸੱਠ ਸਹੇਲੀਆਂ ਨਾਲ ਪੀਂਘ ਝੂਟ ਰਹੀ ਸੀ। ਮੁਟਿਆਰ ਨੂੰ ਵੇਖ ਹੁਸਨ ਦੇ ਰਸੀਏ ਰਸਾਲੂ ਦੀਆਂ ਅੱਖੀਆਂ ਚੁੰਧਿਆ ਗਈਆਂ। ਹੁਸਨ ਮਚਲਿਆ... ਇਸ਼ਕ ਤੜਪਿਆ... ਰਾਜਕੁਮਾਰੀ ਨੇ ਰਸਾਲੂ ਵੱਲ ਵੇਖਿਆ ਤੇ ਬੁਲ੍ਹੀਆਂ 'ਚ ਮੁਸਕਰਾ ਕੇ ਬੋਲੀ, "ਅੜਿਆ। ਇਕ ਪੀਂਘ ਦਾ ਝੂਟਾ ਈ ਦੇ ਛੱਡ, ਦੇਖਾਂ ਕਿੰਨਾ ਕੁ ਜ਼ੋਰ ਐ ਤੇਰੇ ਡੌਲਿਆਂ 'ਚ!"

"ਹੁਸਨ ਦੀਏ ਪਰੀਏ ਤੂੰ 'ਕੱਲ੍ਹੀ ਕੀ ਸਾਰੀਆਂ ਸਹੇਲੀਆਂ ਨੂੰ ਨਾਲ ਲੈ ਕੇ ਪੀਂਘ 'ਤੇ ਚੜ੍ਹ ਜਾ, 'ਕੱਠੀਆਂ ਨੂੰ ਈ ਝੂਟਾ ਦੇ ਦੇਂਦਾ ਹਾਂ।" ਰਸਾਲੂ ਨੇ ਆਪਣੇ ਡੌਲਿਆਂ 'ਤੇ ਮਾਣ ਕਰਦਿਆਂ ਆਖਿਆ।

ਰਾਜਕੁਮਾਰੀ ਆਪਣੀਆਂ ਸੱਠਾਂ ਸਹੇਲੀਆਂ ਸਮੇਤ ਪੀਂਘ 'ਤੇ ਚੜ੍ਹ ਗਈ। ਰਾਜਾ ਰਸਾਲੂ ਨੇ ਪੀਂਘ ਨੂੰ ਅਜਿਹਾ ਜ਼ੋਰਦਾਰ ਝੂਟਾ ਦਿੱਤਾ ਕਿ ਪੀਂਘ ਅਧ ਅਸਮਾਨੇ ਪੁੱਜ ਗਈ। ਮੁੜਦੀ ਹੋਈ ਪੀਂਘ 'ਤੇ ਰਸਾਲੂ ਨੇ ਤਲਵਾਰ ਨਾਲ ਵਾਰ ਕਰਕੇ ਦੋ ਟੋਟੇ ਕਰ ਦਿੱਤੇ ਤੇ ਸਾਰੀਆਂ ਲੋਟ-ਪੋਟ ਹੋਈਆਂ ਧਰਤੀ 'ਤੇ ਡਿੱਗ ਪਈਆਂ... ਕਈਆਂ ਦੇ ਸੱਟਾਂ ਵੱਜੀਆਂ। ਰਾਜੇ ਨੂੰ ਇਸ ਘਟਨਾ ਦਾ ਪਤਾ ਲੱਗਾ... ਉਹ ਘਬਰਾ ਗਿਆ... ਰਾਜਾ ਰਸਾਲੂ ਦੇ ਪੁੱਜਣ ਦੀ ਖ਼ਬਰ ਉਹ ਨੂੰ ਮਿਲ ਗਈ ਸੀ। ਰਸਾਲੂ ਨੇ ਸ਼ਹਿਰ ਦੇ ਦੁਆਰ 'ਤੇ ਪਏ ਸਿਰਕੱਪ ਦੇ ਦਸਾਂ ਦੇ ਦਸ ਧੌਂਸੇ ਪਹਿਲਾਂ ਹੀ ਭੰਨ ਸੁੱਟੇ ਸਨ। ਰਸਾਲੂ ਸਿਰਕੱਪ ਦੇ ਦਰਬਾਰ ਵਿਚ ਪੁੱਜ ਗਿਆ ਤੇ ਉਹਦੇ ਨਾਲ ਚੌਪਟ ਖੇਡਣ ਦੀ ਇੱਛਾ ਪ੍ਰਗਟਾਈ। ਸਿਰਕੱਪ ਨੇ ਸ਼ਰਤ ਰੱਖੀ ਕਿ ਜਿਹੜਾ ਹਾਰੇ ਉਹ ਆਪਣੀ ਸਾਰੀ ਦੌਲਤ, ਰਾਜ ਅਤੇ ਆਪਣਾ ਸਿਰ ਦੇਵੇਗਾ।

ਸਿਰਕੱਪ ਦੀਆਂ ਸ਼ਰਤਾਂ ਅਨੁਸਾਰ ਚੌਂਪਟ ਦੀ ਬਾਜ਼ੀ ਸ਼ੁਰੂ ਹੋਈ। ਸਿਰਕੱਪ ਚੌਂਪਟ ਖੇਡਣ ਸਮੇਂ ਆਪਣੇ ਵਿਰੋਧੀ ਦੀ ਬਿਰਤਾ ਉਖੇੜਨ ਲਈ ਕਈ ਛੱਲ ਤੇ ਹਥਕੰਡੇ ਵਰਤਦਾ ਸੀ... ਉਹਨੇ ਆਪਣੇ ਸੱਜੇ-ਖੱਬੇ ਆਪਣੀਆਂ ਖ਼ੂਬਸੂਰਤ ਰਾਣੀਆਂ ਅਤੇ ਧੀਆਂ ਬੈਠਾ ਲੈਣੀਆਂ। ਜਦੋਂ ਵਿਰੋਧੀ ਖਿਡਾਰੀ ਰਾਣੀ ਵੱਲ ਧਿਆਨ ਕਰਦਾ ਤਾਂ ਧੀ ਹੋਲੇ ਦੇਣੇ ਗੋਟ ਹਲਾ ਦੇਂਦੀ ਤੇ ਜਦੋਂ ਧੀ ਵੱਲ ਧਿਆਨ ਜਾਂਦਾ ਤਾਂ ਰਾਣੀ ਵੀ ਇੰਜ ਹੀ ਕਰਦੀ... ਇਸ ਤਰ੍ਹਾਂ ਖਿਡਾਰੀ ਦਾ ਧਿਆਨ ਉੱਖੜ ਜਾਂਦਾ ਤੇ ਉਹ ਬਾਜ਼ੀ ਹਾਰ ਜਾਂਦਾ। ਰਸਾਲੂ ਦਾ ਧਿਆਨ ਉਖੇੜਨ ਲਈ ਵੀ ਅਜਿਹਾ ਹੀ ਕੀਤਾ ਗਿਆ ਪ੍ਰੰਤੂ ਰਸਾਲੂ ਪੂਰੇ ਧਿਆਨ ਨਾਲ ਚੌਂਪਟ ਖੇਡਦਾ ਰਿਹਾ... ਰਾਣੀਆਂ ਦੇ ਹੁਸਨ ਦਾ ਜਾਦੂ ਉਸ ’ਤੇ ਨਾ ਚੱਲਿਆ... ਉਹ ਪਹਿਲੀ ਬਾਜ਼ੀ ਜਿੱਤ ਗਿਆ।

ਦੂਜੀ ਬਾਜ਼ੀ ਸ਼ੁਰੂ ਹੋਈ “ਸਿਰਕੱਪ ਨੇ ਰਾਣੀਆਂ ਦੀ ਥਾਂ ਆਪਣੇ ਆਲੇ-ਦੁਆਲੇ ਕਈ ਨਫ਼ਰ ਬਠਾ ਲਏ ਜੋ ਰਾਜਾ ਰਸਾਲੂ ਦਾ ਧਿਆਨ ਉਖੇੜਨ ਲਈ ਉਹਦੇ ਪਾਸੋਂ ਬੁਝਾਰਤਾਂ ਪੁੱਛਣ ਲੱਗੇ... ਰਸਾਲੂ ਬੁਝਾਰਤਾਂ ਵੀ ਬੁਝਦਾ ਰਿਹਾ ਤੇ ਨਾਲੋ-ਨਾਲ ਆਪਣੀ ਚਾਲ ਵੀ ਚਲਦਾ ਰਿਹਾ... ਉਹ ਦੂਜੀ ਬਾਜ਼ੀ ਵੀ ਜਿੱਤ ਗਿਆ।

ਤੀਜੀ ਬਾਜ਼ੀ ਸਿਰ ਦੀ ਬਾਜ਼ੀ ਸੀ... ਸਿਰਕੱਪ ਦਾ ਤੀਜਾ ਛੱਲ ਇਹ ਸੀ ਕਿ ਉਹ ਖੇਡਣ ਸਮੇਂ ਸਿਧਾਈਆਂ ਹੋਈਆਂ ਦੋ ਚੂਹੀਆਂ ਕੱਢ ਲੈਂਦਾ ਜੋ ਹੌਲੀ ਦੇਣੇ ਚੌਂਪਟ ਉਤੋਂ ਲੰਘ ਕੇ ਗੋਟਾਂ ਨੂੰ ਹਲਾ ਦੇਂਦੀਆਂ ਪ੍ਰੰਤੂ ਰਸਾਲੂ ਨੇ ਉਹਦਾ ਇਹ ਛੱਲ ਵੀ ਚੱਲਣ ਨਾ ਦਿੱਤਾ। ਉਹਨੇ ਆਪਣੀ ਜੇਬ੍ਹ ਵਿਚੋਂ ਬਲੂੰਗੜਾ ਕੱਢ ਕੇ ਆਪਣੇ ਕੋਲ ਬਹਾ ਲਿਆ ਜਿਸ ਤੋਂ ਡਰ ਕੇ ਚੂਹੀਆਂ ਚੌਂਪਟ ਵੱਲ ਆਈਆਂ ਹੀ ਨਾ ਜਿਸ ਕਰਕੇ ਰਸਾਲੂ ਇਹ ਬਾਜ਼ੀ ਵੀ ਜਿੱਤ ਗਿਆ। ਸਿਰਕੱਪ ਸਿਰ ਦੀ ਬਾਜ਼ੀ ਹਾਰ ਗਿਆ। ਐਨ ਉਸ ਸਮੇਂ ਇਕ ਨੌਕਰ ਨੇ ਆ ਕੇ ਰਾਜਾ ਸਿਰਕੱਪ ਨੂੰ ਸੂਚਨਾ ਦਿੱਤੀ ਕਿ ਉਸ ਦੇ ਘਰ ਬੇਟੀ ਨੇ ਜਨਮ ਲਿਆ ਹੈ। ਰਾਜੇ ਨੇ ਤੁਰੰਤ ਹੁਕਮ ਸੁਣਾ ਦਿੱਤਾ, “ਉਸ ਮਨਹੂਸ ਕੁੜੀ ਨੂੰ ਇਸੇ ਵਕਤ ਮਾਰ ਦਿੱਤਾ ਜਾਵੇ ਜਿਸ ਦੇ ਕਾਰਨ ਮੈਂ ਸਿਰ ਦੀ ਬਾਜ਼ੀ ਹਾਰ ਗਿਆ ਹਾਂ।”

“ਰਾਜਨ ਤੈਨੂੰ ਇਹ ਹੁਕਮ ਦੇਣ ਦਾ ਹੁਣ ਕੋਈ ਅਧਿਕਾਰ ਨਹੀਂ”, ਰਾਜਾ ਰਸਾਲੂ ਸਿਰਕੱਪ ਨੂੰ ਮੁਖ਼ਾਤਿਬ ਹੋਇਆ, “ਤੂੰ ਅਪਣਾ ਸਿਰ ਤੇ ਰਾਜ ਹਾਰ ਚੁੱਕੈਂ... ਤੂੰ ਆਪਣੀ ਧੀ ਨੂੰ ਨਹੀਂ ਮਰਵਾ ਸਕਦਾ, ਉਹ ਹੁਣ ਮੇਰੀ ਹੈ।” ਰਾਜਾ ਸਿਰਕੱਪ ਨਿਮੋਝੂਣਾ ਹੋਇਆ ਰਸਾਲੂ ਦੇ ਸਾਹਮਣੇ ਸਿਰ ਸੁੱਟੀ ਖੜ੍ਹਾ ਸੀ.. ਉਹ ਨੂੰ ਆਪਣੀ ਮੌਤ ਨਜ਼ਰ ਆਉਂਦੀ ਪਈ ਸੀ... ਸੈਂਕੜੇ ਮੌਤਾਂ ਦਾ ਵਣਜਾਰਾ ਆਪਣੀ ਮੌਤ ਨੂੰ ਚਿਤਵ ਕੇ ਥਰ-ਥਰ ਕੰਬ ਰਿਹਾ ਸੀ। ਉਹ ਦੀਆਂ ਅੱਖੀਆਂ ਵਿਚ ਤਰਲਾ ਸੀ! ਜਾਨ ਬਖਸ਼ੀ ਲਈ ਉਹਦੇ ਬੁੱਲ੍ਹ ਕੰਬੇ।

ਦਿਆਵਾਨ ਰਸਾਲੂ ਦੇ ਮਨ ਵਿਚ ਦਿਆ ਗਈ, “ਤੈਨੂੰ ਇਕ ਸ਼ਰਤ ’ਤੇ ਮੁਆਫ ਕਰ ਸਕਦਾ ਹਾਂ। ਤੂੰ ਤੱਤੇ ਤਵੇ ’ਤੇ ਮੱਥੇ ਨਾਲ ਲਕੀਰਾਂ ਕੱਢ ਕੇ ਬਚਨ ਦੇ, ਕਿ ਤੂੰ ਅੱਗੇ ਤੋਂ ਜੂਆ ਨਹੀਂ ਖੇਡੇਂਗਾ ਅਤੇ ਨਾ ਹੀ ਕਿਸੇ ’ਤੇ ਜ਼ੁਲਮ

ਕਰੇਂਗਾ।”

ਆਪਣੀ ਜਾਨ ਬਖਸ਼ੀ ਲਈ ਸਿਰਕੱਪ ਸਭ ਕੁਝ ਕਰਨ ਲਈ ਤਿਆਰ ਹੋ ਗਿਆ... ਰਸਾਲੂ ਨੇ ਉਸ ਨੂੰ ਮੁਆਫ ਕਰ ਦਿੱਤਾ! ਰਾਜਾ ਸਿਰਕੱਪ ਨੇ ਬੜੇ ਆਦਰ ਨਾਲ ਆਪਣੀ ਨਵਜਨਮੀ ਧੀ ਦਾ ਡੋਲਾ ਤਿਆਰ ਕਰਵਾਇਆ ਤੇ ਇਕ ਥਾਲ ਵਿਚ ਸ਼ਗਨ ਵਜੋਂ ਅੰਬ ਦੀ ਟਾਹਣੀ ਰੱਖ ਕੇ ਰਾਜਾ ਰਸਾਲੂ ਨੂੰ ਭੇਟ ਕਰ ਦਿੱਤੀ। ਰਸਾਲੂ ਨੇ ਉਸ ਮਲੂਕੜੀ ਦਾ ਨਾਂ ਕੋਕਲਾਂ ਰੱਖਿਆ। ਕੁਝ ਦਿਨ ਰਾਜਾ ਸਿਰਕੱਪ ਦੀ ਪ੍ਰਾਹੁਣਚਾਰੀ ਮਾਣਨ ਪਿੱਛੋਂ ਰਾਜਾ ਰਸਾਲੂ ਅਗਾਂਹ ਜਾਣ ਦੀ ਤਿਆਰੀ ਕਰਨ ਲੱਗਾ।

ਸਿਰੀਕੋਟ ਤੋਂ ਵਿਦਾ ਹੋ ਕੇ ਰਸਾਲੂ ਨੇ ਖੇੜੀ ਮੂਰਤੀ ਦੀਆਂ ਪਹਾੜੀਆਂ ਵਿਚ ਆਣ ਡੇਰੇ ਲਾਏ। ਉਥੇ ਉਹਨੇ ਇਕ ਮਹਿਲ ਬਣਵਾਇਆ ਤੇ ਮਹਿਲ ਦੇ ਬਾਹਰ ਇਕ ਅੰਬ ਦਾ ਬੂਟਾ ਲਾ ਕੇ ਆਖਿਆ, “ਜਦੋਂ ਇਸ ਬੂਟੇ ਨੂੰ ਬੂਰ ਪਵੇਗਾ ਉਦੋਂ ਕੋਕਲਾਂ ਭਰ ਜੋਵਨ ਮੁਟਿਆਰ ਬਣ ਜਾਵੇਗੀ। ਫੇਰ ਮੈਂ ਉਸ ਨਾਲ ਸ਼ਾਦੀ ਰਚਾ ਕੇ ਉਸ ਨੂੰ ਆਪਣੀ ਰਾਣੀ ਬਣਾ ਲਵਾਂਗਾ।”

ਕੋਕਲਾਂ ਨੂੰ ਇਸ ਪਹਾੜੀ ਮਹਿਲ ਵਿਚ ਰੱਖਿਆ ਗਿਆ। ਉਹ ਮਹਿਲ ਮਗਰੋਂ “ਰਾਣੀ ਕੋਕਲਾਂ ਦੇ ਧੌਲਰ” ਦੇ ਨਾਂ ਨਾਲ ਪ੍ਰਸਿੱਧ ਹੋਇਆ। ਕੱਲਮ ਕੱਲੀ ਉਹ ਜਵਾਨ ਹੋਣ ਲੱਗੀ ਉਹਦੇ ਦਿਲ ਪ੍ਰਚਾਵੇ ਲਈ ਤੋਤਾ ਤੇ ਮੈਨਾ ਸਨ ਜਿਨ੍ਹਾਂ ਨਾਲ ਉਹ ਆਪਣੇ ਦਿਲ ਦੀਆਂ ਗੱਲਾਂ ਕਰਦੀ ਰਹਿੰਦੀ। ਕੇਹੀ ਜ਼ਿੰਦਗੀ ਸੀ ਉਹਦੀ ਕੱਲਮ-ਕੱਲੀ। ਉਹ ਮਹਿਲ ਦੇ ਕਿੰਗਰਿਆਂ ’ਤੇ ਖੜ੍ਹ ਕੇ ਪਹਾੜੀ ਨਜ਼ਾਰਿਆਂ ਦਾ ਆਨੰਦ ਮਾਣਦੀ ਹੋਈ ਰਸਾਲੂ ਨੂੰ ਉਡੀਕਦੀ ਰਹਿੰਦੀ..। ਰਸਾਲੂ ਨਿੱਤ ਨਵੀਆਂ ਮੁਹਿੰਮਾਂ ’ਤੇ ਚੜ੍ਹਿਆ ਰਹਿੰਦਾ.. ਉਹ ਨੂੰ ਸ਼ਿਕਾਰ ਖੇਡਣ ਦਾ ਅਵੱਲੜਾ ਰੋਗ ਸੀ... ਜੰਗਲ ’ਚ ਘੁੰਮਦਿਆਂ ਉਹ ਕੋਕਲਾਂ ਨੂੰ ਬਿਲਕੁਲ ਹੀ ਭੁੱਲ ਜਾਂਦਾ।

ਸਮਾਂ ਬੀਤਦਾ ਗਿਆ... ਅੰਬ ਦੇ ਬੂਟੇ ਨੂੰ ਪਹਿਲਾ ਬੂਰ ਪਿਆ... ਇਹ ਕੋਕਲਾਂ ਦੇ ਭਰ ਜੋਵਨ ਮੁਟਿਆਰ ਹੋ ਜਾਣ ਦਾ ਸੰਕੇਤ ਸੀ... ਮਹਿਲੋਂ ਬਾਹਰ ਅੰਬੀਆਂ ਦੀ ਸੁਗੰਧ ਫੈਲੀ ਹੋਈ ਸੀ ਤੇ ਮਹਿਲਾਂ ਦੇ ਅੰਦਰ ਕੋਕਲਾਂ ਦਾ ਭਖ-ਭਖ ਕਰਦਾ ਜੋਬਨ ਲੱਪਟਾਂ ਛੱਡ ਰਿਹਾ ਸੀ। ਕੋਕਲਾਂ ਦੇ ਧੌਲਰ ਐਨੇ ਸੁਰੱਖਿਅਤ ਸਨ ਕਿ :ਉਥੇ ਚਿੜੀ ਤਕ ਨਹੀਂ ਸੀ ਫੜਕ ਸਕਦੀ। ਕੋਕਲਾਂ ਦਾ ਜੋਬਨ ਅੰਗੜਾਈਆਂ ਭੰਨ ਰਿਹਾ ਸੀ ਉਹ ਦੇ ਅੰਗ ਮਚਲ ਮਚਲ ਜਾਂਦੇ ਸਨ... ਇਕ ਰਸਾਲੂ ਸੀ ਜਿਸ ਨੂੰ ਆਪਣੇ ਹੋਰਨਾਂ ਸ਼ੌਂਕਾਂ ਤੋਂ ਹੀ ਵਹਿਲ ਨਹੀਂ ਸੀ ਮਿਲਦੀ... ਕੋਕਲਾਂ ਕਿਸੇ ਨਾਲ ਦੋ ਮਿੱਠੇ ਬੋਲ ਵੀ ਸਾਂਝੇ ਕਰਨ ਲਈ ਤਰਸ ਰਹੀ ਸੀ। ਉਹ ਆਏ ਦਿਨ ਸ਼ਿੰਗਾਰ ਕਰਦੀ ਤੇ ਧੌਲਰ ਦੀ ਬਾਰੀ ਵਿਚ ਬੈਠ ਕੇ ਰਸਾਲੂ ਨੂੰ ਉਡੀਕਦੀ।

ਇਕ ਦਿਨ ਕੀ ਹੋਇਆ ਰਾਜਾ ਰਸਾਲੂ ਆਪਣੀ ਮੁਹਿੰਮੇਂ ਚੜ੍ਹਿਆ ਹੋਇਆ ਸੀ ਕਿ ਅਚਨਚੇਤ ਸਿੰਧ ਦੇ ਰਾਜੇ

ਅਟਕੀ ਮੱਲ ਦਾ ਜਵਾਨ ਬੇਟਾ ਰਾਜਾ ਹੋਡੀ ਸ਼ਿਕਾਰ ਖੇਡਦਾ-ਖੇਡਦਾ ਰਾਣੀ ਕੋਕਲਾਂ ਦੇ ਧੌਲਰ ਕੋਲ ਆ ਗਿਆ... ਰਾਣੀ ਕੋਕਲਾਂ ਨੇ ਵੇਖਿਆ ਇਕ ਨੌਜਵਾਨ ਹੇਠਾਂ ਖੜੋਤਾ ਆਲੇ-ਦੁਆਲੇ ਵੇਖ ਰਿਹਾ ਹੈ... ਉਹ ਨੇ ਉਪਰੋਂ ਖੰਘੂਰਾ ਮਾਰ ਕੇ ਗੱਭਰੂ ਦਾ ਧਿਆਨ ਆਪਣੇ ਵੱਲ ਖਿੱਚਿਆ... ਗੱਭਰੂ ਨੇ ਨਿਗਾਹ ਉਤਾਂਹ ਘੁਮਾਈ... ਬਾਰੀ ਵਿਚ ਖੋੜਤਾ ਚੰਦ ਦਾ ਟੁਕੜਾ ਉਹਨੂੰ ਵਖਾਈ ਦਿੱਤਾ... ਦੋਹਾਂ ਦੇ ਨੈਣ ਮਿਲੇ... ਕੋਕਲਾਂ ਤਾਂ ਪਹਿਲਾਂ ਹੀ ਤੜਪਦੀ ਪਈ ਸੀ... ਹੈਡੀ ਉਹ ਦੇ ਹੁਸਨ ਦੀ ਤਾਬ ਨਾ ਝੱਲ ਸਕਿਆ... ਉਪਰ ਆਉਣ ਦਾ ਇਸ਼ਾਰਾ ਹੋਇਆ... ਮਹਿਲ ਦੇ ਦੁਆਰ 'ਤੇ ਬੜਾ ਭਾਰੀ ਪੱਥਰ ਪਿਆ ਸੀ ਜਿਸ ਨੂੰ ਸਰਕਾ ਕੇ ਮਹਿਲ ਅੰਦਰ ਜਾਇਆ ਜਾ ਸਕਦਾ ਸੀ... ਹੋਡੀ ਤੋਂ ਪੱਥਰ ਪਰੇ ਨਾ ਹਟਾ ਹੋਇਆ... ਧੌਲਰ ਉਪਰ ਜਾਣ ਦਾ ਹੋਰ ਕੋਈ ਰਸਤਾ ਨਹੀਂ ਸੀ। ਆਖਰ ਕੋਕਲਾਂ ਨੇ ਉਪਰੋਂ ਕੁਮੰਦ ਸੁੱਟ ਕੇ ਉਸ ਨੂੰ ਆਪਣੇ ਕੋਲ ਸੱਦ ਲਿਆ... ਹੁਸਨ ਤੇ ਇਸ਼ਕ ਦੇ ਮਿਲਾਪ ਨੇ ਦੋ ਰੂਹਾਂ ਨੂੰ ਸਰਸ਼ਾਰ ਕਰ ਦਿੱਤਾ... ਦੋਨੋਂ ਮਦਹੋਸ਼ੀ ਦੇ ਆਲਮ ਵਿਚ ਪੁੱਜ ਗਏ... ਕੋਕਲਾਂ ਦੀ ਤੜਪਨਾ ਸ਼ਾਂਤ ਹੋ ਗਈ ਸੀ ਤੇ ਉਹ ਰਾਜਾ ਹੋਡੀ ਦੇ ਅੰਗ-ਅੰਗ ਨੂੰ ਨਿਹਾਰ ਰਹੀ ਸੀ। ਤੁਰਨ ਲੱਗਿਆਂ ਹੋਡੀ ਨੇ ਮੁੜ ਆਉਣ ਦਾ ਇਕਰਾਰ ਕੀਤਾ ਤੇ ਕੁਮੰਦ ਰਾਹੀਂ ਮਹਿਲ ਤੋਂ ਥੱਲੇ ਉਤਰ ਗਿਆ...ਤ੍ਰਿਪਤੀ ਦੇ ਅਹਿਸਾਸ ਵਿਚ ਖੀਵੀ ਹੋਈ ਕੋਕਲਾਂ ਬਾਰੀ ਵਿਚ ਖੜੋ ਕੇ ਜਾਂਦੇ ਹੋਡੀ ਨੂੰ ਉਦੋਂ ਤਕ ਵੇਖਦੀ ਰਹੀ ਜਦੋਂ ਤਕ ਉਹ ਉਹ ਦੀਆਂ ਨਜ਼ਰਾਂ ਤੋਂ ਉਹਲੇ ਨਾ ਹੋ ਗਿਆ।

ਰਾਜਾ ਹੋਡੀ ਨੇ ਕੋਕਲਾਂ ਦੀ ਯਾਦ ਵਿਚ ਤੜਪਦਿਆਂ ਮਸੀਂ ਰਾਤ ਲੰਘਾਈ ਤੇ ਅਗਲੀ ਭਲਕ ਉਸ ਦੇ ਧੌਲਰ ਨੂੰ ਆ ਸਜਦਾ ਕੀਤਾ। ਇਸ ਤਰ੍ਹਾਂ ਇਹ ਹੁਸਨ-ਇਸ਼ਕ ਦਾ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਕੋਕਲਾਂ ਉਪਰੋਂ ਕੁਮੰਦ ਸੁੱਟਦੀ ਤੇ ਹੋਡੀ ਉਪਰ ਚਲਿਆ ਜਾਂਦਾ। ਇਕ ਦਿਨ ਕਿਧਰੇ ਰਸਾਲੂ ਅਚਨਚੇਤ ਸਾਝਰੇ ਵਾਪਸ ਆ ਗਿਆ... ਉਹ ਨੇ ਵੇਖਿਆ ਕੋਈ ਗੱਭਰੂ ਉਹਦੇ ਮਹਿਲਾਂ ਤੋਂ ਕੁਮੰਦ ਰਾਹੀਂ ਹੇਠਾਂ ਉਤਰ ਰਿਹਾ ਹੈ... ਇਹ ਕੌਣ ਸੀ ਜੀਹਨੇ ਉਹ ਦੇ ਮਹਿਲਾਂ ਨੂੰ ਸੰਨ੍ਹ ਲਾ ਲਈ ਸੀ... ਹੋਡੀ ਹੇਠਾਂ ਉਤਰਿਆ... ਦੋਹਾਂ ਨੇ ਇਕ-ਦੂਜੇ ਨੂੰ ਲਲਕਾਰਿਆ ਤੇ ਤਲਵਾਰਾਂ ਮਿਆਨਾਂ ਵਿਚੋਂ ਬਾਹਰ ਧਰੂਹ ਲਈਆਂ...ਦੋਹਾਂ ਨੇ ਬੜੀ ਫੁਰਤੀ ਨਾਲ ਇਕ-ਦੂਜੇ 'ਤੇ ਵਾਰ ਕੀਤੇ... ਰਾਜਾ ਰਸਾਲੂ ਦਾ ਵਾਰ ਹੀ ਅਜਿਹਾ ਸੀ ਕਿ ਹੋਡੀ ਉਹ ਦਾ ਵਾਰ ਨਾ ਝਲ ਸਕਿਆ.. ਹੋਡੀ ਦਾ ਸਿਰ ਉਹਦੇ ਧੜ ਨਾਲੋਂ ਵੱਖਰਾ ਹੋ ਗਿਆ... ਕੋਕਲਾਂ ਮਹਿਲਾਂ ਉਪਰ ਖੜੋਤੀ ਕੋਕਲਾਂ ਹੇਠਾਂ ਦਾ ਦ੍ਰਿਸ਼ ਵੇਖਦੀ ਪਈ ਸੀ... ਰਾਜਾ ਹੋਡੀ ਦੀ ਤੜਪਦੀ ਦੇਹ ਨੂੰ ਵੇਖਦਿਆਂ ਸਾਰ ਹੀ ਉਹ ਨੇ ਮਹਿਲ ਦੀ ਖਿੜਕੀ ਤੋਂ ਹੇਠਾਂ ਛਾਲ ਮਾਰ ਦਿੱਤੀ ਤੇ ਡਿੱਗਦਿਆਂ ਹੀ ਉਸ ਦਾ ਸਿਰ ਖਖੜੀ ਖਖੜੀ ਹੋ ਗਿਆ ਤੇ ਉਹ ਦੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ।

ਰਾਣੀ ਕੋਕਲਾਂ ਦੇ ਧੌਲਰਾਂ ਵਿਚ ਸਨਾਟਾ ਛਾ ਗਿਆ। ਉਹ ਦੀ ਮੈਨਾ ਤੇ ਪਿਆਰੇ ਤੋਤੇ ਨੇ ਖੰਭ ਫੜਫਾਏ ਤੇ ਅਸਮਾਨ ਵਿਚ ਉਡਾਰੀ ਮਾਰ ਗਏ।

ਰਾਜਾ ਰਸਾਲੂ ਆਪਣੀ ਰਾਣੀ ਕੋਕਲਾਂ ਦੀ ਬੇ-ਵਫਾਈ 'ਤੇ ਹੰਝੂ ਕੇਰਦਾ ਹੋਇਆ ਆਪਣੇ ਘੋੜੇ ਕੋਲ ਆਇਆ.. ਦੋਹਾਂ ਲਾਸ਼ਾਂ ਨੂੰ ਰੱਸੇ ਨਾਲ ਬੰਨ੍ਹ ਕੇ ਘੋੜੇ ਦੀ ਪਿੱਠ 'ਤੇ ਦੋਹੀਂ ਪਾਸੀ ਲਟਕਾ ਕੇ ਉਸ ਨੂੰ ਜੰਗਲ ਵੱਲ ਰਵਾਨਾ ਕਰ ਦਿੱਤਾ ਤੇ ਆਪ ਆਪਣੇ ਸ਼ਹਿਰ ਸਿਆਲ ਕੋਟ ਵੱਲ ਨੂੰ ਚਾਲੇ ਪਾ ਦਿੱਤੇ। ਕਹਿੰਦੇ ਹਨ ਮਗਰੋਂ ਹੋਡੀ ਦੇ ਭਰਾਵਾਂ ਨੇ ਰਸਾਲੂ ਨੂੰ ਸਿਆਲਕੋਟ ਆ ਘੇਰਿਆ ਤੇ ਉਹ ਉਨ੍ਹਾਂ ਨਾਲ ਲੜਦਾ ਹੋਇਆ ਆਪਣੀ ਜਾਨ 'ਤੇ ਖੇਡ ਗਿਆ... ਸਦੀਆਂ ਬੀਤਣ ਮਗਰੋਂ ਵੀ ਪੰਜਾਬ ਦੇ ਲੋਕ ਕਵੀ ਆਪਣੇ ਸੂਰਮੇ ਪੰਜਾਬੀ ਰਾਜੇ ਰਸਾਲੂ ਦੀਆਂ ਵਾਰਾਂ ਗਾ ਕੇ ਉਸ ਨੂੰ ਯਾਦ ਕਰਦੇ ਹਨ।

(ਸੁਖਦੇਵ ਮਾਦਪੁਰੀ)

# Sohni Mahiwal-Sukhdev Madpuri

# ਸੋਹਣੀ-ਮਹੀਵਾਲ ਸੁਖਦੇਵ ਮਾਦਪੁਰੀ

ਝਨਾਅ ਦੇ ਪਾਣੀਆਂ ਨੇ ਜਿਨ੍ਹਾਂ ਮੁਹੱਬਤੀ ਰੂਹਾਂ ਨੂੰ ਜਨਮ ਦਿੱਤਾ ਹੈ ਉਨ੍ਹਾਂ ਵਿਚ 'ਸੋਹਣੀ' ਇਕ ਅਜਿਹਾ ਅਮਰ ਨਾਂ ਹੈ ਜਿਸ ਨੇ ਪੰਜਾਬੀਆਂ ਦੇ ਮਨਾਂ 'ਤੇ ਅਮਿੱਟ ਛਾਪ ਛੱਡੀ ਹੈ। ਸਦੀਆਂ ਬੀਤਣ ਬਾਅਦ ਵੀ ਲੋਕ ਉਸ ਦੀਆਂ ਬਾਤਾਂ ਬੜੇ ਚਾਵਾਂ ਨਾਲ ਪਾਉਂਦੇ ਹਨ।

ਬਾਤ ਸਦੀਆਂ ਪੁਰਾਣੀ ਹੈ। ਬਲਖ਼ ਬੁਖਾਰੇ ਦੇ ਸੌਦਾਗਾਰ ਅਲੀ ਬੇਗ ਦਾ ਨੌਜਵਾਨ ਪੁੱਤਰ ਇੱਜ਼ਤ ਬੇਗ ਅਜੋਕੇ ਪਾਕਿਸਤਾਨ ਦੇ ਸ਼ਹਿਰ ਗੁਜਰਾਤ ਵਿਚ ਭਾਂਡਿਆਂ ਦਾ ਵਪਾਰ ਕਰਨ ਲਈ ਆਇਆ। ਇਕ ਦਿਨ ਉਹ ਆਪਣੇ ਨੌਕਰ ਨਾਲ ਗੁਜਰਾਤ ਦੀਆਂ ਹੱਟੀਆਂ ਵੇਖਦਾ-ਵੇਖਦਾ ਤੁੱਲੇ ਦੀ ਭਾਂਡਿਆਂ ਦੀ ਦੁਕਾਨ 'ਤੇ ਪੁੱਜ ਗਿਆ। ਦੁਕਾਨ 'ਤੇ ਭਾਂਡੇ ਖਰੀਦਣ ਵਾਲਿਆਂ ਦੀ ਬੜੀ ਭੀੜ ਸੀ। ਦੁਕਾਨ ਵਿਚ ਕੂਜੇ, ਬਾਦੀਏ, ਸੁਰਾਹੀਆਂ, ਘੜੇ, ਮਟਕੇ ਆਦਿ ਇਸ ਸਲੀਕੇ ਨਾਲ ਟਿਕਾਏ ਹੋਏ ਸਨ ਜਿਵੇਂ ਕਿਸੇ ਚਿੱਤਰਕਾਰ ਨੇ ਆਪਣੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ ਹੋਵੇ।

ਇੱਜਤ ਬੇਗ ਬਾਹਰ ਖੜ੍ਹਾ ਸਜੀਲੀ ਦੁਕਾਨ ਵੱਲ ਪ੍ਰਸੰਸਾ ਭਰੀਆਂ ਤੱਕਣੀਆਂ ਨਾਲ ਤੱਕਦਾ ਰਿਹਾ। ਗਾਹਕਾਂ ਦੀ ਕੁਝ ਭੀੜ ਘਟੀ। ਤੁੱਲੇ ਦੀ ਨਿਗਾਹ ਨੌਜਵਾਨ ਸੌਦਾਗਰ 'ਤੇ ਜਾ ਪਈ।

"ਹੁਕਮ ਕਰੋ ਸਭ ਕੁਝ ਹਾਜ਼ਰ ਹੈ, ਜਲ ਪਾਣੀ ਦੀ ਆਗਿਆ ਦਿਓ।" ਤੁੱਲੇ ਨੇ ਨੌਜਵਾਨ ਸੌਦਾਗਰ ਅੱਗੇ ਦੋਨੋਂ ਹੱਥ ਜੋੜੇ ਅਤੇ ਕਾਹੀ ਦਾ ਬਣਿਆ ਰਾਂਗਲਾ ਮੂਹੜਾ ਅੱਗ ਵਧਾ ਦਿੱਤਾ।

"ਜਲ ਪਾਣੀ ਲਈ ਮਿਹਰਬਾਨੀ, ਸਾਨੂੰ ਕੁਝ ਭਾਂਡਿਆਂ ਦੀ ਲੋੜ ਏ, ਅਸੀਂ ਆਪਣੇ ਦੇਸ਼ ਨੂੰ ਤੁਹਾਡੇ ਦੇਸ਼ ਦੀ ਸੁਗਾਤ ਲਿਜਾਣਾ ਚਾਹੁੰਦੇ ਹਾਂ, ਕੁਝ ਨਮੂਨੇ ਵਿਖਾਓ।" ਮੂਹੜੇ 'ਤੇ ਬੈਠਦਿਆਂ ਇੱਜ਼ਤ ਬੇਗ ਨੇ ਉੱਤਰ ਦਿੱਤਾ।

ਤੁੱਲਾ ਘੁਮਿਆਰ ਦੁਕਾਨ ਅੰਦਰੋਂ ਭਾਂਡੇ ਲੈਣ ਲਈ ਚਲਿਆ ਗਿਆ. ਇੱਜ਼ਤ ਬੇਗ ਸੋਚ ਰਿਹਾ ਸੀ ਕਿ ਉਹ ਖੂਬਸੂਰਤ ਭਾਂਡਿਆਂ ਦੇ ਰਚਣਹਾਰੇ ਦੀ ਸਿਫਤ ਕਰੇ ਤਾਂ ਕਿਵੇਂ ਕਰੇ।

ਤੁੱਲਾ ਅੰਦਰੋਂ ਕਈ ਨਮੂਨੇ ਲੈ ਆਇਆ. ਨਮੂਨੇ ਕੀ ਸਨ- ਕਿਸੇ ਕਰਾਮਾਤੀ ਹੱਥਾਂ ਦਾ ਕਮਾਲ ਸਨ- ਤੱਕਿਆ ਭੁੱਖ ਲਹਿੰਦੀ ਸੀ।

"ਇਹ ਬਹੁਤ ਸੁੰਦਰ ਹਨ- ਅਤੀ ਸੁੰਦਰ। ਕੋਈ ਕਦਰਦਾਨ ਦਿਲ ਹੀ ਇਨ੍ਹਾਂ ਦਾ ਮੁੱਲ ਤਾਰ ਸਕਦਾ ਹੈ। ਤੁਸੀਂ ਏਡੇ

ਮਨਮੋਹਣੇ ਭਾਂਡੇ ਕਿਵੇਂ ਬਣਾ ਲੈਂਦੇ ਹੋ?" ਇੱਜ਼ਤ ਬੇਗ ਦੀਆਂ ਪ੍ਰਸੰਸਾ ਭਰੀਆਂ ਤੱਕਣੀਆਂ ਜਾਣਕਾਰੀ ਲੋੜਦੀਆਂ ਸਨ। ਪ੍ਰਸੰਸਾ ਦੇ ਸ਼ਬਦ ਸੁਣ ਕੇ ਤੁੱਲੇ ਦੀਆਂ ਅੱਖਾਂ ਚਮਕ ਉਠੀਆਂ। ਉਹ ਇੱਜ਼ਤ ਬੇਗ ਨੂੰ ਆਪਣੇ ਅੰਦਰ-ਬਾਰ ਲੈ ਗਿਆ ਜਿਥੇ ਭਾਂਡੇ ਬਣ ਰਹੇ ਸਨ। ਚੱਕ ਬੜੀ ਤੇਜ਼ੀ ਨਾਲ ਘੁੰਮ ਰਿਹਾ ਸੀ ਤੇ ਤੁੱਲੇ ਦੀ ਮੁਟਿਆਰ ਧੀ ਆਪਣੀਆਂ ਕੋਮਲ ਉਂਗਲਾਂ ਨਾਲ ਗੁੰਨ੍ਹੀ ਹੋਈ ਮਿੱਟੀ ਨੂੰ ਜਾਦੂ ਭਰੀਆਂ ਛੂਹਾਂ ਦੇ ਰਹੀ ਸੀ।

"ਇਹ ਹੈ ਮੇਰੀ ਧੀ ਸੋਹਣੀ, ਇਹ ਸਾਰੇ ਭਾਂਡੇ ਏਸੇ ਦੇ ਬਣਾਏ ਹੋਏ ਹਨ।" ਤੁੱਲੇ ਨੇ ਆਪਣੀ ਧੀ ਵੱਲ ਇਸ਼ਾਰਾ ਕੀਤਾ।

ਘੁੰਮਦਾ ਚੱਕ ਹੌਲੀ ਹੋ ਗਿਆ. ਮੁਟਿਆਰ ਚੱਕ ਉਤੇ ਜਨਮ ਲੈ ਰਹੇ ਸ਼ਾਹਕਾਰ ਵਿਚ ਮਗਨ ਸੀ, ਉਸ ਜ਼ਰਾ ਕੁ ਪਿੱਛੇ ਮੁੜ ਕੇ ਤੱਕਿਆ- ਕਾਲੀਆਂ ਘਟਾਵਾਂ ਪਿੱਛੋਂ ਚੰਦ ਦੀ ਪਿਆਰੀ ਟੁਕੜੀ ਟਹਿਕ ਪਈ।

ਇੱਜ਼ਤ ਬੇਗ ਨੇ ਧੁੱਪ ਵਿਚ ਸੁਕਾਏ ਜਾ ਰਹੇ ਭਾਂਡੇ ਤੱਕੇ ਅਤੇ ਆਵੇ ਵਿਚ ਪਕਾਏ ਜਾ ਰਹੇ ਭਾਂਡਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਜਿੰਨੀ ਦੇਰ ਉਹ ਇਸ ਬਾੜੇ ਵਿਚ ਰਿਹਾ ਸੋਹਣੀ ਦੀ ਪਿਆਰੀ ਸੂਰਤ ਉਹਨੂੰ ਨਜ਼ਰੀਂ ਆਂਦੀ ਰਹੀ ਸੀ। ਉਸ ਨੂੰ ਭਾਂਡਿਆਂ ਦੀ ਖੂਬਸੂਰਤੀ ਦਾ ਭੇਤ ਸਮਝ ਪੈ ਗਿਆ, "ਸੋਹਣੀ ਦਾ ਆਪਣਾ ਰੂਪ ਹੀ ਤਾਂ ਇਨ੍ਹਾਂ ਭਾਂਡਿਆਂ ਵਿਚ ਸਮਾਇਆ ਹੋਇਆ ਹੈ ਜਿਸ ਕਰਕੇ ਉਹ ਐਨੇ ਖੂਬਸੂਰਤ ਲਗਦੇ ਨੇ।"

ਇੱਜ਼ਤ ਬੇਗ ਨੇ ਬਹੁਤ ਸਾਰੇ ਭਾਂਡੇ ਖਰੀਦ ਲਏ; ਜੋ ਮੁੱਲ ਤੁੱਲੇ ਨੇ ਮੰਗਿਆ ਉਹਨੇ ਤਾਰ ਦਿੱਤਾ।

ਤੁੱਲੇ ਦੀ ਦੁਕਾਨ ਵਿਚੋਂ ਨਿਕਲਦਿਆਂ ਇੱਜ਼ਤ ਬੇਗ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਹ ਕਿਸੇ ਮੰਦਰ ਦੀ ਜ਼ਿਆਰਤ ਕਰਕੇ ਆ ਰਿਹਾ ਹੋਵੇ।

ਹੁਣ ਤੁੱਲੇ ਦੀ ਹੁਸ਼ਨਾਨ ਧੀ, ਸੋਹਣੀ ਇੱਜ਼ਤ ਬੇਗ ਦੇ ਖਿਆਲਾਂ 'ਤੇ ਛਾ ਚੁੱਕੀ ਸੀ।

ਇੱਜ਼ਤ ਬੇਗ ਨੇ ਖੂਬਸੂਰਤ ਭਾਂਡੇ ਆਪਣੇ ਤੰਬੂ ਵਿਚ ਸਜਾ ਦਿੱਤੇ ਜਿਸ ਭਾਂਡੇ ਵਲ ਉਹ ਤੱਕਦਾ, ਚੰਨ ਨਾਲੋਂ ਪਿਆਰੀ ਸੂਰਤ ਉਹਨੂੰ ਨਜ਼ਰ ਆਈ। ਹਰ ਪਾਸੇ ਸੋਹਣੀ, ਜਿਧਰ ਵੀ ਤੱਕਦਾ ਮੁਸਕਰਾਉਂਦੀ ਸੋਹਣੀ ਵਿਖਾਈ ਦਿੰਦੀ। ਸਾਰੀ ਰਾਤ ਉਹ ਸੋਹਣੀ ਦੇ ਖਿਆਲਾਂ ਵਿਚ ਖੋਇਆ ਰਿਹਾ, ਇਕ ਪਲ ਲਈ ਵੀ ਉਹਨੂੰ ਨੀਂਦ ਨਾ ਆਈ। ਪੈਸੇ ਦਾ ਵਣਜ ਕਰਨ ਆਇਆ ਸੌਦਾਗਰ ਇਸ਼ਕ ਦਾ ਵਣਜ ਕਰਨ ਲਈ ਉਤਾਵਲਾ ਹੋ ਉਠਿਆ। ਉਹਨੇ ਆਪਣਾ ਨੌਕਰ ਆਪਣੇ ਦੇਸ਼ ਪਰਤਾ ਦਿੱਤਾ ਤੇ ਆਪ ਗੁਜਰਾਤ ਵਿਚ ਹੀ ਭਾਂਡਿਆਂ ਦੀ ਹੱਟੀ ਪਾ ਲਈ। ਉਹ ਭਾਂਡੇ ਖਰੀਦਣ ਦੇ ਪੱਜ ਹਰ ਰੋਜ਼ ਸੋਹਣੀ ਦਾ ਪਿਆਰਾ ਮੁਖੜਾ ਤੱਕਣ ਆਉਂਦਾ। ਭਾਂਡਿਆਂ ਦਾ ਵਪਾਰੀ ਉਹ ਕਿਧਰੋਂ ਸੀ, ਉਹ ਤਾਂ ਨੈਣਾਂ ਦਾ ਵਣਜਾਰਾ ਸੀ, ਹੁਸਨ ਦੀ ਹੱਟੀ ਦਾ ਸੌਦਾ ਖਰੀਦਣ ਵਾਲਾ। ਦੁਕਾਨ ਵਿਚ ਘਾਟੇ 'ਤੇ ਘਾਟਾ ਪੈਂਦਾ ਗਿਆ।

ਇਕ ਵਰ੍ਹੇ ਵਿਚ ਹੀ ਉਹਨੇ ਆਪਣੀ ਸਾਰੀ ਪੂੰਜੀ ਮੁਕਾ ਦਿੱਤੀ। ਤੁੱਲੇ ਦਾ ਸੈਂਕੜੇ ਰੁਪਏ ਦਾ ਕਰਜ਼ਾ ਉਦੇ ਸਿਰ ਹੋ ਗਿਆ। ਹਾਲਤ ਇਥੋਂ ਤੱਕ ਪੁੱਜ ਗਈ ਕਿ ਉਹ ਰੋਟੀ ਤੋਂ ਵੀ ਆਤੁਰ ਹੋ ਗਿਆ।

ਅਜੇ ਤੀਕਰ ਇੱਜ਼ਤ ਬੇਗ ਨੇ ਸੋਹਣੀ ਨਾਲ ਦੋ ਪਿਆਰ ਭਰੀਆਂ ਗੱਲੜੀਆਂ ਨਹੀਂ ਸਨ ਕੀਤੀਆਂ, ਸੋਹਣੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਸਕਰਾਇਆ ਤਕ ਨਹੀਂ ਸੀ।

ਹਾਰ ਕੇ ਇੱਜ਼ਤ ਬੇਗ ਨੇ ਤੁੱਲੇ ਦੇ ਪੈਰ ਜਾ ਫੜੇ।

"ਮਾਪਿਆ ਮੈਨੂੰ ਬਚਾ ਲੈ। ਮੇਰੇ ਪਾਸ ਫੁੱਟੀ ਕੌਡੀ ਵੀ ਨਹੀਂ ਜੀਹਦੇ ਨਾਲ ਤੇਰਾ ਕਰਜ਼ਾ ਮੋੜ ਸਕਾਂ। ਇਸ ਪ੍ਰਦੇਸ਼ ਵਿਚ ਮੇਰਾ ਕੋਈ ਨਹੀਂ। ਹੇ ਨੇਕ ਦਿਲ ਬੰਦੇ ਮੇਰੇ 'ਤੇ ਤਰਸ ਕਰ। ਮੈਨੂੰ ਆਪਣੇ ਕੋਲ ਨੌਕਰ ਰੱਖ ਲੈ। ਮੈਂ ਸਿਰਫ ਦੋ ਟੁਕੜੇ ਰੋਟੀ ਦੇ ਖਾ ਕੇ ਗੁਜ਼ਾਰਾ ਕਰ ਲਵਾਂਗਾ, ਮੇਰੀ ਨੌਕਰੀ ਵਿਚੋਂ ਆਪਣਾ ਕਰਜ਼ਾ ਕੱਟ ਲੈਣਾ।" ਇੱਜ਼ਤ ਬੇਗ ਨੇ ਲੇਲੜ੍ਹੀਆਂ ਕੱਢਦਿਆਂ ਆਖਿਆ। ਉਹਦੇ ਨੈਣ ਭਰ ਆਏ।

ਤੁੱਲਾ ਸੋਚੀਂ ਪੈ ਗਿਆ। ਕੁਝ ਚਿਰ ਸੋਚ ਕੇ ਤੁੱਲੇ ਨੇ ਹੁੰਗਾਰਾ ਭਰਿਆ, 'ਬੇਟਾ ਘਾਬਰਨ ਦੀ ਲੋੜ ਨਹੀਂ। ਵਣਜਾਂ ਵਿਚ ਘਾਟੇ-ਵਾਧੇ ਬਣੇ ਹੀ ਹੋਏ ਨੇ। ਇਹ ਮੈਂ ਜਾਣਦਾਂ ਕਿ ਤੂੰ ਪ੍ਰਦੇਸੀ ਏਂ, ਤੇਰਾ ਏਥੇ ਕੋਈ ਮਦਦਗਾਰ ਨਹੀਂ। ਤੂੰ ਮੇਰੇ ਕੋਲ ਨੌਕਰ ਰਹਿਣ ਦਾ ਸਵਾਲ ਪਾਇਆ ਏ, ਮੈਂ ਸਵਾਲੀ ਕਦੇ ਦਰੋਂ ਮੋੜਿਆ ਨਹੀਂ। ਮੈਂ ਤੈਨੂੰ ਆਪਣੇ ਕੋਲ ਨੌਕਰ ਰੱਖਣ ਲਈ ਤਿਆਰ ਹਾਂ ਪਰ ਇਕ ਸ਼ਰਤ ਏ..."

"ਹਾਂ ਦੱਸ ਬਾਬਾ...।" ਇੱਜ਼ਤ ਬੇਗ ਕਾਹਲੀ ਨਾਲ ਬੋਲਿਆ। ਉਸ ਨੂੰ ਆਸ ਦਾ ਟਹਿਟਹਾਣਾ ਜਗਮਗਾਂਦੇ ਵਿਖਾਈ ਦੇ ਰਿਹਾ ਸੀ।

"ਤੈਨੂੰ ਮੱਝਾਂ ਚਾਰਨ 'ਤੇ ਨੌਕਰ ਰਹਿਣਾ ਪਵੇਗਾ, ਸੋਚ ਲੈ।" ਤੁੱਲੇ ਨੇ ਗੰਭੀਰਤਾਪੂਰਬਕ ਆਖਿਆ।

"ਮੈਨੂੰ ਮਨਜ਼ੂਰ ਏ, ਮੈਂ ਖਿੜੇ ਮੱਥੇ ਇਹ ਨੌਕਰੀ ਕਰਾਂਗਾ।"

ਇੱਜ਼ਤ ਬੇਗ ਲਈ ਜਿਵੇਂ ਸਵਰਗ ਦੀ ਖਿੜਕੀ ਖੁੱਲ੍ਹ ਗਈ ਹੋਵੇ। ਆਪਣੇ ਪਿਆਰੇ ਨਾਲ ਨੇੜਤਾ ਪ੍ਰਾਪਤ ਕਰਨ ਦੀ ਸੱਧਰ ਉਹਨੂੰ ਹੁਣ ਪੂਰੀ ਹੁੰਦੀ ਜਾਪਦੀ ਸੀ। ਇੱਜ਼ਤ ਬੇਗ ਮੂੰਹ ਝਾਖਰੇ ਹੀ ਮੱਝਾਂ ਖੋਲ੍ਹਦਾ, ਆਪਣੇ ਸਾਥੀਆਂ ਸਮੇਤ ਝਨਾਅ ਦੇ ਬੇਲੇ ਵਿਚ ਪੁੱਜ ਜਾਂਦਾ। ਇੱਜ਼ਤ ਬੇਗ ਤੋਂ ਉਹ ਹੁਣ ਮਹੀਂਵਾਲ ਬਣ ਚੁੱਕਾ ਸੀ, ਉਹਨੂੰ ਇਸੇ ਨਾਂ ਨਾਲ ਸੱਦਦੇ ਸਨ। ਕੋਈ ਡੇਢ ਵਰ੍ਹਾ ਇਸੇ ਤਰ੍ਹਾਂ ਲੰਘ ਗਿਆ. ਸੋਹਣੀ ਦੀ ਰਾਂਗਲੀ ਨੁਹਾਰ ਉਹਨੂੰ ਜ਼ਿੰਦਗੀ ਜੀਣ ਦਾ ਲਾਰਾ ਦਈ ਜਾ ਰਹੀ ਸੀ। ਉਹ ਕਲਪਨਾ ਵਿਚ ਹੀ ਕਈ ਵਾਰ ਸੋਹਣੀ ਨਾਲ ਸ਼ਹਿਦ ਭਰੀਆਂ ਗੱਲਾਂ ਕਰਦਾ,

ਰੁੱਸਦਾ, ਹੱਸਦਾ ਅਤੇ ਮਨਮਨਾਈ ਕਰਦਾ। ਪਰੰਤੂ ਸੋਹਣੀ ਉਹਦੇ ਪਾਸੋਂ ਬਹੁਤ ਦੂਰ ਸੀ- ਅਸਮਾਨੀ ਤਾਰਿਆਂ ਨਾਲੋਂ ਵੀਦੂਰ। ਸੋਹਣੀ ਤਾਂ ਉਹਦੇ ਲਈ ਲਾਜਵੰਤੀ ਦਾ ਬੂਟਾ ਸੀ, ਜਿਹੜਾ ਹੱਥ ਲਾਇਆ ਕੁਮਲਾ ਜਾਂਦਾ ਏ।

ਇਕ ਦਿਨ ਸੋਹਣੀ ਮਹੀਂਵਾਲ ਲਈ ਭੱਤਾ ਲੈ ਕੇ ਆ ਗਈ। ਉਹਦਾ ਚੋ ਚੋ ਪੈਂਦਾ ਰੂਪ ਮਹੀਂਵਾਲ ਨੂੰ ਤੜਪਾ ਗਿਆ। ਉਸ ਆਪਣੀ ਦਿਲ ਸੋਹਣੀ ਅੱਗੇ ਫੋਲ ਸੁੱਟਿਆ।

"ਸੋਹਣੀਏ! ਮੈਂ ਤੇਰੇ ਪਿੱਛੇ ਆਪਣੇ ਮਾਂ ਬਾਪ ਅਤੇ ਪਿਆਰਾ ਦੇਸ ਛੱਡ ਦਿੱਤੇ। ਪਰ ਤੂੰ ਏਂ ਜੀਹਨੇ ਮੇਰੇ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕੀਤੀ। ਹਜ਼ਾਰਾਂ ਲੱਖਾਂ ਦੀ ਦੌਲਤ ਨੂੰ ਲੱਤ ਮਾਰ ਕੇ ਮੈਂ ਤੇਰੀਆਂ ਮੱਝਾਂ ਚਾਰ ਰਿਹਾ। ਕੁਝ ਰਹਿਮ ਕਰ ਸੋਹਣੀ ਏਂ। ਕੁਝ ਤਰਸ ਕਰ ਹੁਸਨ ਪਰੀਏ।"

ਸੋਹਣੀ ਦੇ ਹੁਸ਼ਨਾਕ ਚਿਹਰੇ 'ਤੇ ਲਾਲੀ ਦੀ ਲਹਿਰ ਦੌੜ ਗਈ। ਉਹਨੇ ਮਹੀਂਵਾਲ ਨੂੰ ਆਪਣੀ ਮੁਹੱਬਤ ਇਸ਼ਕ ਦੀ ਦਹਿਲੀਜ ਚੜ੍ਹਾ ਦਿੱਤੀ।

"ਸੋਹਣੀਏਂ ਦੁਨੀਆਂ ਦੀਸਾਰੀ ਦੌਲਤ ਅੱਜ ਮੇਰੀ ਝੋਲੀ ਵਿਚ ਏ. ਮੇਰੇ ਨਾਲੋਂ ਅਮੀਰ ਹੁਣ ਦੁਨੀਆਂ ਵਿਚ ਦੂਜਾ ਕੋਈ ਨਹੀਂ।"

"ਮਹੀਂਵਾਲਾ ਮੈਂ ਆਪਣੀ ਪਾਕ ਮੁਹੱਬਤ ਤੇਰੇ ਹਵਾਲੇ ਕਰ ਦਿੱਤੀ ਐ, ਮੈਂ ਵਫਾ ਨਿਭਾਵਾਂਗੀ ਇਸ਼ਕ ਨੂੰ ਦਾਗ ਨਹੀਂ ਲੱਗਣ ਦਿਆਂਗੀ...।"

ਸੋਹਣੀ ਮਹੀਂਵਾਲ ਹਰ ਰੋਜ਼ ਬੇਲੇ ਵਿਚ ਪਿਆਰ ਮਿਲਣੀਆਂ ਮਾਣਦੇ ਰਹੇ।

ਬੇਲੇ ਵਿਚ ਸੋਹਣੀ ਦਾ ਰੋਜ਼ ਮਹੀਂਵਾਲ ਪਾਸ ਜਾਣਾ ਕਈ ਖਚਰੀਆਂ ਨਜ਼ਰਾਂ ਨੂੰ ਖੁੜਕ ਗਿਆ। ਉਨ੍ਹਾਂ ਦੇ ਇਸ਼ਕ ਦੀ ਚਰਚਾ ਸ਼ੁਰੂ ਹੋ ਗਈ:

ਤੂੰ ਹੱਸਦੀ ਦਿਲ ਰਾਜ਼ੀ ਮੇਰਾ

ਲਗਦੇ ਨੇ ਬੋਲ ਪਿਆਰੇ

ਚੱਲ ਕਿਧਰੇ ਦੋ ਗੱਲਾਂ ਕਰੀਏ

ਬਹਿ ਕੇ ਨਦੀ ਕਿਨਾਰੇ

ਲੁਕ ਲੁਕ ਲਾਈਆਂ ਪ੍ਰਗਟ ਹੋਈਆਂ

ਵਜ ਗਏ ਢੋਲ ਨਿਗਾਰੇ

ਸੋਹਣੀਏਂ ਆ ਜਾ ਨੀ

ਡੁੱਬਦਿਆਂ ਨੂੰ ਰੱਬ ਤਾਰੇ

ਤੁੱਲੇ ਨੂੰ ਵੀ ਸੋਹਣੀ ਮਹੀਂਵਾਲ ਦੇ ਪ੍ਰੇਮ ਬਾਰੇ ਸੂਹ ਮਿਲ ਗਈ. ਦੋ ਜਵਾਨੀਆਂ ਦੀ ਪਾਕ ਮੁਹੱਬਤ ਨੂੰ ਉਨ੍ਹਆਂ ਪ੍ਰਵਾਨ ਨਾ ਕੀਤਾ। ਮਹੀਂਵਾਲ ਨੂੰ ਚਾਕਓਂ ਜਵਾਬ ਮਿਲ ਗਿਆ ਤੇ ਸੋਹਣੀ ਨੂੰ ਉਨਾਂ ਗੁਜਰਾਤ ਦੇ ਇਕ ਹੋਰ ਘੁਮਾਰਾਂ ਦੇ ਮੁੰਡੇ ਨਾਲ ਵਿਆਹ ਦਿੱਤਾ।

ਸੋਹਣੀ ਮਹੀਂਵਾਲ ਲਈ ਤੜਫਦੀ ਰਹੀ, ਮਹੀਂਵਾਲ ਸੋਹਣੀ ਦੇ ਵੈਰਾਗ ਵਿਚ ਹੰਝੂ ਕੇਰਦਾ ਰਿਹਾ। ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ।

ਇੱਜ਼ਤ ਬੇਗੋਂ ਮਹੀਂਵਾਲ ਬਣਿਆ ਮਹੀਂਵਾਲ ਮਹੀਂਵਾਲੋਂ ਫਕੀਰ ਬਣ ਗਿਆ ਤੇ ਗੁਜਰਾਤ ਤੋਂ ਵਜ਼ੀਰਾਬਾਦ ਦੇ ਪਾਸੇ ਇਕ ਮੀਲ ਦੀ ਦੂਰੀ 'ਤੇ ਝਨਾਅ ਦਰਿਆ ਦੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਸੋਹਣੀ ਹੁਣ ਆਪਣੇ ਸਹੁਰੇ ਘਰ ਰਹਿ ਰਹੀ ਸੀ। ਇਕ ਦਿਨ ਫਕੀਰ ਬਣਿਆ ਮਹੀਂਵਾਲ ਸੋਹਣੀ ਨੂੰ ਜਾ ਮਿਲਿਆ ਤੇ ਉਨ੍ਹਾਂ ਹਰ ਰੋਜ਼ ਅੱਧੀ ਰਾਤ ਮਗਰੋਂ ਝਨਾਅ ਦੇ ਕੰਢੇ ਮਿਲਣਾ ਨੀਯਤ ਕਰ ਲਿਆ।

ਅੱਧੀ ਰਾਤ ਗੁਜ਼ਰਦੀ, ਸੋਹਣੀ ਆਪਣੇ ਘਰਦਿਆਂ ਤੋਂ ਚੋਰੀ ਉਠਦੀ ਤੇ ਇਕ ਮੀਲ ਬੇਲੇ ਦੇ ਤਰਾਹ-ਤਰਾਹ ਕਰ ਰਹੇ ਸੁੰਨਸਾਨ ਰਾਹਾਂ ਵਿਚੋਂ ਲੰਘਦੀ ਹੋਈ ਆਪਣੇ ਮਹੀਂਵਾਲ ਨੂੰ ਜਾ ਮਿਲਦੀ। ਮਹੀਂਵਾਲ ਪਾਰੋਂ ਕਾਲੀ ਬੋਲ਼ੀ ਰਾਤ ਵਿਚ ਝਨਾਅ ਪਾਰ ਕਰਕੇ ਆਉਂਦਾ। ਸਤਾਰਿਆਂ ਜੜੇ ਚੰਦੋਏ ਦੀ ਛਾਂ ਥੱਲੇ ਦੋ ਘਾਇਲ ਰੂਹਾਂ ਮਿਲਦੀਆਂ, ਪਿਆਰੀਆਂ, ਰਸ ਭਰੀਆਂ ਤੇ ਨਾ ਮੁੱਕਣ ਵਾਲੀਆਂ ਗੱਲਾਂ ਕਰਦੀਆਂ।

ਇਕ ਰਾਤ ਝਨਾਅ ਪਾਰ ਕਰੇਂਦੇ ਮਹੀਂਵਾਲ ਦੇ ਕਿਸੇ ਜਾਨਵਰ ਨੇ ਚੱਕ ਮਾਰਿਆ ਤੇ ਉਹਦਾ ਪੱਟ ਚੀਰ ਸੁੱਟਿਆ। ਹੁਣ ਉਹਦੇ ਲਈ ਤੈਰਨਾ ਮੁਸ਼ਕਲ ਹੋ ਗਿਆ ਸੀ।

ਅਗਲੀ ਰਾਤ ਸੋਹਣੀ ਆਪਣੇ ਨਾਲ ਮਿੱਟੀ ਦਾ ਪੱਕਾ ਘੜਾ ਲੈ ਗਈ। ਘੜੇ ਦੀ ਮਦਦ ਨਾਲ ਉਹਨੇ ਝਨਾਅ ਪਾਰ ਕੀਤਾ ਤੇ ਮਹੀਂਵਾਲ ਦੀ ਝੁੱਗੀ ਵਿਚ ਜਾ ਪੁੱਜੀ। ਮਹੀਂਵਾਲ ਸੋਹਣੀ ਨੂੰ ਮਿਲ ਕੇ ਆਪਣੀ ਪੀੜ ਭੁੱਲ ਗਿਆ, "ਤੈਨੂੰ ਪਾ ਕੇ, ਸੋਹਣੀਏਂ ਮੇਰਾ ਦੁੱਖ ਅੱਧਾ ਰਹਿ ਗਿਐ। ਤੂੰ ਤਾਂ ਮਰਦਾਂ ਨਾਲੋਂ ਵੀ ਤਕੜੀ ਨਿਕਲੀ ਏਂ, ਐਡੀ ਕਾਲੀ ਬੋਲ਼ੀ ਰਾਤ ਵਿਚ ਐਡੇ ਵੱਡੇ ਦਰਿਆ ਨੂੰ ਪਾਰ ਕਰਨਾ ਇਕ ਔਰਤ ਲਈ ਬਹੁਤ ਵੱਡੀ ਗੱਲ ਏ।" ਉਹ ਹਰ ਰੋਜ਼ ਦਰਿਆ

ਪਾਰ ਕਰਕੇ ਮਹੀਂਵਾਲ ਪਾਸ ਜਾਂਦੀ ਅਤੇ ਆਉਂਦੀ ਹੋਈ ਘੜੇ ਨੂੰ ਸਰਕੜੇ ਦੇ ਬੂਝੇ ਵਿਚ ਲੁਕੋ ਦੇਂਦੀ।

ਸੋਹਣੀ ਦੇ ਹਰ ਰੋਜ਼ ਅੱਧੀ ਰਾਤੋਂ ਬਾਹਰ ਜਾਣ ਤੇ ਉਹਦੀ ਨਨਾਣ ਨੂੰ ਸ਼ੱਕ ਹੋ ਗਿਆ। ਇਕ ਦਿਨ ਉਹ ਵੀ ਸੋਹਣੀ ਦੇ ਮਗਰ ਤੁਰ ਪਈ। ਸੋਹਣੀ ਨੂੰ ਆਪਣੇ ਮਗਰ ਆਉਂਦੀ ਕਦਮਾਂ ਦੀ ਵਾਜ਼ ਵੀ ਸੁਣਾਈ ਦਿੱਤੀ ਪਰੰਤੂ ਉਹਨੇ ਆਪਣੇ ਹੀ ਕਦਮਾਂ ਦੀ ਆਵਾਜ਼ ਦਾ ਭੁਲੇਖਾ ਜਾਣ ਕੇ ਗੱਲ ਆਈ ਗਈ ਕਰ ਛੱਡੀ। ਸੋਹਣੀ ਦਰਿਆ 'ਤੇ ਪੁੱਜੀ, ਸਰਕੜੇ ਦੇ ਬੂਝੇ ਵਿਚੋਂ ਘੜਾ ਚੁੱਕਿਆ ਤੇ ਦਰਿਆ ਵਿਚ ਠਿੱਲ੍ਹ ਪਈ. ਉਹਦੀ ਨਨਾਣ ਦੂਰ ਖੜ੍ਹੀ ਸਭ ਕੁਝ ਤੱਕਦੀ ਰਹੀ। ਸੋਹਣੀ ਕੁਝ ਸਮੇਂ ਮਗਰੋਂ ਵਾਪਸ ਪਰਤੀ ਤੇ ਘੜਾ ਉਸੇ ਥਾਂ 'ਤੇ ਲੁਕੋ ਦਿੱਤਾ। ਉਹਦੀ ਨਨਾਣ ਛੋਪਲੇ-ਛੋਪਲੇ ਕਦਮੀਂ ਸੋਹਣੀ ਤੋਂ ਪਹਿਲੋਂ ਘਰ ਪੁੱਜ ਗਈ।

ਦਿਨੇ ਨਨਾਣ ਨੇ, ਆਪਣੀ ਮਾਂ ਨੂੰ, ਸੋਹਣੀ ਦੇ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਣ ਦੀ ਸਾਰੀ ਵਾਰਤਾ ਜਾ ਸੁਣਾਈ।

ਅੱਧੀ ਰਾਤ ਲੰਘੀ, ਸੋਹਣੀ ਉੱਠੀ। ਬਾਹਰ ਘੁੱਪ ਹਨੇਰਾ ਪਸਰਿਆ ਹੋਇਆ ਸੀ। ਸਾਰੇ ਅਸਮਾਨ 'ਤੇ ਬੱਦਲ ਛਾਏ ਹੋਏ ਸਨ। ਸੋਹਣੀ ਨੇ ਦਰੋਂ ਬਾਹਰ ਪੈਰ ਰੱਖਿਆ ਹੀ ਸੀ ਕਿ ਬਿਜਲੀ ਕੜਕੜਾਈ। ਉਹਦਾ ਦਿਲ ਕੰਬ ਗਿਆ ਪਰੰਤੂ ਉਸ ਪੈਰ ਪਿੱਛੇ ਨਾ ਮੋੜੇ। ਉਹਦਾ ਮਹੀਂਵਾਲ ਉਹਨੂੰ ਉਡੀਕਦਾ ਪਿਆ ਸੀ... ਦੂਰ ਪਾਰਲੇ ਕੰਢੇ ਉਹਦਾ ਇੰਤਜ਼ਾਰ ਕਰ ਰਿਹਾ ਸੀ। ਉਹ ਆਪਣਾ ਦਿਲ ਤਕੜਾ ਕਰਕੇ ਤੁਰ ਪਈ। ਰਾਹ ਨਜ਼ਰੀਂ ਨਹੀਂ ਸੀ ਪੈਂਦਾ। ਰਾਹ ਵਿਚ ਅਨੇਕਾਂ ਕੰਡੇ ਤੇ ਝਾੜੀਆਂ ਖਿੰਡੀਆਂ ਪਈਆਂ ਸਨ। ਉਹ ਡਿਗਦੀ ਢਹਿੰਦੀ, ਝਾੜੀਆਂ, ਝਾਫਿਆਂ ਵਿਚ ਫਸਦੀ ਲਹੂ ਲੁਹਾਣ ਹੋਈ ਝਨਾਅ ਦੇ ਕੰਢੇ 'ਤੇ ਪੁੱਜ ਗਈ। ਉਸ ਸਰਕੜੇ ਦੇ ਬੂਝੇ ਵਿਚੋਂ ਘੜਾ ਚੁੱਕ ਲਿਆ। ਘੜੇ ਨੂੰ ਉਸ ਆਪਣੀ ਆਦਤ ਅਨੁਸਾਰ ਟੁਣਕਾ ਕੇ ਵੇਖਿਆ, ਪਹਿਲਾਂ ਵਰਗੀ ਟੁਣਕਾਰ ਨਹੀਂ ਸੀ। ਆਹ! ਕਿਸੇ ਪਾਪੀ ਨੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ ਸੀ। ਮੁਹੱਬਤ ਨਵੇਂ ਇਮਤਿਹਾਨ ਵਿਚ ਪਾ ਦਿੱਤੀ ਸੀ।

ਪਾਰਲੇ ਕੰਢੇ ਮਹੀਂਵਾਲ ਦੀ ਝੁੱਗੀ ਵਿਚ ਦੀਵਾ ਟਿਮਟਮਾ ਰਿਹਾ ਸੀ ਤੇ ਮਹੀਂਵਾਲ ਸੁਰੀਲੀ ਬੰਸਰੀ ਦੀਂ ਤਾਲਾਂ ਤੇ ਪਿਆਰੇ ਬੋਲ ਗਾਉਂਦਾ ਪਿਆ ਸੀ। ਉਰਲੇ ਕੰਢੇ ਸੋਹਣੀ ਕੱਚਾ ਘੜਾ ਚੁੱਕੀ ਸੋਚਾਂ ਵਿਚ ਡੁੱਬੀ ਖੜ੍ਹੀ ਸੀ। ਵਿਚਕਾਰ ਦਰਿਆ ਪੂਰੇ ਸਿਖਰ 'ਤੇ ਸੀ। ਅਸਮਾਨਾਂ 'ਤੇ ਕਹਿਰਾਂ ਦੀ ਬਿਜਲੀ ਲਿਸ਼ਕ ਰਹੀ ਸੀ।

"ਕੀ ਹੋਇਆ ਘੜਿਆ ਤੂੰ ਪੱਕਿਓਂ ਕੱਚਾ ਬਣ ਗਿਓਂ। ਮੈਂ ਪਿੱਛੇ ਨਹੀਂ ਪਰਤਾਂਗੀ, ਆਪਣਾ ਕੌਲ ਪੂਰਾ ਕਰਾਂਗੀ। ਮੈਂ ਮਰਦ ਜਾਤ ਪਾਸੋਂ ਇਹ ਉਲਾਂਭਾ ਨਹੀਂ ਖੱਟਾਂਗੀ। ਆਪਣੀ ਵਫ਼ਾ ਨਿਭਾਵਾਂਗੀ, ਚਾਹੇ ਮੈਨੂੰ ਆਪਣੀ ਜਿੰਦ ਵੀ ਕਿਉਂ ਨਾ ਵਾਰਨੀ ਪੈ ਜਾਵੇ..."

ਸੋਹਣੀ ਨੇ ਸੱਚੇ ਰੱਬ ਅੱਗੇ ਦੋਨੋਂ ਹੱਥ ਜੋੜੇ ਤੇ ਕੱਚੇ ਘੜੇ ਨਾਲ ਦਰਿਆ ਵਿਚ ਠਿੱਲ੍ਹ ਪਈ:

ਰਾਤ ਹਨੇਰੀ ਲਿਸ਼ਕਣ ਤਾਰੇ

ਕੱਚੇ ਘੜੇ 'ਤੇ ਮੈਂ ਤਰਦੀ

ਵੇਖੀਂ ਰੱਬਾ ਖੈਰ ਕਰੀਂ

ਤੇਰੀ ਆਸ ਤੇ ਮੂਲ ਨਾ ਡਰਦੀ

ਮੂੰਹ ਜ਼ੋਰ ਪਾਣੀਆਂ ਅੱਗੇ ਕੱਚਿਆਂ ਨੇ ਕਿੱਥੋਂ ਠਹਿਰਨਾ ਹੋਇਆ। ਸੋਹਣੀ ਅਜੇ ਥੋੜ੍ਹੀ ਦੂਰ ਹੀ ਗਈ ਸੀ ਕਿ ਘੜਾ ਖੁਰ ਗਿਆ। ਉਹ ਆਪਣੇ ਹੱਥ ਪੈਰ ਮਾਰਨ ਲੱਗੀ... ਹੋਰ ਕੁਝ ਗਜ਼ ਵਧੀ... ਕਹਿਰਾਂ ਦਾ ਪਾਣੀ ਵਗ ਰਿਹਾ ਸੀ। ਉਹਦਾ ਸਾਹ ਟੁੱਟਣ ਲੱਗਾ...।

"ਮਹੀਂਵਾਲਾ... ਮਹੀਂਵਾਲਾ.... ਆ ਮਿਲ ਲੈ ਮਹੀਂਵਾਲਾ... 'ਤੇ ਸੋਹਣੀ ਦੀ ਆਵਾਜ਼ ਗੁਆਚ ਗਈ। ਪਾਣੀ ਦੀ ਇਕ ਤੇਜ਼ ਲਹਿਰ ਉਹਨੂੰ ਆਪਣੇ ਨਾਲ ਵਹਾ ਕੇ ਲੈ ਗਈ।

ਬੜੇ ਜ਼ੋਰਾਂ ਦੀ ਬਿਜਲੀ ਕੜਕੀ। ਬਿਜਲੀ ਦੇ ਲਿਸ਼ਕਾਰੇ ਵਿਚ ਮਹੀਂਵਾਲ ਨੂੰ ਪਾਣੀਆਂ ਨਾਲ ਘੋਲ ਕਰੇਂਦੀ ਸੋਹਣੀ ਵਖਾਈ ਦਿੱਤੀ।

"ਸੋਹਣੀਏਂ ਦਿਲ ਨਾ ਛੱਡੀਂ, ਮੈਂ ਆਇਆ।" ਮਹੀਂਵਾਲ ਨੇ ਆਪਣੇ ਪੂਰੇ ਜ਼ੋਰ ਨਾਲ ਆਵਾਜ਼ ਮਾਰੀ ਅਤੇ ਦਰਿਆ ਵਿਚ ਛਾਲ ਮਾਰ ਦਿੱਤੀ।

ਉਹ ਮੁਸ਼ਕਿਲ ਨਾਲ ਝਨਾਂ ਦੇ ਅੱਧ ਵਿਚਕਾਰ ਪੁੱਜਿਆ ਹੀ ਸੀ ਕਿ ਉਹਨੇ ਬਿਜਲੀ ਦੇ ਲਿਸ਼ਕਾਰੇ ਵਿਚ ਆਪਣੇ ਤੋਂ ਚੰਦ ਕਦਮਾਂ ਦੀ ਦੂਰੀ 'ਤੇ ਰੁੜ੍ਹੀ ਜਾਂਦੀ ਸੋਹਣੀ ਤੱਕੀ। ਉਹਨੇ ਬੜੇ ਜ਼ੋਰ ਨਾਲ ਹੱਥ ਮਾਰੇ ਤੇ ਬੇਸੁਰਤ ਸੋਹਣੀ ਨੂੰ ਫੜ ਲਿਆ ਅਤੇ ਕੰਢੇ ਵੱਲ ਨੂੰ ਵਧਣ ਲੱਗਾ। ਦਰਿਆ ਅੱਜ ਪੂਰਾ ਚੜ੍ਹਿਆ ਹੋਇਆ ਸੀ। ਉਹਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਪੂਰਾ ਅੱਧਾ ਦਰਿਆ ਅਜੇ ਉਸ ਪਾਰ ਕਰਨਾ ਸੀ। ਉਸ ਬੜੀ ਕੋਸ਼ਿਸ਼ ਕੀਤੀ ਪਰੰਤੂ ਉਹਦਾ ਸਾਹ ਅਧ-ਵਿਚਕਾਰ ਹੀ ਟੁੱਟ ਗਿਆ। ਪਾਣੀ ਦੀ ਇਕ ਕਹਿਰਾਂ ਭਰੀ ਲਹਿਰ ਉਹਨੂੰ ਸੋਹਣੀ ਸਮੇਤ ਵਹਾਅ ਕੇ ਲੈ ਗਈ।

ਮਹੀਂਵਾਲ ਦੀ ਝੁੱਗੀ ਵਿਚ ਟਿਮਟਮਾਉਂਦਾ ਦੀਵਾ ਚਿਰੋਕਣਾ ਬੁੱਝ ਚੁੱਕਾ ਸੀ।

ਜਿਸ ਸਿਦਕ ਦਿਲੀ ਨਾਲ ਸੋਹਣੀ ਨੇ ਆਪਣੀ ਪ੍ਰੀਤ ਨਿਭਾਈ ਹੈ ਉਸ ਸਦਕਾ ਪੰਜਾਬ ਦਾ ਲੋਕ ਮਾਨਸ ਅੱਜ ਵੀ ਉਸ ਦੇ ਸਿਦਕ ਨੂੰ ਵਾਰ-ਵਾਰ ਪ੍ਰਣਾਮ ਕਰਦਾ ਹੈ:-

ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ

ਉਹਦੀ ਪ੍ਰੀਤ ਵੀ ਪਾਣੀ ਭਰਦੀ

ਵਿਚ ਝਨਾਵਾਂ ਦੇ

ਸੋਹਣੀ ਆਪ ਡੁੱਬੀ ਰੂਹ ਤਰਦੀ

# Roda Jalali-Lok Kahani

# ਰੋਡਾ ਜਲਾਲੀ-ਲੋਕ ਕਹਾਣੀ

'ਰੋਡਾ ਜਲਾਲੀ' ਦਿਲ ਹੂਲਵੀਂ ਪਾਕ ਮੁਹੱਬਤ ਦੀ ਲੋਕ ਗਾਥਾ ਹੈ। 17ਵੀਂ ਸਦੀ ਦੇ ਅੰਤ ਵਿਚ ਇਹ ਵਾਰਤਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਾਲ ਸਿੰਙੀ ਵਿਖੇ ਵਾਪਰੀ। ਕਿਸ਼ੋਰ ਚੰਦ ਅਤੇ ਬੂਟਾ ਗੁਜਰਾਤੀ ਨੇ ਇਸ ਬਾਰੇ ਦੋ ਕਿੱਸੇ ਜੋੜੇ ਹਨ। ਇਨ੍ਹਾਂ ਕਿੱਸਿਆਂ ਤੋਂ ਇਲਾਵਾ ਰੋਡਾ ਜਲਾਲੀ ਬਾਰੇ ਪੰਜਾਬ ਦੀਆਂ ਸੁਆਣੀਆਂ ਲੋਕ ਗੀਤ ਵੀ ਗਾਉਂਦੀਆਂ ਹਨ।

ਬਲਖ ਬੁਖ਼ਾਰੇ ਦਾ ਜੰਮਪਲ, ਆਪਣੀ ਮਾਂ ਦੀ ਮੌਤ ਦੇ ਵੈਰਾਗ ਵਿਚ ਫ਼ਕੀਰ ਬਣਿਆ ਰੋਡਾ ਪਾਕ ਪਟਣੋਂ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਾਲ ਸਿੰਙੀ ਆਣ ਪੁੱਜਾ। ਪਿੰਡ ਤੋਂ ਅੱਧ ਕੁ ਮੀਲ ਦੀ ਦੂਰੀ 'ਤੇ ਪੂਰਬ ਵੱਲ ਦੇ ਪਾਸੇ ਸੁਹਾਂ ਨਦੀ ਦੇ ਕੰਢੇ ਸ਼ਾਨਦਾਰ ਬਾਗ਼ ਸੀ। ਉਸ ਬਾਗ਼ ਵਿਚ ਇਸ ਫਕੀਰ ਨੇ ਜਾ ਡੇਰੇ ਲਾਏ।

ਫਕੀਰ ਇੱਕੀ-ਬਾਈ ਵਰ੍ਹੇ ਦਾ ਸੁਨੱਖਾ ਜੁਆਨ ਸੀ। ਗੇਰੂਏ ਕੱਪੜੇ ਉਹਦੇ ਸਿਓ ਜਿਹੇ ਦਗ਼-ਦਗ਼ ਕਰਦੇ ਸਰੀਰ 'ਤੇ ਬਣ-ਬਣ ਪੈਂਦੇ ਸਨ। ਰੂਪ ਉਹਦਾ ਝੱਲਿਆ ਨਹੀਂ ਸੀ ਜਾਂਦਾ। ਇਕ ਅਨੋਖਾ ਜਲਾਲ ਉਹਦੇ ਮਸਤਕ 'ਤੇ ਟਪਕ ਰਿਹਾ ਸੀ, ਅੱਖੀਆਂ ਰੱਜ-ਰੱਜ ਜਾਂਦੀਆਂ ਸਨ।

ਪਿੰਡ ਵਿਚ ਫਕੀਰ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ। ਨਾਲ ਹੀ ਨਵੇਂ ਸ਼ਰਧਾਲੂ ਪੈਦਾ ਹੋ ਗਏ। ਬੜੀਆਂ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ। ਕਿਸੇ ਦੀ ਮੱਝ ਗੁਆਚ ਗਈ, ਰੋਡੇ ਮੰਤਰ ਪੜ੍ਹਿਆ, ਮੱਝ ਆਪਣੇ-ਆਪ ਅਗਲੇ ਦੇ ਕੀਲੇ ਜਾ ਖੜ੍ਹੀ। ਕਿਸੇ ਦੀ ਗਊ ਨੇ ਦੁੱਧ ਨਾ ਦਿੱਤਾ, ਫ਼ਕੀਰ ਨੇ ਪੇੜਾ ਕੀਤਾ, ਗਊ ਧਾਰੀਂ ਪੈ ਗਈ। ਕਿਸੇ ਦਾ ਜੁਆਕ ਢਿੱਲਾ-ਮੱਠਾ ਹੋ ਗਿਆ, ਰੋਡੇ ਝਾੜਾ ਝਾੜਿਆ, ਮੁੰਡਾ ਨੌਂ-ਬਰ-ਨੌਂ। ਇਸ ਪ੍ਰਕਾਰ ਰੋਡੇ ਫਕੀਰ ਦੀ ਮਹਿਮਾ ਘਰ-ਘਰ ਹੋਣ ਲੱਗ ਪਈ। ਪਿੰਡ ਦੇ ਲੋਕੀਂ ਅਪਾਰ ਸ਼ਰਧਾ ਨਾਲ ਰੋਡੇ ਨੂੰ ਪੂਜਣ ਲੱਗੇ। ਮਾਈਆਂ ਬਣ-ਸੰਵਰ ਕੇ ਸੰਤਾਂ ਦੇ ਦਰਸ਼ਨਾਂ ਨੂੰ ਜਾਂਦੀਆਂ। ਆਪਣੇ ਮਨ ਦੀਆਂ ਮੁਰਾਦਾਂ ਲਈ ਰੋਡੇ ਪਾਸੋਂ ਅਸੀਸਾਂ ਮੰਗਦੀਆਂ। ਆਪਣੇ ਦੁੱਖ-ਸੁੱਖ ਫੋਲਦੀਆਂ। ਰੋਡਾ ਬੜੇ ਧਿਆਨ ਨਾਲ ਸੁਣਦਾ, ਸ਼ਹਿਦ ਜਿਹੇ ਮਿੱਠੇ ਬੋਲ ਬੋਲਦਾ। ਸਾਰਿਆਂ ਦੇ ਦਿਲ ਮੋਹੇ ਜਾਂਦਾ।

ਇਸੇ ਪਿੰਡ ਦੇ ਲੁਹਾਰਾਂ ਦੀ ਧੀ ਜਲਾਲੀ ਦੇ ਰੂਪ ਦੀ ਬੜੀ ਚਰਚਾ ਸੀ। ਕੋਈ ਗੱਭਰੂ ਅਜੇ ਤੀਕ ਉਹਨੂੰ ਜਚਿਆ ਨਹੀਂ ਸੀ। ਕਿਸੇ ਨੂੰ ਵੀ ਉਹ ਆਪਣੇ ਨੱਕ ਥੱਲੇ ਨਹੀਂ ਸੀ ਲਿਆਉਂਦੀ। ਸਾਰੇ ਜਲਾਲੀ ਨੂੰ ਪਿੰਡ ਦਾ ਸ਼ਿੰਗਾਰ ਸੱਦਦੇ

ਸਨ। ਪਹਾੜਾਂ ਦੀ ਪਰੀ ਨਾਲ ਤੁਲਨਾ ਦਿੰਦੇ ਸਨ,

ਜਲਾਲੀਏ ਲੁਹਾਰੀਏ ਨੀ

ਕੀ ਤੂੰ ਪਰੀ ਪਹਾੜ ਦੀ

ਕੀ ਅਸਮਾਨੀ ਹੂਰ।

ਸੁਹਣੀ ਦਿੱਸੇਂ ਫੁੱਲ ਵਾਂਗ

ਤੈਥੋਂ ਮੈਲ਼ ਰਹੀ ਏ ਦੂਰ।

ਤੈਨੂੰ ਵੇਖਣ ਆਉਂਦੇ

ਹੋ ਹੋ ਜਾਂਦੇ ਚੂਰ।

ਤਾਬ ਨਾ ਕੋਈ ਝੱਲਦਾ

ਤੇਰਾ ਏਡਾ ਚਮਕੇ ਨੂਰ।

ਘਰ ਲੁਹਾਰਾਂ ਜੰਮੀਓਂ

ਜਿਵੇਂ ਕੱਲਰ ਉੱਗਾ ਰੁੱਖ।

ਜੀਵਨ ਤੈਨੂੰ ਵੇਖ ਕੇ

ਤੇ ਭੁੱਲਣ ਸਾਰੇ ਦੁੱਖ।

ਫਟਕਣ ਪੰਛੀ ਵੇਖ ਕੇ

ਤੇਰਾ ਸੁਹਣਾ ਮੁੱਖ।

ਜੇ ਵੇਖੇ ਵਿਚ ਸੁਹਾਂ ਦੇ

ਤੇਰੀ ਵੀ ਲਹਿਜੇ ਭੁੱਖ।

ਜਲਾਲੀ ਨੇ ਵੀ ਰੋਡੇ ਫਕੀਰ ਦੀ ਮਹਿਮਾ ਸੁਣੀ। ਇਕ ਦਿਨ ਉਹ ਆਪਣੀਆਂ ਸਹੇਲੀਆਂ ਨਾਲ ਬਾਗ ਵਿਚ ਜਾ

ਪੁੱਜੀ। ਰੋਡਾ ਸਮਾਧੀ ਲਾਈ ਸਿਮਰਨ ਕਰ ਰਿਹਾ ਸੀ। ਸਾਰੀਆਂ ਨਮਸਕਾਰ ਕਰ ਕੇ ਬੈਠ ਗਈਆਂ। ਰੋਡੇ ਅੱਖ ਨਾ ਝਮਕੀ। ਬਸ ਮਸਤ ਰਿਹਾ।

ਜਲਾਲੀ ਸਿਮਰਨ ਕਰੇਂਦੇ ਰੋਡੇ ਵੱਲ ਤੱਕਦੀ ਰਹੀ, ਮੁਸਕਾਨਾਂ ਬਖੇਰਦੀ ਰਹੀ। ਕੋਈ ਰਾਂਗਲਾ ਸੁਪਨਾ ਉਹਨੂੰ ਸਾਕਾਰ ਹੁੰਦਾ ਜਾਪਿਆ। ਹੁਸਨ ਦਾ ਬੁੱਤ ਬਣਿਆ ਰੋਡਾ, ਜਲਾਲੀ ਦੇ ਧੁਰ ਅੰਦਰ ਦਿਲ ਵਿਚ ਲਹਿ ਗਿਆ। ਜਲਾਲੀ ਆਪਣੇ-ਆਪ ਮੁਸਕਰਾਈ। ਉਹ ਸਾਰੀਆਂ ਜਾਣ ਲਈ ਖੜ੍ਹੋ ਗਈਆਂ। ਰੋਡੇ ਅੱਖ ਖੋਲ੍ਹੀ। ਸਾਹਮਣੇ ਜਲਾਲੀ ਹੱਥ ਜੋੜੀ ਖੜ੍ਹੀ ਸੀ।

ਗੁਲਾਬ ਦੇ ਫੁੱਲ ਵਾਂਗ ਖਿੜਿਆ ਜਲਾਲੀ ਦਾ ਪਿਆਰਾ ਮੁਖੜਾ ਰੋਡੇ ਦੀ ਬਿਰਤੀ ਉਖੇੜ ਗਿਆ। ਰੋਡਾ ਸੁਆਦ-ਸੁਆਦ ਹੋ ਗਿਆ। ਸਾਰੀ ਰਾਤ ਜਲਾਲੀ ਰੋਡੇ ਵਿਚ ਖੋਈ ਰਹੀ। ਸਵੇਰ ਹੁੰਦੇ ਸਾਰ ਹੀ ਉਸ ਬਾਗ ਵਿਚ ਆ ਰੋਡੇ ਨੂੰ ਸਿਜਦਾ ਕੀਤਾ। ਹੁਸਨ ਇਸ਼ਕ ਦੇ ਗਲ਼ ਬਾਹੀਂ ਪਾ ਲਈਆਂ।

"ਰੋਡਿਆ! ਤੂੰ ਮੇਰੇ 'ਤੇ ਕੀ ਜਾਦੂ ਧੂੜ ਦਿੱਤੈ... ਮੈਂ ਸਾਰੀ ਰਾਤ ਪਲ ਲਈ ਵੀ ਸੌਂ ਨਹੀਂ ਸਕੀ। ਤੇਰੇ ਖਿਆਲਾਂ ਵਿਚ ਮਗਨ ਰਹੀ ਆਂ।" ਹੁਸਨ ਮਚਲਿਆ।

"ਹੁਸਨ ਪਰੀਏ! ਧੰਨੇ ਨੇ ਪੱਥਰ ਵਿਚੋਂ ਰੱਬ ਪਾ ਲਿਆ ਏ। ਅੱਜ ਮੇਰੀ ਭਗਤੀ ਪੂਰੀ ਹੋ ਗਈ ਏ। ਤੇਰੇ 'ਚ ਮੈਨੂੰ ਦਾਤਾਰ ਨਜ਼ਰੀਂ ਪਿਆ ਆਉਂਦਾ ਏ। ਜਦੋਂ ਦੀ ਤੂੰ ਮੇਰੇ ਪਾਸੋਂ ਗਈ ਏਂ, ਮੈਨੂੰ ਵੀ ਚੈਨ ਨਹੀਂ ਆਇਆ। ਹੁਣ ਤੂੰ ਆ ਗਈ ਏਂ, ਜਾਣੀਂ ਸੱਤੇ ਬਹਿਸ਼ਤਾਂ ਮੇਰੀ ਝੋਲੀ ਵਿਚ ਨੇ।" ਰੋਡਾ ਹੁਸੀਨ ਤੋਂ ਹੁਸੀਨ ਹੋ ਰਿਹਾ ਸੀ।

"ਰੋਡਿਆ ਅੱਜ ਅਸੀਂ ਦਿਲਾਂ ਦੇ ਸੌਦੇ ਕਰ ਲਏ ਨੇ। ਤੂੰ ਪੂਰਾ ਉਤਰੀਂ। ਕਿਧਰੇ ਮੇਰਾ ਕੱਚ ਜਿਹਾ ਦਿਲ ਤੋੜ ਕੇ ਅਗਾਂਹ ਨਾ ਟੁਰ ਜਾਵੀਂ।"

"ਜਲਾਲੀਏ... ਇਹ ਕੀ ਆਂਹਦੀ ਏਂ ਤੂੰ। ਮੈਂ ਏਥੋਂ ਟੁਰ ਜਾਵਾਂਗਾ! ਇਕੋ ਇਕ ਦਿਲ ਸੀ ਮੇਰਾ, ਉਹ ਤੂੰ ਖੱਸ ਲਿਆ ਏ। ਹੋਰ ਕੀ ਏ ਇਸ ਦੁਨੀਆਂ ਵਿਚ ਮੇਰੇ ਲਈ? ਬਸ ਤੂੰ ਹੀ ਏਂ, ਭਲਾ ਮੈਂ ਤੈਨੂੰ ਕਿਵੇਂ ਛੱਡ ਸਕਦਾ ਹਾਂ। ਤੂੰ ਤੇ ਮੇਰੀ ਜ਼ਿੰਦਗੀ ਏਂ, ਮੇਰਾ ਇਸ਼ਟ ਏਂ। ਡਰ ਹੈ ਜਲਾਲੀਏ... ਕਿਧਰੇ ਤੂੰ ਲੋਕਾਂ ਦੀ ਬਦਨਾਮੀ ਤੋਂ ਡਰਦੀ ਆਪਣਾ ਪਿਆਰਾ ਮੁੱਖ ਮੈਥੋਂ ਨਾ ਮੋੜ ਲਵੀਂ।"

"ਮੈਨੂੰ ਆਪਣੀ ਜਵਾਨੀ ਦੀ ਸਹੁੰ ਰੋਡਿਆ। ਮੈਂ ਲੱਗੀਆਂ ਤੋੜ ਨਿਭਾਵਾਂਗੀ। ਮਰ ਜਾਵਾਂਗੀ ਪਰ ਪਿਛਾਂਹ ਨਹੀਂ ਪਰਤਾਂਗੀ। ਤੂੰ ਮੇਰਾ ਹਰ ਰੋਜ਼ ਤੜਕਸਾਰ ਸੁਹਾਂ ਦੇ ਕੰਢੇ ਇੰਤਜ਼ਾਰ ਕਰਿਆ ਕਰੀਂ। ਅਹੁ ਕੋਈ ਆਉਂਦਾ ਪਿਆ ਏ, ਆਹ ਸਾਂਭ ਲੈ ਮੇਰੀ ਨਿਸ਼ਾਨੀ...।" ... ਜਲਾਲੀ ਦਾ ਛੱਲਾ ਰੋਡੇ ਦੀ ਉਂਗਲ 'ਤੇ ਸੀ।

ਜਲਾਲੀ ਹਰ ਰੋਜ਼ ਸੁਹਾਂ ਦੇ ਕੰਢੇ ਜਾ ਪੁੱਜਦੀ, ਤੇ ਪਿਆਰੇ ਰੋਡੇ ਦਾ ਜਾ ਦੀਦਾਰ ਕਰਦੀ,

ਉਤੇ ਨਦੀ ਦੇ ਜਾਇਕੇ ਰੋਜ਼ ਮਿਲਦੀ

ਬਿਨਾਂ ਮਿਲੇ ਦੇ ਨਹੀਂ ਅਧਾਰ ਹੈ ਜੀ।

ਹੋਏ ਘੜੀ ਵਿਛੋੜੇ ਦੇ ਵਾਂਗ ਸੂਲੀ

ਜਾਨ ਹੌਵਦੀ ਜੋ ਆਵਾਜ਼ਾਰ ਹੈ ਜੀ।

ਬਿਨਾਂ ਲੱਗੀਆਂ ਕੋਈ ਨਾ ਜਾਣਦਾ ਹੈ

ਜੀਹਨੂੰ ਲੱਗੀਆਂ ਉਸ ਨੂੰ ਸਾਰ ਹੈ ਜੀ।

ਹੋਈ ਭੁੱਜ ਮਨੂਰ ਲੁਹਾਰ ਬੱਚੀ

ਬਣੇ ਘੜੀ ਦਾ ਜੁੱਗ ਚਾਰ ਹੈ ਜੀ।

ਹੁੰਦੇ ਨਾਗ਼ ਮਲੂਮ ਨੇ ਪੂਣੀਆਂ ਦੇ

ਜਦੋਂ ਕੱਤਣ ਜਾਏ ਭੰਡਾਰ ਹੈ ਜੀ।

ਪਾਇਆ ਭੱਠ ਕਸੀਦੇ ਦੇ ਕੱਢਣੇ ਨੂੰ

ਪੈਂਦੀ ਭੁੱਲ ਕੇ ਨਾ ਇਕ ਤਾਰ ਹੈ ਜੀ।

ਮਿਲੇ ਜਦੋਂ ਜਲਾਲੀ ਜਾ ਯਾਰ ਤਾਈਂ

ਓਦੋਂ ਵਸਦਾ ਦਿਸੇ ਸੰਸਾਰ ਹੈ ਜੀ।

ਕਿਸੇ ਕੰਮ ਦੇ ਵਿਚ ਨਾ ਚਿੱਤ ਲੱਗੇ

ਕਰੇ ਆਸ਼ਕੀ ਅਤੀ ਲਾਚਾਰ ਹੈ ਜੀ।

(ਕਿਸ਼ੋਰ ਚੰਦ)

ਇਸ਼ਕ ਮੁਸ਼ਕ ਕਦੋਂ ਛੁਪਾਇਆਂ ਛੁਪਦੇ ਨੇ। ਜਲਾਲੀ ਅਤੇ ਰੋਡੇ ਦੇ ਇਸ਼ਕ ਦੀ ਚਰਚਾ ਪਿੰਡ ਵਿਚ ਛਿੜ ਪਈ।

ਜਲਾਲੀ ਦੇ ਮਾਪਿਆਂ ਦੇ ਕੰਨੀਂ ਵੀ ਉਡਦੀ-ਉਡਦੀ ਭਿਣਕ ਪੈ ਗਈ। ਉਨ੍ਹਾਂ ਨੇ ਉਨ੍ਹਾਂ ਦੇ ਇਸ਼ਕ ਨੂੰ ਪ੍ਰਵਾਨ ਨਾ ਕੀਤਾ। ਉਹ ਤਾਂ ਨਮੋਸ਼ੀ ਦੇ ਮਾਰੇ ਆਪਣੇ ਮੂੰਹ ਲਕੋਈ ਫਿਰਦੇ ਸਨ। ਉਨ੍ਹਾਂ ਨੇ ਜਲਾਲੀ ਨੂੰ ਲੱਖ ਸਮਝਾਇਆ ਪਰ ਉਹ ਪਿਛਾਂਹ ਮੁੜਨ ਵਾਲੀ ਕਿੱਥੇ ਸੀ। ਉਹਦੇ ਲਈ ਤਾਂ ਰੋਡਾ ਹੀ ਸਭ ਕੁਝ ਸੀ। ਆਖ਼ਰ ਉਨ੍ਹਾਂ ਜਲਾਲੀ ਨੂੰ ਡਰਾਇਆ, ਧਮਕਾਇਆ ਅਤੇ ਆਪਣੀ ਨਿਗਰਾਨੀ ਵਿਚ ਰੱਖਣਾ ਸ਼ੁਰੂ ਕਰ ਦਿੱਤਾ।

ਜਲਾਲੀ ਦਾ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ... ਓਧਰ ਰੋਡਾ ਵੀ ਜਲਾਲੀ ਦਾ ਪਿਆਰਾ ਮੁਖੜਾ ਤੱਕਣ ਲਈ ਬੇਕਰਾਰ ਹੋ ਰਿਹਾ ਸੀ। ਆਖ਼ਰ ਉਹਨੇ ਜਲਾਲੀ ਦੇ ਦਰ ਅੱਗੇ ਜਾ ਕੇ ਅਲਖ ਜਗਾਉਣੀ ਸ਼ੁਰੂ ਕਰ ਦਿੱਤੀ। ਉਹ ਉਹਦੇ ਹੱਥੋਂ ਖ਼ੈਰਾਤ ਲਏ ਬਿਨਾਂ ਅਗਾਂਹ ਇਕ ਕਦਮ ਵੀ ਨਾ ਪੁੱਟਦਾ। ਗੱਲ ਏਥੋਂ ਤੱਕ ਅੱਪੜ ਗਈ ਕਿ ਇਕ ਦਿਨ ਉਹਨੇ ਜਲਾਲੀ ਦੀ ਮਾਂ ਦੇ ਹੱਥੋਂ ਖ਼ੈਰਾਤ ਲੈਣ ਤੋਂ ਇਨਕਾਰ ਕਰ ਦਿੱਤਾ ਪਰ ਉਹਦੀ ਮਾਂ ਅੜੀ ਰਹੀ... ਸਾਧਾਂ ਦਾ ਹਠ ਵੀ ਮਸ਼ਹੂਰ ਐ... ਰੋਡਾ ਉਨ੍ਹਾਂ ਦੇ ਦਰਾਂ ਅੱਗੇ ਹੀ ਧੂਣਾ ਤਪਾ ਕੇ ਬੈਠ ਗਿਆ, ਤੇ ਸਮਾਧੀ ਲਾ ਲਈ। ਲੋਕਾਂ ਲਈ ਤਾਂ ਇਹ ਜਗਤ ਤਮਾਸ਼ਾ ਸੀ ਪਰ ਜਲਾਲੀ ਦੀ ਮਾਂ ਤਾਂ ਨਮੋਸ਼ੀ ਦੀ ਮਾਰੀ ਧਰਤੀ ਵਿਚ ਨਿਘਰਦੀ ਜਾ ਰਹੀ ਸੀ। ਉਹਨੇ ਉਸ ਨੂੰ ਧੂਣਾ ਚੁੱਕਣ ਲਈ ਬਹੁਤੇਰੇ ਵਾਸਤੇ ਪਾਏ। ਜਲਾਲੀ ਨੇ ਵੀ ਉਹਨੂੰ ਬੜਾ ਆਖਿਆ ਪਰ ਰੋਡਾ ਤਾਂ ਉਹਦੇ ਦੀਦਾਰ ਲਈ ਤੜਫ ਰਿਹਾ ਸੀ,

ਕਿੱਥੋਂ ਵੇ ਤੇ ਤੂੰ ਆਇਆ

ਜਾਣਾ ਕਿਹੜੇ ਦੇਸ ਵੇ ਫ਼ਕੀਰਾ

ਭਲਾ ਵੇ ਦਲਾਲਿਆ ਵੇ ਰੋਡਿਆ।

ਪੱਛਮ ਤੋਂ ਨੀ ਮੈਂ ਆਇਆ

ਜਾਣਾ ਦੱਖਣ ਦੇਸ ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੋਟੀ ਦਾ ਵੇ

ਲੱਡੂਆ ਦਿੰਨੀ ਆਂ ਮੰਗਾ

ਵੇ ਫ਼ਕੀਰਾ...।

ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਭੁੱਖਾ ਰੋਟੀ ਦਾ ਨੀ

ਲੈਣਾ ਤੇਰਾ ਦੀਦਾਰ ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਪਿਆਸਾ ਪਾਣੀ ਦਾ ਵੇ

ਦੁਧੂਆ ਦਿੰਨੀ ਆਂ ਮੰਗਾ ਵੇ ਫਕੀਰਾ

ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਪਿਆਸਾ ਪਾਣੀ ਦਾ ਨੀ

ਲੈਣਾ ਤੇਰਾ ਦੀਦਾਰ ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਨੰਗਾ ਬਸਤਰ ਦਾ ਵੇ

ਬਸਤਰ ਦਿੰਨੀ ਆਂ ਸਮਾ

ਵੇ ਫਕੀਰਾ

ਭਲਾ ਵੇ ਦਲਾਲਿਆ ਵੇ ਰੋੜਿਆ।

ਨਾ ਮੈਂ ਨੰਗਾ ਬਸਤਰ ਦਾ ਨੀ

ਲੈਣਾ ਤੇਰਾ ਦੀਦਾਰ ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੰਨਾਂ ਦੇ ਵੇ

ਵਿਆਹ ਦਿੰਨੀ ਆਂ ਕਰਵਾ

ਵੇ ਫਕੀਰਾ

ਭਲਾ ਵੇ ਦਲਾਲਿਆ ਵੇ ਰੋੜਿਆ।

ਨਾ ਮੈਂ ਭੁੱਖਾ ਰੰਨਾਂ ਦਾ ਨੀ

ਲੈਣਾ ਤੇਰਾ ਦੀਦਾਰ ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।

ਦਰ ਵਿਚੋਂ ਧੂਣਾ ਚੁੱਕ ਲੈ ਵੇ

ਬਾਹਰੋਂ ਆਜੂ ਮੇਰਾ ਬਾਪ

ਵੇ ਫਕੀਰਾ

ਭਲਾ ਵੇ ਦਲਾਲਿਆ ਵੇ ਰੋੜਿਆ।

ਦਰ ਵਿਚੋਂ ਧੂਣਾ ਨਾ ਚੁੱਕਣਾ ਨੀ

ਲੈਣਾ ਤੇਰਾ ਦੀਦਾਰ ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।

ਰੋਡੇ ਨੇ ਜਲਾਲੀ ਦੇ ਦਰਾਂ ਅੱਗਿਉਂ ਧੂਣਾ ਨਾ ਚੁੱਕਿਆ। ਗੁੱਸੇ ਵਿਚ ਆਏ ਜਲਾਲੀ ਦੇ ਭਰਾਵਾਂ ਨੇ ਉਹਨੂੰ ਮਾਰ ਮਾਰ ਕੇ ਅਧਮੋਇਆ ਕਰ ਸੁੱਟਿਆ ਅਤੇ ਰਾਤ ਸਮੇਂ ਸੁਹਾਂ ਨਦੀ ਵਿਚ ਹੜ੍ਹਾ ਆਏ। ਕੁਦਰਤ ਦਾ ਕੋਈ ਪਾਰਾਵਾਰ ਨਹੀਂ, ਰੋਡਾ ਨਦੀ ਵਿਚੋਂ ਬਚ ਨਿਕਲਿਆ ਤੇ ਅਗਲੀ ਭਲਕ ਆ ਕੇ ਉਹਨੇ ਜਲਾਲੀ ਦੇ ਦਰਾਂ ਅੱਗੇ ਮੁੜ ਧੂਣਾ ਤਪਾ ਦਿੱਤਾ।

ਜਲਾਲੀ ਅੰਦਰ ਨਰੜੀ ਪਈ ਤੜਪਦੀ ਰਹੀ। ਕਹਿੰਦੇ ਨੇ ਜਲਾਲੀ ਦੇ ਭਰਾਵਾਂ ਨੂੰ ਰੋਡੇ ਦੇ ਦੁਬਾਰਾ ਮੁੜ ਆਣ 'ਤੇ ਐਨਾ ਗੁੱਸਾ ਚੜ੍ਹਿਆ ਕਿ ਉਨ੍ਹਾਂ ਨੇ ਉਹਦੇ ਟੁਕੜੇ-ਟੁਕੜੇ ਕਰ ਕੇ ਖੂਹ ਵਿਚ ਸੁੱਟ ਦਿੱਤਾ ਅਤੇ ਮਗਰੋਂ ਜਲਾਲੀ ਨੂੰ ਵੀ ਮਾਰ ਮੁਕਾਇਆ।

ਇਸ ਪ੍ਰੀਤ ਕਥਾ ਦਾ ਅੰਤ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ ਕਿ ਜਲਾਲੀ ਦੀ ਮਾਂ ਨੇ ਰੋਡੇ ਨੂੰ ਗਲੋਂ ਲਾਹੁਣ ਲਈ ਧੂਣਾ ਤਾਪਦੇ ਰੋਡੇ ਕੋਲ ਜਾ ਕੇ ਆਖਿਆ, "ਰੋਡਿਆ ਤੇਰੀ ਜਲਾਲੀ ਕਈ ਦਿਨਾਂ ਦੀ ਅੰਦਰ ਬਿਮਾਰ ਪਈ ਹੈ, ਹਕੀਮ ਆਂਹਦੇ ਨੇ ਉਹ ਤਦ ਹੀ ਬਚ ਸਕਦੀ ਐ ਜੇ ਉਹਨੂੰ ਕਿਧਰੋਂ ਸ਼ੇਰਨੀ ਦਾ ਦੁੱਧ ਮਿਲ ਜਾਵੇ। ਜੇ ਤੂੰ ਸ਼ੇਰਨੀ ਦਾ ਦੁੱਧ ਲਿਆ ਦੇਵੇਂ ਤਾਂ ਅਸੀਂ ਜਲਾਲੀ ਦਾ ਤੇਰੇ ਨਾਲ ਵਿਆਹ ਕਰ ਦੇਵਾਂਗੇ।"

ਇਹ ਸੁਣਦੇ ਸਾਰ ਹੀ ਰੋਡਾ ਸ਼ੇਰਨੀ ਦੇ ਦੁੱਧ ਦੀ ਭਾਲ ਵਿਚ ਜੰਗਲਾਂ ਵਲ ਨੱਸ ਟੁਰਿਆ।

ਜਦੋਂ ਜਲਾਲੀ ਨੇ ਆਪਣੀ ਮਾਂ ਦੀ ਰੋਡੇ ਨੂੰ ਸ਼ੇਰਾਂ ਕੋਲੋਂ ਮਰਵਾਉਣ ਦੀ ਇਹ ਵਿਉਂਤ ਸੁਣੀ ਤਾਂ ਉਹ ਵੀ ਰੋਡਾ ਰੋਡਾ ਕੂਕਦੀ ਰੋਡੇ ਦੇ ਮਗਰ ਜੰਗਲ ਵਿਚ ਜਾ ਪੁੱਜੀ। ਜੰਗਲ ਵਿਚ ਦੋਵੇਂ ਮਿਲ ਪਏ, ਜਾਂ ਦੋਵਾਂ ਨੂੰ ਜੰਗਲੀ ਜਾਨਵਰਾਂ ਨੇ ਮਾਰ ਮੁਕਾਇਆ, ਇਸ ਬਾਰੇ ਕੋਈ ਕੁਝ ਨਹੀਂ ਜਾਣਦਾ ਪਰ ਇਸ ਪ੍ਰੀਤ ਗਾਥਾ ਨੂੰ ਪੰਜਾਬੀ ਲੋਕ ਮਨ ਨੇ ਅਜੇ ਤੀਕਰ ਨਹੀਂ ਵਿਸਾਰਿਆ। ਜਲਾਲੀ ਦਾ ਗੀਤ ਉਨ੍ਹਾਂ ਦੇ ਚੇਤਿਆਂ ਵਿਚ ਅੱਜ ਵੀ ਸੱਜਰਾ ਹੈ।

(ਸੁਖਦੇਵ ਮਾਦਪੁਰੀ)

# Qazi Da Faisala-Arabi Lok Kahani

# ਕਾਜ਼ੀ ਦਾ ਫ਼ੈਸਲਾ-ਅਰਬੀ ਕਹਾਣੀ

ਇਰਾਕ ਦੀ ਰਾਜਧਾਨੀ ਬਗ਼ਦਾਦ ਵਿੱਚ ਇਸਾਕ ਨਾਂ ਦਾ ਹਰਫ਼ਨਮੌਲਾ ਆਦਮੀ ਰਹਿੰਦਾ ਸੀ। ਉਹ ਸ਼ਹਿਰ ਦੇ ਸਾਰੇ ਚੋਰਾਂ ਦਾ ਗੁਰੂ ਸੀ। ਉਸ ਦੇ ਕਈ ਚੇਲੇ ਸਨ। ਉਸ ਦੇ ਘਰ ਇੱਕ ਲੜਕੀ ਨੇ ਜਨਮ ਲਿਆ। ਉਹ ਬਹੁਤ ਸੁੰਦਰ ਸੀ। ਜਦ ਉਹ ਵੱਡੀ ਹੋਈ ਤਾਂ ਉਸ ਦੀ ਖ਼ੂਬਸੂਰਤੀ ਦੀ ਪ੍ਰਸਿੱਧੀ ਦੂਰ-ਦੂਰ ਤਕ ਫੈਲ ਗਈ। ਇਸਾਕ ਨੇ ਉਸ ਦਾ ਨਾਂ ਗੁਲਅਨਾਰ ਰੱਖਿਆ। ਇੱਕ ਦਿਨ ਇੱਕ ਫ਼ਕੀਰ ਖ਼ੈਰ ਮੰਗਣ ਇਸਾਕ ਦੇ ਬੂਹੇ ਆਇਆ। ਉਹ ਫ਼ਕੀਰ ਜੋਤਿਸ਼-ਸ਼ਾਸਤਰ ਦਾ ਗਿਆਤਾ ਸੀ। ਫ਼ਕੀਰ ਦੀ ਨਜ਼ਰ ਗੁਲਅਨਾਰ 'ਤੇ ਪਈ ਤਾਂ ਉਸ ਨੇ ਗੁਲਅਨਾਰ ਦੇ ਪਿਤਾ ਨੂੰ ਬੁਲਾਇਆ ਤੇ ਆਖਿਆ, "ਤੁਹਾਡੀ ਲੜਕੀ ਦੀ ਕਿਸਮਤ ਬੜੀ ਚੰਗੀ ਹੈ। ਇਸ ਦਾ ਪਤੀ ਰਾਜ ਦਾ ਬੜਾ ਵੱਡਾ ਅਧਿਕਾਰੀ ਹੋਵੇਗਾ।"

ਇਸਾਕ ਨੇ ਕਿਹਾ, "ਤੁਸੀਂ ਜੋ ਕਿਹਾ, ਉਹ ਸੁਣਨ ਵਿੱਚ ਬੜਾ ਚੰਗਾ ਲੱਗਦਾ ਹੈ ਪਰ ਇਸ ਲੜਕੀ ਲਈ ਤਾਂ ਕਿਸੇ ਸ਼ਰੀਫ਼ ਖਾਨਦਾਨ ਦਾ ਮਾਮੂਲੀ ਲੜਕਾ ਵੀ ਨਹੀਂ ਮਿਲ ਸਕੇਗਾ।" ਫ਼ਕੀਰ ਨੇ ਜਵਾਬ ਦਿੱਤਾ, "ਖ਼ੁਦਾ ਦੀ ਕੁਦਰਤ ਨਾਲ ਸਭ ਕੁਝ ਆਸਾਨ ਹੈ। ਉਹ ਕਿਵੇਂ ਹੋਵੇਗਾ, ਇਹ ਤਾਂ ਮੈਂ ਨਹੀਂ ਜਾਣਦਾ ਪਰ ਇਸ ਪਿਆਰੀ ਬੇਟੀ ਦੇ ਹੱਥ ਦੀਆਂ ਲਕੀਰਾਂ ਜੋ ਕਹਿ ਰਹੀਆਂ ਹਨ, ਉਹ ਜ਼ਰੂਰ ਹੋਵੇਗਾ।" ਫ਼ਕੀਰ ਐਨੀ ਗੱਲ ਕਹਿ ਕੇ ਚਲਾ ਗਿਆ। ਗੁਲਅਨਾਰ ਜਿਉਂ-ਜਿਉਂ ਵੱਡੀ ਹੁੰਦੀ ਗਈ, ਉਸ ਦੇ ਵਿਆਹ ਲਈ ਇਸਾਕ ਦੀ ਚਿੰਤਾ ਵੀ ਵਧਦੀ ਗਈ। ਫ਼ਕੀਰ ਦੀ ਗੱਲ ਉਸ ਨੂੰ ਝੂਠੀ ਲੱਗੀ ਸੀ ਕਿਉਂਕਿ ਗੁਲਅਨਾਰ ਨਾਲ ਵਿਆਹ ਕਰਵਾਉਣ ਨੂੰ ਉਂਜ ਤਾਂ ਕਈ ਨੌਜਵਾਨ ਤਿਆਰ ਸਨ ਪਰ ਸਾਰੇ ਉਸ ਦੇ ਅਪਰਾਧੀ ਚੇਲੇ ਸਨ। ਅੰਤ ਉਸ ਨੇ ਫ਼ੈਸਲਾ ਕੀਤਾ ਕਿ ਉਨ੍ਹਾਂ ਨੌਜਵਾਨਾਂ ਵਿੱਚੋਂ ਜਿਹੜਾ ਵੀ ਆਪਣੇ ਕੰਮ ਵਿੱਚ ਸਭ ਤੋਂ ਵੱਧ ਚਲਾਕ ਹੋਵੇਗਾ, ਉਸੇ ਨਾਲ ਗੁਲਅਨਾਰ ਦਾ ਵਿਆਹ ਕਰ ਦੇਵੇਗਾ। ਉਸ ਨੇ ਆਪਣੇ ਚੇਲਿਆਂ ਨੂੰ ਫ਼ੈਸਲਾ ਸੁਣਾ ਦਿੱਤਾ। ਉਨ੍ਹਾਂ ਨੌਜਵਾਨਾਂ ਵਿੱਚ ਅਲੀ ਤੇ ਵਲੀ ਨਾਂ ਦੇ ਨੌਜਵਾਨ ਸਨ। ਅਲੀ ਚੋਰ ਸੀ ਤੇ ਵਲੀ ਜੇਬਕਤਰਾ। ਜਦੋਂ ਇਸਾਕ ਨੇ ਚੇਲਿਆਂ ਨੂੰ ਆਪਣੀ ਗੱਲ ਦੱਸੀ, ਅਲੀ ਅਤੇ ਵਲੀ ਆਪਣੀ-ਆਪਣੀ ਯੋਗਤਾ ਦਿਖਾਉਣ ਲਈ ਤੁਰ ਪਏ।

ਉਹ ਦੋਵੇਂ ਬਾਜ਼ਾਰ ਵੱਲ ਗਏ। ਉੱਥੇ ਇੱਕ ਵਪਾਰੀ ਦੂਜੇ ਸ਼ਹਿਰ ਤੋਂ ਆਇਆ ਸੀ। ਉਹ ਦੋਵੇਂ ਜਣੇ ਉਸ ਦੇ ਪਿੱਛੇ ਲੱਗ ਗਏ। ਇੱਕ ਥਾਂ ਮੌਕਾ ਦੇਖ ਕੇ ਵਲੀ ਨੇ ਬੜੀ ਫੁਰਤੀ ਨਾਲ ਉਸ ਦੀ ਜੇਬ ਵਿੱਚ ਹੱਥ ਪਾਇਆ ਤੇ ਵਪਾਰੀ ਦਾ ਬਟੂਆ ਕੱਢ ਲਿਆ। ਵਪਾਰੀ ਨੂੰ ਪਤਾ ਵੀ ਨਾ ਲੱਗਿਆ। ਉਸ 'ਚੋਂ ਸੋਨੇ ਦੀਆਂ ਇੱਕ ਹਜ਼ਾਰ ਅਸ਼ਰਫ਼ੀਆਂ

ਨਿਕਲੀਆਂ। ਇਸਾਕ, ਅਲੀ ਅਤੇ ਵਲੀ ਦੇ ਹੱਥ ਦੀ ਸਫ਼ਾਈ ਦੀ ਪ੍ਰਸ਼ੰਸਾ ਕਰਨ ਲੱਗਿਆ। ਵਲੀ ਨੇ ਕਿਹਾ, "ਉਸਤਾਦ ਜੀ, ਅਜੇ ਤਾਂ ਮੇਰਾ ਕੰਮ ਅਧੂਰਾ ਹੀ ਹੋਇਆ ਹੈ। ਇਸ ਵਿੱਚ ਪ੍ਰਸ਼ੰਸਾ ਕਰਨ ਵਾਲੀ ਕਿਹੜੀ ਗੱਲ ਹੈ? ਜਿਸ ਵਪਾਰੀ ਦਾ ਇਹ ਬਟੂਆ ਹੈ, ਉਹ ਚੁੱਪ ਕਰ ਕੇ ਤਾਂ ਨਹੀਂ ਬੈਠੇਗਾ। ਉਹ ਕਾਜ਼ੀ ਕੋਲ ਜਾ ਕੇ ਰੋਵੇਗਾ, ਪਿੱਟੇਗਾ। ਫੇਰ ਮੈਂ ਜ਼ਰੂਰ ਫੜਿਆ ਜਾਵਾਂਗਾ।"

ਇਸਾਕ ਨੇ ਕਿਹਾ, "ਤਾਂ ਫੇਰ ਤੂੰ ਕੀ ਕਰੇਂਗਾ?"

ਵਲੀ ਬੋਲਿਆ, "ਮੈਂ ਉਸ ਵਪਾਰੀ ਨੂੰ ਫੜ ਕੇ ਕਾਜ਼ੀ ਕੋਲ ਲੈ ਜਾਵਾਂਗਾ। ਉੱਥੇ ਮੈਂ ਸਾਬਤ ਇਹ ਕਰਾਂਗਾ ਕਿ ਬਟੂਏ ਦਾ ਮਾਲਕ ਮੈਂ ਹਾਂ। ਇਸ ਵਪਾਰੀ ਨੇ ਹੀ ਬਟੂਆ ਚੋਰੀ ਕੀਤਾ ਹੈ। ਫੇਰ ਕਾਜ਼ੀ ਖ਼ੁਦ ਮੈਨੂੰ ਬਟੂਆ ਦੇ ਦੇਵੇਗਾ।" ਐਨਾ ਕਹਿ ਕੇ ਵਲੀ ਨੇ ਉਸ ਬਟੂਏ ਵਿੱਚ ਆਪਣੇ ਪੱਲਿਓਂ ਵੀਹ ਅਸ਼ਰਫ਼ੀਆਂ ਹੋਰ ਪਾ ਦਿੱਤੀਆਂ। ਇੱਕ ਡੱਬੀ ਵੀ ਉਸ ਵਿੱਚ ਰੱਖ ਦਿੱਤੀ ਜਿਸ 'ਤੇ ਉਸ ਦਾ ਨਾਂ ਖੁਣਿਆ ਹੋਇਆ ਸੀ।

ਦੋਵੇਂ ਜਣੇ ਫੇਰ ਬਾਜ਼ਾਰ ਗਏ। ਉਹ ਵਪਾਰੀ ਅਜੇ ਤਕ ਉੱਥੇ ਹੀ ਘੁੰਮ ਰਿਹਾ ਸੀ। ਅਜੇ ਉਸ ਨੂੰ ਆਪਣੀ ਜੇਬ ਕੱਟੇ ਜਾਣ ਦਾ ਭੋਰਾ ਇਲਮ ਨਹੀਂ ਸੀ। ਦੋਵੇਂ ਫਿਰ ਉਸ ਦੇ ਮਗਰ ਲੱਗ ਗਏ। ਵਲੀ ਨੇ ਮੌਕਾ ਦੇਖ ਕੇ ਬਟੂਆ ਫੇਰ ਉਸ ਦੀ ਜੇਬ ਵਿੱਚ ਮਲਕੜੇ ਜਿਹੇ ਪਾ ਦਿੱਤਾ। ਫੇਰ ਝਟਪਟ ਉਸ ਨੂੰ ਧੌਣ ਤੋਂ ਫੜ ਕੇ ਉੱਚੀ-ਉੱਚੀ ਰੌਲਾ ਪਾਉਣ ਲੱਗਾ, "ਦੇਖੋ, ਇਸ ਨੇ ਮੇਰਾ ਬਟੂਆ ਚੋਰੀ ਕਰ ਲਿਆ ਹੈ।"

ਕੁਝ ਆਦਮੀ ਦੋਵਾਂ ਨੂੰ ਫੜ ਕੇ ਕਾਜ਼ੀ ਕੋਲ ਲੈ ਗਏ। ਕਾਜ਼ੀ ਨੇ ਦੋਵਾਂ ਦੀ ਗੱਲ ਬੜੇ ਗਹੁ ਨਾਲ ਸੁਣੀ। ਫੇਰ ਉਹ ਕਹਿਣ ਲੱਗਾ, "ਇਸ ਦਾ ਫ਼ੈਸਲਾ ਤਾਂ ਬੜਾ ਸੌਖਾ ਹੈ। ਮੈਨੂੰ ਦੱਸੋ, ਤੁਹਾਡੇ ਬਟੂਏ ਵਿੱਚ ਕੀ ਹੈ। ਜਿਸ ਦੀ ਗੱਲ ਸੱਚੀ ਨਿਕਲੇਗੀ, ਉਸੇ ਦਾ ਬਟੂਆ ਹੈ।"

ਵਪਾਰੀ ਨੇ ਕਿਹਾ, "ਹਜ਼ੂਰ ਮੇਰੇ ਬਟੂਏ ਵਿੱਚ ਇੱਕ ਹਜ਼ਾਰ ਸੋਨੇ ਦੀਆਂ ਅਸ਼ਰਫ਼ੀਆਂ ਸਨ।"

ਵਲੀ ਬੋਲਿਆ, "ਨਹੀਂ ਕਾਜ਼ੀ ਸਾਹਿਬ, ਬਟੂਆ ਮੇਰਾ ਹੈ। ਇਸ ਵਿੱਚ ਇੱਕ ਹਜ਼ਾਰ ਵੀਹ ਅਸ਼ਰਫੀਆਂ ਹਨ। ਇਸ ਤੋਂ ਇਲਾਵਾ ਮੇਰੀ ਡੱਬੀ ਵੀ ਬਟੂਏ ਵਿੱਚ ਹੈ ਜਿਸ 'ਤੇ ਮੇਰਾ ਨਾਂ ਖੁਣਿਆ ਹੋਇਆ ਹੈ।"

ਕਾਜ਼ੀ ਨੇ ਬਟੂਆ ਖੋਲ੍ਹ ਕੇ ਦੇਖਿਆ ਤਾਂ ਵਲੀ ਦੀ ਗੱਲ ਸਹੀ ਨਿਕਲੀ। ਕਾਜ਼ੀ ਨੇ ਬਟੂਆ ਉਸ ਨੂੰ ਦੇ ਦਿੱਤਾ। ਹੁਣ ਅਲੀ ਦੀ ਵਾਰੀ ਆਈ ਆਪਣਾ ਹੁਨਰ ਦਿਖਾਉਣ ਦੀ। ਉਹ ਬੋਲਿਆ, "ਮੇਰੇ ਦੋਸਤ ਵਲੀ ਨੇ ਵਪਾਰੀ ਅਤੇ ਕਾਜ਼ੀ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਹੈ। ਮੈਂ ਤਾਂ ਸੁਲਤਾਨ ਨੂੰ ਉੱਲੂ ਬਣਾਉਣ ਦੀ ਤਾਕਤ ਰੱਖਦਾ ਹਾਂ।"

ਇਸ ਤੋਂ ਬਾਅਦ ਉਹ ਦੋਵੇਂ ਸੁਲਤਾਨ ਦੇ ਮਹੱਲ ਦੇ ਪਿਛਵਾੜੇ ਪੁੱਜੇ। ਵਾਹਵਾ ਸੰਘਣਾ ਹਨੇਰਾ ਪਸਰਿਆ ਹੋਇਆ ਸੀ। ਅਲੀ ਦਰੱਖਤ ਦੇ ਆਸਰੇ ਕੰਧ ਟੱਪ ਕੇ ਮਹੱਲ ਵਿੱਚ ਚਲਾ ਗਿਆ। ਉਸ ਦੇ ਪਿੱਛੇ-ਪਿੱਛੇ ਵਲੀ ਵੀ ਆ ਗਿਆ। ਅੰਦਰ ਸੁਲਤਾਨ ਤਖ਼ਤਪੋਸ਼ 'ਤੇ ਸੌਂ ਰਿਹਾ ਸੀ। ਇੱਕ ਸੇਵਕ ਉਸ ਦੇ ਪੈਰਾਂ ਦੀ ਮਾਲਸ਼ ਕਰ ਰਿਹਾ ਸੀ। ਸੁਲਤਾਨ ਨੂੰ ਪੈਰ ਮਲਵਾਉਣ ਦੀ ਆਦਤ ਸੀ। ਇਸੇ ਨਾਲ ਹੀ ਉਸ ਨੂੰ ਨੀਂਦ ਆਉਂਦੀ ਸੀ।

ਅਲੀ ਨੇ ਝਟਪਟ ਆਪਣਾ ਹੱਥ ਸੇਵਕ ਦੇ ਮੂੰਹ 'ਤੇ ਧਰਿਆ ਅਤੇ ਦੂਜੇ ਹੱਥ ਨਾਲ ਉਸ ਦੇ ਹੱਥ-ਪੈਰ ਕੱਸ ਕੇ ਬੰਨ੍ਹ ਦਿੱਤੇ। ਉਸ ਦੇ ਮੂੰਹ ਵਿੱਚ ਕੱਪੜਾ ਤੁੰਨ ਦਿੱਤਾ ਤਾਂ ਕਿ ਉਸ ਦੀ ਆਵਾਜ਼ ਬਾਹਰ ਨਾ ਨਿਕਲ ਸਕੇ। ਉਹ ਆਪ ਉਸ ਦੀ ਥਾਂ ਬੈਠ ਕੇ ਸੁਲਤਾਨ ਦੇ ਪੈਰਾਂ ਦੀ ਮਾਲਸ਼ ਕਰਨ ਲੱਗਾ। ਤਦੇ ਸੁਲਤਾਨ ਦੀ ਅੱਖ ਖੁੱਲ੍ਹ ਗਈ। ਉਸ ਨੇ ਦੇਖ ਲਿਆ। ਅਲੀ ਸੇਵਕ ਜਿਹੀ ਆਵਾਜ਼ ਵਿੱਚ ਬੋਲਿਆ, "ਜਹਾਂ ਪਨਾਹ ਨੂੰ ਨੀਂਦ ਨਾ ਆ ਰਹੀ ਹੋਵੇ ਤਾਂ ਇੱਕ ਮਜ਼ੇਦਾਰ ਕਹਾਣੀ ਸੁਣਾਵਾਂ?"

ਸੁਲਤਾਨ ਨੇ ਕਿਹਾ, "ਸ਼ੁਰੂ ਕਰੋ ਕਹਾਣੀ।"

ਅਲੀ ਕਹਾਣੀ ਸੁਣਾਉਣ ਲੱਗਾ। ਉਸ ਨੇ ਗੁਲਅਨਾਰ, ਇਸਾਕ, ਵਲੀ ਅਤੇ ਆਪਣੀ ਕਹਾਣੀ ਹੂ-ਬ-ਹੂ ਜਿਵੇਂ ਵਾਪਰੀ ਸੀ, ਉਵੇਂ ਹੀ ਸੁਣਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਸਿਰਫ਼ ਸੁਲਤਾਨ ਅਤੇ ਉਸ ਦੀ ਸਲਤਨਤ ਦਾ ਨਾਂ ਬਦਲ ਦਿੱਤਾ। ਕਹਾਣੀ ਪੂਰੀ ਹੋਣ 'ਤੇ ਸੁਲਤਾਨ ਨੂੰ ਨੀਂਦ ਆ ਗਈ। ਅਲੀ ਨੇ ਸੁਲਤਾਨ ਦੀ ਜ਼ਰੀਦਾਰ ਜੁੱਤੀ ਚੁੱਕ ਲਈ ਅਤੇ ਚੁੱਪਚਾਪ ਉਹ ਦੋਵੇਂ ਮਹੱਲ 'ਚੋਂ ਬਾਹਰ ਆ ਗਏ। ਉਹ ਆਪਣੇ ਅੱਡੇ 'ਤੇ ਪੁੱਜੇ। ਅਲੀ ਨੇ ਸੁਲਤਾਨ ਦੀਆਂ ਜੁੱਤੀਆਂ ਇਸਾਕ ਨੂੰ ਵਿਖਾਈਆਂ ਤਾਂ ਉਹ ਹੈਰਾਨ ਰਹਿ ਗਿਆ। ਵਲੀ ਨੇ ਉਸ ਦੀ ਕਰਾਮਾਤ ਦੀ ਗਵਾਹੀ ਦਿੱਤੀ। ਉਸ ਨੇ ਹਾਰ ਮੰਨ ਲਈ। ਇਸਾਕ ਨੇ ਗੁਲਅਨਾਰ, ਅਲੀ ਨੂੰ ਸੌਂਪ ਦਿੱਤੀ।

ਉਧਰ ਸੁਲਤਾਨ ਸੌਂ ਕੇ ਉਠਿਆ ਤਾਂ ਉਸ ਨੂੰ ਬੜਾ ਗੁੱਸਾ ਆਇਆ ਕਿ ਉਸ ਦਾ ਸੇਵਕ ਕਿੱਥੇ ਚਲਾ ਗਿਆ। ਉਸ ਦੀ ਭਾਲ ਸ਼ੁਰੂ ਹੋਈ। ਆਖਰ ਉਹ ਪਲੰਘ ਹੇਠੋਂ ਮਿਲਿਆ। ਉਸ ਦੇ ਹੱਥ-ਪੈਰ ਅਤੇ ਮੂੰਹ ਖੋਲ੍ਹਿਆ ਗਿਆ ਤਾਂ ਉਸ ਨੇ ਸਾਰੀ ਆਪਬੀਤੀ ਸੁਣਾ ਦਿੱਤੀ। ਸੁਲਤਾਨ ਨੇ ਮੁਨਾਦੀ ਕਰਵਾਈ, "ਜੋ ਆਦਮੀ ਕੱਲ੍ਹ ਰਾਤ ਮੇਰੇ ਮਹੱਲ ਵਿੱਚ ਆ ਕੇ ਮੇਰੀਆਂ ਜੁੱਤੀਆਂ ਚੁੱਕ ਕੇ ਲੈ ਗਿਆ ਹੈ। ਮੈਂ ਉਸ ਦਾ ਜੁਰਮ ਮੁਆਫ਼ ਕਰਦਾ ਹਾਂ। ਉਹ ਬੇਖੌਫ਼ ਮੇਰੇ ਦਰਬਾਰ ਵਿੱਚ ਹਾਜ਼ਰ ਹੋਵੇ।"

ਅਲੀ ਨੇ ਸੁਣਿਆ ਤਾਂ ਉਹ ਜੁੱਤੀਆਂ ਲੈ ਕੇ ਦਰਬਾਰ ਵਿੱਚ ਹਾਜ਼ਰ ਹੋ ਗਿਆ। ਸੁਲਤਾਨ ਨੇ ਉਸ ਨੂੰ ਇਨਾਮ ਦਿੱਤਾ ਅਤੇ ਸ਼ਹਿਰ ਦਾ ਕੋਤਵਾਲ ਬਣਾ ਦਿੱਤਾ। ਸੁਲਤਾਨ ਨੇ ਸੋਚਿਆ ਕਿ ਐਨਾ ਚਲਾਕ ਕੋਤਵਾਲ ਹੋਵੇਗਾ ਤਾਂ ਕੋਈ ਚੋਰ ਬਚ ਨਹੀਂ ਸਕੇਗਾ।

# Baran Bhedu-Romania Di Lok Kahani

# ਬਾਰਾਂ ਭੇਡੂ-ਰੋਮਾਨੀਆ ਦੀ ਲੋਕ ਕਹਾਣੀ

ਰਾਜਾ ਸਟੀਫ਼ਨ ਨੂੰ ਘੁੰਮਣ ਦਾ ਬੜਾ ਸ਼ੌਕ ਸੀ। ਜਦ ਵੀ ਰਾਜ-ਕਾਜ ਤੋਂ ਵਿਹਲ ਮਿਲਦੀ, ਉਹ ਆਪਣੇ ਸਾਰੇ ਮੰਤਰੀਆਂ ਨਾਲ ਘੋੜੇ 'ਤੇ ਸਵਾਰ ਹੋ ਕੇ ਰਾਜ ਦਾ ਚੱਕਰ ਲਾਉਂਦਾ। ਇਸ ਨਾਲ ਉਸ ਨੂੰ ਆਪਣੇ ਰਾਜ ਦੇ ਲੋਕਾਂ ਦੀਆਂ ਤਕਲੀਫ਼ਾਂ ਦੀ ਸਹੀ ਜਾਣਕਾਰੀ ਮਿਲਦੀ ਅਤੇ ਸਮਝਦਾਰ ਲੋਕਾਂ ਨਾਲ ਗੱਲ ਕਰਨ ਦਾ ਮੌਕਾ ਵੀ ਮਿਲਦਾ।

ਇੱਕ ਦਿਨ ਰਾਜੇ ਨੇ ਦੇਖਿਆ ਕਿ ਇੱਕ ਬੁੱਢਾ ਆਦਮੀ ਖੇਤ ਵਿੱਚ ਆਪਣੇ ਛੋਟੇ ਜਿਹੇ ਲੜਕੇ ਨਾਲ ਕੰਮ ਕਰ ਰਿਹਾ ਹੈ। ਉਸ ਨੇ ਰੁਕ ਕੇ ਬੁੱਢੇ ਨੂੰ ਕਿਹਾ, "ਬਾਬਾ, ਜੇ ਤੁਸੀਂ ਆਪਣੇ ਕੰਮ ਦੀ ਸ਼ੁਰੂਆਤ ਸਵੇਰੇ ਛੇਤੀ ਕਰ ਦਿੰਦੇ ਤਾਂ ਅੱਜ ਤੁਹਾਨੂੰ ਐਨੀ ਦੇਰ ਤਕ ਕੰਮ ਕਰਨ ਦੀ ਜ਼ਰੂਰਤ ਨਾ ਪੈਂਦੀ।"

ਬੁੱਢੇ ਨੇ ਰਾਜੇ ਨੂੰ ਝੁਕ ਕੇ ਨਮਸਕਾਰ ਕੀਤੀ। ਫਿਰ ਬੜੀ ਦੁਖੀ ਆਵਾਜ਼ ਵਿੱਚ ਬੋਲਿਆ, "ਰਾਜਨ, ਮੈਂ ਤਾਂ ਜਲਦੀ ਜਾਗ ਗਿਆ ਸੀ। ਆਪਣੇ ਕੰਮ ਦੀ ਸ਼ੁਰੂਆਤ ਵੀ ਮੈਂ ਸਵੇਰੇ ਜਲਦੀ ਕੀਤੀ ਸੀ ਪਰ ਕਿਸਮਤ ਨੇ ਸਾਥ ਨਹੀਂ ਦਿੱਤਾ। ਮੇਰੇ ਕੋਲ ਬਸ ਇਸੇ ਦਾ ਸਹਾਰਾ ਰਹਿ ਗਿਆ।"

ਅਸਲ ਵਿੱਚ ਬੁੱਢੇ ਦੇ ਛੇ ਬੱਚੇ ਛੋਟੀ ਉਮਰ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਸਿਰਫ਼ ਇਹ ਸੱਤਵਾਂ ਬੱਚਾ ਬਚਿਆ ਸੀ। "ਓਹ, ਮੈਨੂੰ ਬੇਹੱਦ ਦੁੱਖ ਹੈ।", ਰਾਜੇ ਨੇ ਕਿਹਾ।

ਫਿਰ ਪੁੱਛਿਆ, "ਇਸ ਵਾਰ ਤੁਹਾਨੂੰ ਆਪਣੀ ਫ਼ਸਲ ਕਿਹੋ ਜਿਹੀ ਹੋਣ ਦਾ ਅਨੁਮਾਨ ਹੈ। ਕੀ ਤੁਹਾਨੂੰ ਆਪਣੀ ਮਿਹਨਤ ਦਾ ਪੂਰਾ ਫਲ ਮਿਲੇਗਾ?" "ਰਾਜਨ, ਇਹ ਤਾਂ ਆਉਣ ਵਾਲੇ ਇਸ ਸਮੁੰਦਰੀ ਜਹਾਜ਼ 'ਤੇ ਨਿਰਭਰ ਹੈ। ਜੇ ਜਹਾਜ਼ ਨੱਕੋ-ਨੱਕ ਭਰਿਆ ਹੋਇਆ ਜਾਂ ਫਿਰ ਖਾਲੀ ਆਇਆ ਤਾਂ ਫ਼ਸਲ ਚੰਗੀ ਨਹੀਂ ਹੋਵੇਗੀ। ਹਾਂ, ਜੇ ਉਹ ਅੱਧਾ ਭਰਿਆ ਹੋਇਆ ਅਤੇ ਅੱਧਾ ਖਾਲੀ ਆਇਆ ਤਾਂ ਫ਼ਸਲ ਖ਼ੂਬ ਹੋਵੇਗੀ।" ਬੁੱਢੇ ਨੇ ਸਿਰ ਝੁਕਾ ਕੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ।

"ਹਾਂ, ਤੁਹਾਡੀ ਇਹ ਗੱਲ ਤਾਂ ਸੱਚ ਹੈ।" ਰਾਜੇ ਨੇ ਬੁੱਢੇ ਦੀ ਬੁਝਾਰਤ ਭਰੀ ਗੱਲ 'ਤੇ ਖ਼ੁਸ਼ ਹੋ ਕੇ ਕਿਹਾ।

"ਅੱਛਾ ਬਾਬਾ, ਜੇ ਮੈਂ ਕਦੀ ਤੁਹਾਡੇ ਕੋਲ ਆਪਣੇ ਬਾਰਾਂ ਭੇਡੂ ਭੇਜਾਂ ਤਾਂ ਕੀ ਤੁਸੀਂ ਉਨ੍ਹਾਂ ਨੂੰ ਕੱਟ ਸਕੋਗੇ।" ਰਾਜੇ ਨੇ ਤੁਰਦੇ-ਤੁਰਦੇ ਪੁੱਛਿਆ।

“ਹਾਂ-ਹਾਂ, ਜ਼ਰੂਰ ਘੱਲੋ, ਮੈਂ ਉਨ੍ਹਾਂ ਨੂੰ ਜ਼ਰੂਰ ਕੱਟ ਦਊਂਗਾ।” ਬੁੱਢੇ ਨੇ ਮੁਸਕਰਾ ਕੇ ਕਿਹਾ।

ਰਾਜੇ ਅਤੇ ਬੁੱਢੇ ਦੀਆਂ ਇਨ੍ਹਾਂ ਬੇਸਿਰ-ਪੈਰ ਦੀਆਂ ਗੱਲਾਂ ਤੋਂ ਸਾਰੇ ਮੰਤਰੀ ਉਕਤਾ ਗਏ ਸਨ। ਉਨ੍ਹਾਂ ਨੂੰ ਉਸ ਉਜੱਡ ਬੁੱਢੇ ’ਤੇ ਬਹੁਤ ਗੁੱਸਾ ਆ ਰਿਹਾ ਸੀ, ਜੋ ਰਾਜੇ ਦੇ ਹਰੇਕ ਸਿੱਧ-ਪੱਧਰੇ ਪ੍ਰਸ਼ਨ ਦਾ ਬੇਤੁਕਾ ਜਵਾਬ ਦਿੰਦਾ ਸੀ। ਕੁਝ ਦੇਰ ਬਾਅਦ ਸਾਰੇ ਜਣੇ ਵਾਪਸ ਚਲੇ ਗਏ।

ਇਸ ਘਟਨਾ ਦੇ ਕਈ ਦਿਨਾਂ ਮਗਰੋਂ ਰਾਜੇ ਨੇ ਆਪਣੇ ਸਾਰੇ ਮੰਤਰੀਆਂ ਨੂੰ ਬੁਲਾਇਆ ਅਤੇ ਪੁੱਛਿਆ, “ਜਦ ਅਸੀਂ ਪਿਛਲੀ ਵਾਰ ਘੁੰਮਣ ਗਏ ਸੀ ਤਾਂ ਖੇਤ ਵਿੱਚ ਇੱਕ ਬੁੱਢੇ ਨੂੰ ਮਿਲੇ ਸੀ। ਮੇਰੇ ਪੁੱਛਣ ’ਤੇ ਉਸ ਨੇ ਕਿਹਾ ਸੀ ਕਿ ਉਸ ਨੇ ਤਾਂ ਦਿਨ ਪਹਿਲਾਂ ਸ਼ੁਰੂ ਕੀਤਾ ਸੀ ਪਰ ਕਿਸਮਤ ਨੇ ਸਾਥ ਨਹੀਂ ਦਿੱਤਾ। ਇਸ ਗੱਲ ਦਾ ਕੀ ਅਰਥ ਸੀ?ਉਹ ਬੁੱਢਾ ਕੀ ਕਹਿਣਾ ਚਾਹ ਰਿਹਾ ਸੀ?”

ਸਾਰੇ ਮੰਤਰੀ ਸੋਚ ਵਿੱਚ ਪੈ ਗਏ ਤੇ ਬੋਲੇ, “ਰਾਜਨ, ਭਲਾ ਇਹ ਅਸੀਂ ਕਿਵੇਂ ਦੱਸ ਸਕਦੇ ਹਾਂ ਕਿ ਉਹ ਬੁੱਢਾ ਕੀ ਕਹਿਣਾ ਚਾਹ ਰਿਹਾ ਸੀ?”

“ਚਲੋ, ਫਿਰ ਦੱਸੋ, ਉਹ ਕਿਸ ਸਮੁੰਦਰੀ ਜਹਾਜ਼ ਦੇ ਬਾਰੇ ਗੱਲ ਕਰ ਰਿਹਾ ਸੀ ਜਿਸ ’ਤੇ ਉਸ ਦੀ ਫ਼ਸਲ ਨਿਰਭਰ ਹੈ?” ਰਾਜੇ ਨੇ ਪੁੱਛਿਆ।

“ਸਾਡੀ ਸਮਝ ਵਿੱਚ ਤਾਂ ਉਸ ਸਮੇਂ ਵੀ ਕੁਝ ਨਹੀਂ ਆਇਆ ਸੀ। ਸਾਨੂੰ ਲੱਗਾ ਕਿ ਐਨੀ ਉਮਰ ਵਿੱਚ ਆ ਕੇ ਉਹ ਥੋੜ੍ਹਾ ਸਨਕੀ ਹੋ ਗਿਆ ਹੈ। ਭਲਾ ਕਿਸੇ ਪਾਣੀ ਦੇ ਜਹਾਜ਼ ਦਾ ਫ਼ਸਲ ਨਾਲ ਕੀ ਲੈਣਾ-ਦੇਣਾ ਹੁੰਦਾ ਹੈ?” ਇੱਕ ਨੇ ਉੱਤਰ ਦਿੱਤਾ।

ਰਾਜੇ ਨੂੰ ਗੁੱਸਾ ਆ ਗਿਆ। ਉਸ ਨੇ ਖਿਝ ਕੇ ਕਿਹਾ, “ਫਿਰ ਤੁਸੀਂ ਲੋਕ ਕੀ ਜਾਣਦੇ ਹੋ? ਤੁਸੀਂ ਲੋਕ ਉਸ ਦੀ ਨਿੱਕੀ ਜਿਹੀ ਗੱਲ ਨੂੰ ਨਹੀਂ ਸਮਝ ਸਕੇ। ਜੇ ਅਕਲ ਵਿੱਚ ਨਹੀਂ ਆਈ ਸੀ ਤਾਂ ਪੁੱਛਿਆ ਕਿਉਂ ਨਹੀਂ?”

ਮੰਤਰੀ ਹੱਕੇ-ਬੱਕੇ ਰਹਿ ਗਏ। ਕੀ ਕਹਿੰਦੇ।

“ਅੱਛਾ, ਉਹ ਬਾਰਾਂ ਭੇਡੂ ਕਿਹੜੇ ਹਨ ਜਿਨ੍ਹਾਂ ਨੂੰ ਲੋੜ ਪੈਣ ’ਤੇ ਉਹ ਕੱਟ ਦਏਗਾ।” ਰਾਜੇ ਨੇ ਪੁੱਛਿਆ।

ਮੰਤਰੀਆਂ ਦੀ ਬੁੱਧੀ ਘੁੰਮ ਗਈ। ਬਾਰਾਂ ਭੇਡੂਆਂ ਨੂੰ ਘੱਲਣ ਦੀ ਗੱਲ ਰਾਜੇ ਨੇ ਖ਼ੁਦ ਕੀਤੀ ਸੀ। ਹੁਣ ਉਨ੍ਹਾਂ ਤੋਂ ਪੁੱਛ ਰਿਹਾ ਸੀ ਕਿ ਉਹ ਬਾਰਾਂ ਭੇਡੂ ਕਿਹੜੇ ਸਨ।

ਸਾਰੇ ਮੰਤਰੀ ਵਾਰ-ਵਾਰ ਸੋਚਣ ਲੱਗੇ ਪਰ ਉਨ੍ਹਾਂ ਦੀ ਸਮਝ ਵਿੱਚ ਕੁਝ ਨਹੀਂ ਪਿਆ ਕਿ ਉਨ੍ਹਾਂ ਬੇਸਿਰ-ਪੈਰ ਦੀਆਂ ਗੱਲਾਂ ਦਾ ਕੀ ਉੱਤਰ ਦੇਣ। ਉਹ ਸਿਰ ਸੁੱਟੀ ਚੁੱਪ-ਚਾਪ ਖੜ੍ਹੇ ਰਹੇ।

"ਮੈਂ ਚਾਹੁੰਦਾ ਹਾਂ ਕਿ ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਦਾ ਸਹੀ ਅਰਥ ਮੈਨੂੰ ਦੱਸੋ। ਮੈਂ ਤੁਹਾਨੂੰ ਤਿੰਨ ਦਿਨ ਦਾ ਸਮਾਂ ਦਿੰਦਾ ਹਾਂ। ਜੇ ਮੈਨੂੰ ਉੱਤਰ ਨਾ ਮਿਲਿਆ ਤਾਂ ਮੇਰੇ ਗੁੱਸੇ ਦਾ ਮਤਲਬ ਤੁਸੀਂ ਜਾਣਦੇ ਹੀ ਹੋ।" ਰਾਜੇ ਨੇ ਤਿਓੜੀਆਂ ਪਾ ਕੇ ਕਿਹਾ।

ਸਾਰੇ ਮੰਤਰੀ ਪਰੇਸ਼ਾਨ ਹੋ ਗਏ। ਉਹ ਸੋਚ ਰਹੇ ਸਨ ਕਿ ਰਾਜੇ ਨੂੰ ਕੀ ਕਹਿਣ ਜਿਸ ਨੇ ਇੱਕ ਪਾਗਲ ਬੁੱਢੇ ਨੂੰ ਬੁੱਧੀਮਾਨ ਮੰਨ ਲਿਆ ਸੀ। ਰਾਜਾ ਨੂੰ ਉਨ੍ਹਾਂ ਗੱਲਾਂ ਦਾ ਅਰਥ ਉਸੇ ਵੇਲੇ ਉਸ ਪਾਗਲ ਬੁੱਢੇ ਤੋਂ ਪੁੱਛ ਲੈਣਾ ਚਾਹੀਦਾ ਸੀ ਪਰ ਉਸ ਸਮੇਂ ਤਾਂ ਰਾਜਾ ਮੁਸਕਰਾ ਰਿਹਾ ਸੀ ਤੇ ਹੁਣ ਉਹ ਕੀ ਕਰਨ? ਉਨ੍ਹਾਂ ਨੂੰ ਕੋਈ ਨਾ ਕੋਈ ਉੱਤਰ ਤਾਂ ਰਾਜੇ ਨੂੰ ਦੇਣਾ ਹੀ ਪੈਣਾ ਸੀ। ਉਹ ਰਾਜ ਦੇ ਬੁੱਧੀਮਾਨ ਲੋਕਾਂ ਦੇ ਕੋਲ ਗਏ। ਭਵਿੱਖ ਦੱਸਣ ਵਾਲਿਆਂ ਦਾ ਪੱਲਾ ਫੜਿਆ। ਰਾਜ ਦੇ ਕਿਤਾਬ ਘਰ ਦੀਆਂ ਕਿਤਾਬਾਂ ਛਾਣ ਸੁੱਟੀਆਂ ਪਰ ਸਭ ਬੇਅਰਥ।

ਰਾਜੇ ਦਾ ਦਿੱਤਾ ਹੋਇਆ ਸਮਾਂ ਤੇਜ਼ੀ ਨਾਲ ਗੁਜ਼ਰ ਰਿਹਾ ਸੀ। ਹੁਣ ਉਨ੍ਹਾਂ ਦੇ ਕੋਲ ਆਖਰੀ ਉਪਾਅ ਬਚਿਆ ਸੀ, ਉਨ੍ਹਾਂ ਗੱਲਾਂ ਦਾ ਉੱਤਰ ਉਸੇ ਬੁੱਢੇ ਤੋਂ ਪੁੱਛਣਾ। ਉਨ੍ਹਾਂ ਨੇ ਇੱਕ ਮੰਤਰੀ ਨੂੰ ਉਸ ਦੇ ਕੋਲ ਘੱਲਿਆ।

ਮੰਤਰੀ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੋਂ ਬੁੱਢੇ ਨੂੰ ਸਾਰਾ ਮਾਮਲਾ ਸਮਝ ਵਿੱਚ ਆ ਗਿਆ। ਉਸ ਨੇ ਉਸ ਨੂੰ ਹੱਸ ਕੇ ਟਾਲ ਦਿੱਤਾ। ਮੰਤਰੀ ਨੇ ਇਹ ਕਹਿ ਕੇ ਦੂਜੇ ਮੰਤਰੀ ਉਸ ਨੂੰ ਮਿਲਣਾ ਚਾਹੁੰਦੇ ਹਨ, ਉਸ ਨੂੰ ਆਪਣੇ ਨਾਲ ਚੱਲਣ ਲਈ ਬੇਨਤੀ ਕੀਤੀ। "ਦੇਖਦੇ ਨਹੀਂ, ਮੇਰੀ ਫ਼ਸਲ ਪੱਕ ਗਈ ਹੈ। ਉਸ ਨੂੰ ਛੱਡ ਕੇ ਮੈਂ ਤੁਹਾਡੇ ਨਾਲ ਕਿਵੇਂ ਜਾ ਸਕਦਾ ਹਾਂ। ਮੇਰਾ ਬਹੁਤ ਨੁਕਸਾਨ ਹੋ ਜਾਏਗਾ। ਮੈਂ ਬੜੀ ਮਿਹਨਤ ਨਾਲ ਫ਼ਸਲ ਉਗਾਈ ਹੈ।" ਬੁੱਢੇ ਨੇ ਕਿਹਾ।

"ਬਾਬਾ, ਫ਼ਸਲ ਦੇ ਨੁਕਸਾਨ ਲਈ ਪਰੇਸ਼ਾਨ ਨਾ ਹੋਵੋ। ਸਾਰੇ ਮੰਤਰੀਆਂ ਵੱਲੋਂ ਤੁਹਾਨੂੰ ਸਾਰੀ ਫ਼ਸਲ ਦੀ ਕੀਮਤ ਮੈਂ ਦੇ ਦਿੰਦਾ ਹਾਂ। ਹੁਣ ਤਾਂ ਤੁਸੀਂ ਮੇਰੇ ਨਾਲ ਚੱਲੋ।"

"ਤਦ ਠੀਕ ਹੈ।" ਬੁੱਢੇ ਨੇ ਹੱਸ ਕੇ ਕਿਹਾ ਅਤੇ ਪੂਰੇ ਬਾਰਾਂ ਸੌ ਲੀ (ਰੋਮਾਨੀਆ ਦੀ ਕਰੰਸੀ) ਲੈ ਕੇ ਉਨ੍ਹਾਂ ਨਾਲ ਤੁਰ ਪਿਆ। ਜਦ ਮੰਤਰੀ ਬੁੱਢੇ ਨਾਲ ਇੱਕ ਕਮਰੇ ਵਿੱਚ ਗੱਲ ਕਰਨ ਲੱਗੇ ਤਾਂ ਰਾਜਾ ਵੀ ਨਾਲ ਵਾਲੇ ਕਮਰੇ ਵਿੱਚ ਖੜ੍ਹਾ ਹੋ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਾ। "ਕੀ ਤੁਸੀਂ ਦੱਸੋਗੇ ਕਿ ਜਦ ਤੁਸੀਂ ਰਾਜੇ ਨਾਲ ਗੱਲਾਂ ਕਰ ਰਹੇ ਸੀ ਤਾਂ ਤੁਹਾਡੀ ਇਸ ਗੱਲ ਦਾ ਕੀ ਮਤਲਬ ਸੀ ਕਿ ਮੈਂ ਆਪਣਾ ਦਿਨ ਬਹੁਤ ਪਹਿਲਾਂ ਸ਼ੁਰੂ ਕਰ ਦਿੱਤਾ ਸੀ ਪਰ ਕਿਸਮਤ ਨੇ ਸਾਥ ਨਹੀਂ ਦਿੱਤਾ।"

"ਉਹ! ਜਦ ਰਾਜੇ ਨੇ ਮੇਰੀ ਐਨੀ ਵੱਡੀ ਉਮਰ ਅਤੇ ਘੱਟ ਉਮਰ ਦੇ ਮੇਰੇ ਛੋਟੇ ਲੜਕੇ ਨੂੰ ਦੇਖਿਆ ਤਾਂ ਉਨ੍ਹਾਂ ਦੀ ਗੱਲ ਦਾ ਅਰਥ ਸੀ ਕਿ ਤੁਸੀਂ ਵਿਆਹ ਦੇਰ ਨਾਲ ਕਿਉਂ ਕੀਤਾ? ਮੇਰਾ ਜਵਾਬ ਸੀ ਕਿ ਵਿਆਹ ਤਾਂ ਮੈਂ ਜਲਦੀ ਕੀਤਾ ਸੀ ਪਰ ਕਿਸਮਤ ਨਾਲ ਪਹਿਲਾਂ ਵਾਲੇ ਸਾਰੇ ਬੱਚੇ ਮਰ ਗਏ। ਬਸ, ਇੱਕ ਇਹ ਬਚਿਆ ਹੈ।" ਬੁੱਢੇ ਨੇ ਦੱਸਿਆ।

'ਤੇ ਉਹ ਕਿਹੜਾ ਸਮੁੰਦਰੀ ਜਹਾਜ਼ ਹੈ ਅਤੇ ਉਸ ਦਾ ਤੁਹਾਡੀ ਫ਼ਸਲ ਨਾਲ ਕੀ ਸਬੰਧ ਹੈ?

"ਬਈ, ਬੜੀ ਸਿੱਧੀ ਗੱਲ ਸੀ। ਮੈਂ ਉਨ੍ਹਾਂ ਨੂੰ ਦੱਸਿਆ ਸੀ ਕਿ ਸਮੁੰਦਰ ਦੇ ਜਹਾਜ਼ ਬੱਦਲ ਹਨ। ਜੇ ਉਹ ਨੱਕੋ-ਨੱਕ ਭਰੇ ਹੋਏ ਜਾਂ ਖਾਲੀ ਆਏ ਤਾਂ ਫ਼ਸਲ ਖ਼ਰਾਬ ਹੋ ਜਾਵੇਗੀ ਪਰ ਜੇ ਅੱਧੇ ਭਰੇ ਹੋਏ ਆਏ ਤਾਂ ਫ਼ਸਲ ਚੰਗੀ ਹੋਵੇਗੀ। ਮਤਲਬ ਸੀ ਕਿ ਜੇ ਪੂਰੀ ਗਰਮੀ ਮੀਂਹ ਪਿਆ ਜਾਂ ਬਿਲਕੁਲ ਨਾ ਪਿਆ ਤਾਂ ਵੀ ਫ਼ਸਲ ਖ਼ਰਾਬ ਹੋ ਜਾਏਗੀ। ਸਿਰਫ਼ ਜਦ ਗਰਮੀ ਅਤੇ ਬਰਸਾਤ ਦੋਵਾਂ ਦਾ ਸਾਥ ਹੋਵੇਗਾ ਤਦੇ ਫ਼ਸਲ ਚੰਗੀ ਹੋਵੇਗੀ।"

"ਵਾਹ! ਇੱਕ ਆਖਰੀ ਪ੍ਰਸ਼ਨ ਹੋਰ? ਰਾਜਨ ਕਿਹੜੇ ਬਾਰਾਂ ਭੇਡੂਆਂ ਦੀ ਗੱਲ ਕਰ ਰਹੇ ਸੀ ਜਿਨ੍ਹਾਂ ਨੂੰ ਕੱਟਣ ਲਈ ਤੁਹਾਨੂੰ ਕਹਿ ਰਹੇ ਸਨ।"

ਬੁੱਢਾ ਖਿੜਖਿੜਾ ਕੇ ਹੱਸ ਪਿਆ ਤੇ ਬੋਲਿਆ, "ਕੱਟਣ ਦਾ ਮਤਲਬ ਹਰਾਉਣਾ ਹੈ ਅਤੇ ਬਾਰਾਂ ਭੇਡੂ ਤੁਸੀਂ ਲੋਕ ਹੀ ਹੋ।" ਬੁੱਢੇ ਨੇ ਮੰਤਰੀਆਂ ਨੂੰ ਗਿਣਨਾ ਸ਼ੁਰੂ ਕੀਤਾ, ਇੱਕ, ਦੋ, ਤਿੰਨ, ਚਾਰ... ਗਿਆਰਾਂ ਅਤੇ ਬਾਰਾਂ ਅਤੇ ਮੈਂ ਤਾਂ ਤੁਸਾਂ ਸਾਰਿਆਂ ਨੂੰ ਕੱਟ, ਮਤਲਬ ਹਰਾ ਵੀ ਚੁੱਕਾ ਹਾਂ, ਪੂਰੇ ਬਾਰਾਂ ਸੌ ਲੀ ਲੈ ਕੇ। ਸਾਰੇ ਮੰਤਰੀ ਸ਼ਰਮ ਨਾਲ ਪਾਣੀ-ਪਾਣੀ ਹੋ ਗਏ।

"ਵਾਹ! ਮੇਰੇ ਦਰਬਾਰ ਦੇ ਬੁੱਧੀਮਾਨ ਮੰਤਰੀਓ, ਨਿੱਕੀ ਜਿਹੀ ਗੱਲ ਸਮਝਣ ਲਈ ਤੁਸੀਂ ਗ਼ਰੀਬ ਬਜ਼ੁਰਗ ਨੂੰ ਇੱਥੇ ਸੱਦਿਆ। ਕੁਝ ਸਿੱਖਣ ਦੇ ਲਈ ਤੁਸਾਂ ਲੋਕਾਂ ਨੂੰ ਖ਼ੁਦ ਜਾਣਾ ਚਾਹੀਦਾ ਸੀ।" ਤਦੇ ਅਚਾਨਕ ਰਾਜੇ ਨੇ ਆ ਕੇ ਗੁੱਸੇ ਨਾਲ ਕਿਹਾ। ਘਬਰਾਏ ਮੰਤਰੀ ਬੋਲੇ, "ਰਾਜਨ, ਸਾਨੂੰ ਮੁਆਫ਼ ਕਰੋ। ਅਸੀਂ ਤੁਹਾਡੇ ਸਖ਼ਤ ਦੰਡ ਦੇ ਡਰ ਤੋਂ ਘਬਰਾ ਗਏ ਸੀ।" ਫਿਰ ਰਾਜੇ ਨੂੰ ਬੁੱਢੇ ਨੂੰ ਸੋਨੇ ਦੀਆਂ ਮੋਹਰਾਂ ਇਨਾਮ ਵਜੋਂ ਦੇ ਕੇ ਵਿਦਾ ਕੀਤਾ।

# Aam Te Khaas

# ਆਮ ਤੇ ਖ਼ਾਸ

ਇਕ ਬਾਦਸ਼ਾਹ ਆਪਣੇ ਘੋੜਿਆਂ ਦੇ ਕਾਫ਼ਲੇ ਵਿਚ ਆਪ ਵੀ ਘੋੜੇ 'ਤੇ ਬੈਠਾ ਇਕ ਪਿੰਡ ਵਿਚੋਂ ਗੁਜ਼ਰ ਰਿਹਾ ਸੀ ਕਿ ਇਕ ਕੱਚੀ ਫਿਰਨੀ 'ਤੇ ਕੁਝ ਗੁਜਰੀਆਂ ਜਿਨ੍ਹਾਂ ਵਿਚ ਇਕ ਬਜ਼ੁਰਗ ਔਰਤ ਅਤੇ ਬਾਕੀ ਜਵਾਨ ਮੁਟਿਆਰਾਂ ਸਨ, ਸਿਰ 'ਤੇ ਦੁੱਧ ਦਹੀਂ ਦੇ ਮਟਕੇ ਚੁੱਕੀ ਜਾ ਰਹੀਆਂ ਸਨ। ਘੋੜਿਆਂ ਦੀ ਦਗੜ-ਦਗੜ, ਪੌੜਾਂ ਦਾ ਸ਼ੋਰ ਤੇ ਤੇਜ਼ ਹਵਾ ਨਾਲ ਉਨ੍ਹਾਂ ਸਾਰੀਆਂ ਦੇ ਸਿਰਾਂ ਤੋਂ ਦੁੱਧ-ਦਹੀਂ ਨਾਲ ਭਰੇ ਕੱਚੀ ਮਿੱਟੀ ਦੇ ਮਟਕੇ ਥੱਲੇ ਜਾ ਪਏ। ਮਟਕਿਆਂ ਦੀਆਂ ਠੀਕਰੀਆਂ ਬਣ ਗਈਆਂ ਤੇ ਦੁੱਧ-ਦਹੀਂ ਮਿੱਟੀ ਵਿਚ ਰਲ ਗਏ। ਮੁਟਿਆਰਾਂ ਥਾਂਵੇਂ ਬੈਠ ਕੇ ਰੋਣ ਲੱਗ ਪਈਆਂ। ਰਾਜਾ ਘੋੜੇ ਤੋਂ ਉਤਰਿਆ, ਮੁਟਿਆਰਾਂ ਦੇ ਸਿਰ 'ਤੇ ਹੱਥ ਰੱਖਿਆ, ਖ਼ਿਮਾ ਮੰਗੀ ਤੇ ਉਨ੍ਹਾਂ ਨੂੰ ਚਾਂਦੀ ਦੀਆਂ ਮੋਹਰਾਂ ਵੀ ਦਿੱਤੀਆਂ। ਜਦੋਂ ਰਾਜੇ ਦਾ ਧਿਆਨ ਬਜ਼ੁਰਗ ਗੁੱਜਰੀ ਵੱਲ ਗਿਆ ਤਾਂ ਉਸ ਨੇ ਵੇਖਿਆ, ਇਹ ਇਕੱਲੀ ਹੱਸ ਕਿਉਂ ਰਹੀ ਹੈ? ਰਾਜੇ ਨੇ ਉਹਦੇ ਵੱਲ ਮੋਹਰਾਂ ਨਾਲ ਭਰੀ ਮੁੱਠ ਕੀਤੀ ਤਾਂ ਉਹ ਹੋਰ ਉਚੀ ਦੇਣੀ ਹੱਸ ਕੇ ਬੋਲੀ:

"ਕੀ ਹੋਇਆ ਜੇ ਚਾਰ ਸੇਰ ਦੁੱਧ ਡੁੱਲ੍ਹ ਗਿਐ? ਮੈਂ ਤੇਰੇ ਪੈਸੇ ਨਹੀਂ ਲਵਾਂਗੀ, ਇਹ ਵੀ ਕੋਈ ਵੱਡਾ ਨੁਕਸਾਨ ਏ?"

"ਬੀਬੀ, ਤੂੰ 'ਕੱਲੀ ਹੀ ਕਿਉਂ ਹੱਸ ਰਹੀ ਏਂ?" ਰਾਜੇ ਨੇ ਸਵਾਲ ਕੀਤਾ।

"ਖ਼ਾਸ ਗੱਲਾਂ ਆਮ ਲੋਕਾਂ ਨੂੰ ਨਹੀਂ ਦੱਸੀਦੀਆਂ," ਉਹਨੇ ਬਹੁਤ ਠਰ੍ਹੰਮੇ ਨਾਲ ਜਵਾਬ ਦਿੱਤਾ।

"ਬੀਬੀ, ਮੈਂ ਆਮ ਲੋਕ ਨਹੀਂ, ਬਾਦਸ਼ਾਹ ਹਾਂ।"

"ਮੇਰੀਆਂ ਨਜ਼ਰਾਂ ਵਿਚ ਤੂੰ ਖ਼ਾਸ ਨਹੀਂ।"

"ਪਰ ਤੂੰ ਹੱਸ ਕਿਉਂ ਰਹੀ ਏਂ!"

"ਜ਼ਰੂਰੀ ਪੁੱਛਣੈ?"

"ਹਾਂ।"

"ਤਾਂ ਫਿਰ ਆਮ ਬੰਦਿਆ ਸੁਣ, ਜਿਸ ਰਿਆਸਤ ਵਿਚ ਮੈਂ ਜਵਾਨ ਹੋਈ, ਉਥੇ ਦਾ ਬਾਦਸ਼ਾਹ ਬੜਾ ਕਮੀਨਾ ਸੀ।

ਹਰ ਨਵਵਿਆਹੀ ਨੂੰ ਮੁਕਲਾਵੇ ਵਾਲੀ ਰਾਤ ਉਸ ਕੋਲ ਕੱਟਣੀ ਪੈਂਦੀ ਸੀ, ਪਰ ਮੇਰੇ ਪਤੀ ਨੇ ਸਾਡੇ ਵਿਆਹ ਦੀ ਭਿਣਕ ਹੀ ਬਾਦਸ਼ਾਹ ਨੂੰ ਨਹੀਂ ਪੈਣ ਦਿੱਤੀ। ਸਾਡੇ ਇਕ ਪੁੱਤਰ ਪੈਦਾ ਹੋਇਆ ਤੇ ਫਿਰ ਮੇਰਾ ਪਤੀ ਲਾਮ ਨੂੰ ਕਮਾਈਆਂ ਕਰਨ ਚਲੇ ਗਿਆ। ਪਿੱਛੋਂ ਬਾਦਸ਼ਾਹ ਤਕ ਮੇਰੇ ਹੁਸਨ ਦੀ ਖ਼ਬਰ ਪੁੱਜ ਗਈ। ਤੇ ਉਹਦੇ ਨੌਕਰ ਮੈਨੂੰ ਜਬਰੀ ਚੁੱਕ ਕੇ ਲੈ ਗਏ ਅਤੇ ਮੈਂ ਇਕ ਸਾਧਾਰਨ ਔਰਤ ਬਾਦਸ਼ਾਹ ਦੀ ਰਖੇਲ ਬਣ ਗਈ।...ਤੇ ਫਿਰ ਕਈ ਵਰ੍ਹੇ ਬੀਤ ਗਏ।

ਮੇਰਾ ਪਤੀ ਕਈ ਵਰ੍ਹਿਆਂ ਪਿੱਛੋਂ ਜਦੋਂ ਕਮਾਈਆਂ ਕਰ ਕੇ ਮੁੜਿਆ ਤਾਂ ਉਹਨੂੰ ਪਤਾ ਲੱਗਾ ਕਿ ਘਰ ਉਜੜ ਗਿਆ ਹੈ। ਕਿਸੇ ਤਰ੍ਹਾਂ ਉਸ ਨੇ ਮੇਰੇ ਨਾਲ ਰਾਬਤਾ ਕਾਇਮ ਕੀਤਾ ਤੇ ਮੈਨੂੰ ਪੁੱਛਿਆ ਕਿ ਜੇ ਤਾਂ ਤੂੰ ਆਪਣੀ ਮਰਜ਼ੀ ਨਾਲ ਆਈ ਏਂ ਤਾਂ ਠੀਕ, ਤੇ ਜੇ ਬਾਦਸ਼ਾਹ ਜਬਰੀ ਚੁੱਕ ਕੇ ਲਿਆਇਆ ਤਾਂ ਦੱਸ, ਮੈਂ ਕੋਈ ਹੀਲਾ ਕਰਾਂਗਾ। ਮੈਂ ਕਿਹਾ, 'ਰੱਬ ਦਿਆ ਬੰਦਿਆ, ਰੱਬ ਦੇ ਵਾਸਤੇ ਮੈਨੂੰ ਲੈ ਚੱਲ। ਮੈਂ ਇਥੇ ਇਕ ਦਿਨ ਵੀ ਹੋਰ ਨ੍ਹੀਂ ਰਹਿਣਾ ਚਾਹੁੰਦੀ। ਤੇ ਫਿਰ ਮੈਂ ਉਹਨੂੰ ਦੱਸਿਆ ਕਿ ਬਾਦਸ਼ਾਹ ਹਰ ਮੰਗਲਵਾਰ ਦੀ ਰਾਤ, ਇਕ ਪਹਾੜੀ ਜੰਗਲ ਦੀ ਕਿਸੇ ਇਕਾਂਤ ਥਾਂ ਤੇ ਗੁਜ਼ਾਰਦਾ ਹੈ ਤੇ ਮੈਂ ਉਹ ਦੇ ਨਾਲ ਹੁੰਦੀ ਹਾਂ। ਤੇ ਸਾਰਾ ਪਤਾ-ਟਿਕਾਣਾ ਦੱਸ ਦਿੱਤਾ। ਮੇਰਾ ਪਤੀ ਇਕ ਰਾਤ ਪਹਿਲਾਂ ਹੀ ਆ ਕੇ ਉਸ ਥਾਂ 'ਤੇ ਲੁਕ ਗਿਆ। ਅੱਧੀ ਰਾਤ ਜਦੋਂ ਬਾਦਸ਼ਾਹ ਘੂਕ ਸੁੱਤਾ ਪਿਆ ਸੀ, ਪਹਿਰੇਦਾਰ ਸੌਂ ਰਹੇ ਸਨ ਤਾਂ ਮੇਰਾ ਪਤੀ ਆਇਆ ਤੇ ਉਸ ਨੇ ਤੇਜ਼ਧਾਰ ਹਥਿਆਰ ਨਾਲ ਬਾਦਸ਼ਾਹ ਦੀ ਧੌਣ ਧੜ ਤੋਂ ਅਲੱਗ ਕਰ ਦਿੱਤੀ। ਸਾਨੂੰ ਪਤਾ ਸੀ ਕਿ ਬਾਦਸ਼ਾਹ ਨੂੰ ਮਾਰਨ ਦਾ ਹਰਜਾਨਾ ਕੀ ਹੋਵੇਗਾ? ਫਿਰ ਅਸੀਂ ਰਾਤ ਦੇ ਘੁੱਪ ਹਨ੍ਹੇਰੇ ਵਿਚ ਜੰਗਲ ਦੀ ਘੁੰਮਣ-ਘੇਰੀ ਵਿਚ ਫਸ ਗਏ। ਅਗਲੀ ਆਫ਼ਤ ਇਹ ਪਈ ਕਿ ਇਕ ਨਾਗ ਜੋ ਫਨ ਫੈਲਾ ਕੇ ਫੁੰਕਾਰੇ ਮਾਰ ਰਿਹਾ ਸੀ, ਨੇ ਸਾਡਾ ਰਾਹ ਘੇਰ ਲਿਆ। ਮੇਰੇ ਪਤੀ ਨੇ ਕਿਹਾ, "ਤੂੰ ਅੱਗੇ ਨਿਕਲ, ਇਹਨੂੰ ਮੈਂ ਵੇਖਦਾ ਹਾਂ। ਮੇਰੀਆਂ ਅੱਖਾਂ ਸਾਹਮਣੇ ਨਾਗ ਨੇ ਉਸ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰ ਡਸਿਆ ਅਤੇ ਉਹ ਅੱਖਾਂ ਹੀ ਮੀਚ ਗਿਆ।

'ਕੱਲੀ ਜਿੰਦੜੀ, ਜੰਗਲ ਦਾ ਰਾਹ ਤੇ ਮਾਮਲੇ ਭਾਰੇ ਪੈਣੇ ਹੀ ਸਨ। ਦਿਨ ਚੜ੍ਹਿਆ ਤਾਂ ਡਾਕੂਆਂ ਨੇ ਮੈਨੂੰ ਘੇਰ ਲਿਆ। ਮੇਰਾ ਹੁਸਨ ਵੇਖ ਕੇ ਉਹ ਹੋਸ਼ ਗਵਾ ਬੈਠੇ। ਇਕ ਆਖੇ, 'ਮੈਂ'ਤੈਨੂੰ ਲੈ ਕੇ ਜਾਵਾਂਗਾ' ਤੇ ਦੂਜਾ ਕਹੇ, ਏਡੀ ਸੋਹਣੀ ਤੂੰ...! ਇਹ ਮੇਰੀ ਬਣੇਗੀ।'

ਫਿਰ ਤੀਜਾ, ਚੌਥਾ; ਸਾਰੇ ਦਾਅਵੇਦਾਰ ਬਣ ਗਏ। ਝਗੜਾ ਸੁਣ ਕੇ ਉਨ੍ਹਾਂ ਦਾ ਸਰਦਾਰ ਆਣ ਟਪਕਿਆ। ਉਹ ਕਿੱਲ੍ਹ ਕੇ ਬੋਲਿਆ: ਨਹੀਂ, ਇਸ ਪਰੀ ਨੂੰ ਕੋਈ ਨਹੀਂ ਲੈ ਜਾਵੇਗਾ। ਡਾਕੂਆਂ ਵਾਲਾ ਕੰਮ ਕਰਦੇ ਆਂ, ਇਹਦਾ ਮੁੱਲ ਵੱਟਾਂਗੇ। ਤੇ ਉਨ੍ਹਾਂ ਨੇ ਫੇਰ ਬੜੇ ਮਹਿੰਗੇ ਭਾਅ ਮੈਨੂੰ ਕੋਠੇ 'ਤੇ ਵੇਚ ਦਿੱਤਾ। ਮੈਂ ਵੇਸਵਾ ਬਣ ਗਈ ਤੇ ਫੁੱਲਾਂ ਤੋਂ ਮਲੂਕ

ਜ਼ਿੰਦੜੀ ਹਵਸੀ ਮਰਦ ਨੇ ਨੋਚ-ਨੋਚ ਕੇ ਖਾ ਲਈ। ਸਿਤਮਜ਼ਰੀਫ਼ੀ ਦੀ ਹੱਦ ਇਥੇ ਵੀ ਨਹੀਂ ਮੁੱਕੀ। ਇਕ ਰਾਤ ਜੋ ਗਾਹਕ ਬਣ ਕੇ ਆਪਣੀ ਹਵਸ ਮਿਟਾ ਕੇ ਗਿਆ, ਉਹਨੇ ਧਰਤੀ ਤੇ ਆਸਮਾਨ ਕੰਬਣ ਲਾ ਦਿੱਤੈ। ਉਹ ਮੇਰਾ ਉਹੀ ਪੁੱਤਰ ਸੀ ਜਿਸ ਨੂੰ ਮੈਂ ਚਾਰ ਵਰ੍ਹਿਆਂ ਦੇ ਨੂੰ 'ਕੱਲਾ ਛੱਡ ਆਈ ਸਾਂ। ਮੈਂ ਤਾਂ ਉਸ ਨੂੰ ਨੈਣ-ਨਕਸ਼ ਅਤੇ ਹੱਥਾਂ-ਪੈਰਾਂ ਤੋਂ ਪਛਾਣ ਲਿਆ ਸੀ ਕਿ ਇਹ ਇੰਨਾ ਸੋਹਣਾ, ਬੁਰਾ ਕਰਮ ਕਰਨ ਵਾਲਾ, ਹੈ ਤਾਂ ਮੇਰਾ ਪੁੱਤ ਈ ਪਰ ਉਹਨੂੰ ਦੱਸਦੀ ਕਿਵੇਂ ਕਿ ਮਾਂ ਤੇਰੀ ਵੇਸਵਾ ਕੀਹਨੇ ਬਣਾਈ ਹੈ? ਇਹ ਦੁੱਖ ਤਾਂ ਅੰਦਰ ਜਰ ਲਿਆ ਪਰ ਦੂਜਾ, ਪੁੱਤ ਦਾ ਭਾਰ ਜਰਿਆ ਨਾ ਗਿਆ। ਨਾਸੂਰ ਬਣ ਕੇ ਕੋਹਕੋਹ ਮਾਰਨ ਲੱਗਾ। ਧਰਤੀ 'ਤੇ ਪਾਪ ਨਹੀਂ...ਮਹਾਂ ਪਾਪ ਦਾ ਸਿਖਰ ਸੀ।

ਇਕ ਦਿਨ ਫ਼ੈਸਲਾ ਕੀਤਾ ਕਿ ਆਪਣੇ ਆਪ ਨੂੰ ਹੱਥੀਂ ਚਿਖ਼ਾ ਵਿਚ ਚਿਣ ਕੇ ਲਾਬ੍ਹੂੰ ਲਾ ਲੈਣ ਨਾਲ ਹੀ ਮਨ ਸ਼ਾਂਤ ਹੋ ਸਕਦੈ। ਕੋਠੇ ਤੋਂ ਭੱਜ ਕੇ ਇਕ ਸਮੁੰਦਰ ਕਿਨਾਰੇ ਚਲੀ ਗਈ। ਲੱਕੜਾਂ 'ਕੱਠੀਆਂ ਕੀਤੀਆਂ ਤੇ ਉਨ੍ਹਾਂ ਵਿਚ ਆਪਣੇ ਆਪ ਨੂੰ ਵੀ ਚਿਣ ਲਿਆ। ਉਪਰ ਆਲੇ ਅੱਗੇ ਫ਼ਰਿਆਦ ਕੀਤੀ, ਹੱਥ ਜੋੜੇ, ਜੇ ਤੂੰ ਸੱਚੀਂ ਹੈਂ ਤਾਂ ਮੁੜ ਕੇ ਏਸ ਜਾਮੇ 'ਚ ਫੇਰ ਕਦੇ ਨਾ ਭੇਜੀਂ। ਹਾਲੇ ਮੈਂ ਤੀਲੀ ਲਾਉਣ ਹੀ ਲੱਗੀ ਸਾਂ ਕਿ ਏਡੀ ਜ਼ੋਰ ਦੀ ਤੂਫ਼ਾਨ ਆਇਆ ਕਿ ਸਣੇ ਲੱਕੜਾਂ ਦੇ ਮੈਂ ਸਮੁੰਦਰ ਵਿਚ ਜਾ ਡਿੱਗੀ। ਲੱਗਿਆ ਕਿ ਹੁਣ ਛੁਟਕਾਰਾ ਮਿਲ ਜਾਵੇਗਾ। ਜਿਹਦੇ ਮੂਹਰੇ ਮੈਂ ਤਰਲੇ ਕਰਦੀ ਸੀ, ਉਹ ਮੌਤ ਫਿਰ ਕੰਨੀ ਖਿਸਕਾ ਗਈ। ਘਾਟ 'ਤੇ ਕੱਪੜੇ ਧੋਂਦੇ ਧੋਬੀਆਂ ਨੇ ਵੇਖਿਆ ਕਿ ਸੱਸੀ ਵਾਂਗ ਕੋਈ ਰੁੜ੍ਹਿਆ ਆਉਂਦੈ। ਉਨ੍ਹਾਂ ਨੇ ਛਾਲਾਂ ਮਾਰੀਆਂ ਤੇ ਮੈਨੂੰ ਅਧਮੋਈ ਨੂੰ ਬਾਹਰ ਕੱਢ ਲਿਆ। ਘੜੇ 'ਤੇ ਪੁੱਠਾ ਪਾ ਕੇ ਪੇਟ ਵਿਚਲਾ ਪਾਣੀ ਨਿਕਲਿਆ ਤਾਂ ਮੈਨੂੰ ਸੁਰਤ ਆ ਗਈ। ਧੋਬੀ ਆਪਸ ਵਿਚ ਪਹਿਲਾਂ ਹੀ ਫ਼ੈਸਲਾ ਕਰ ਚੁੱਕੇ ਸਨ। ਉਨ੍ਹਾਂ ਦਾ ਵਾਰਤਾਲਾਪ ਕੀ ਸੀ:

ਕੋਈ ਆਖੇ, 'ਬੜੀ ਸੋਹਣੀ ਏ, ਗੁੱਜਰੀ ਲਗਦੀ ਏ!'

ਇੰਦਰ ਦਰਬਾਰ ਵਿਚੋਂ ਕੋਈ ਭੱਜੀ ਲਗਦੀ ਏ!!'

'ਪਤਾ ਨਹੀਂ ਕਿਹੜੇ ਦੁੱਖਾਂ ਕਰਕੇ ਸਮੁੰਦਰ ਵਿਚ ਛਾਲ ਮਾਰ'ਤੀ।'

ਤੇ ਆਖ਼ਰੀ ਦੀ ਤਜਵੀਜ਼ ਕਿਆ ਕਮਾਲ ਸੀ! ਕਹਿਣ ਲੱਗਾ, 'ਗੁੱਜਰ ਦੀ ਤੀਵੀਂ ਮਰ ਗਈ ਏ, ਵਿਚਾਰਾ 'ਕੱਲੈ...ਉਹਨੂੰ ਦੇ ਦਿੰਨੇ ਆਂ ਲਿਜਾ ਕੇ। ਸਾਲ ਭਰ ਦੁੱਧ ਹੀ ਮੁਫ਼ਤ ਲਵਾਂਗੇ।'

ਤੇ ਮੈਂ ਇਹ ਤਾਂ ਨਹੀਂ ਦੱਸਣਾ ਕਿ ਮੈਂ ਕੌਣ ਸੀ ਪਰ ਫਿਰ ਮੈਂ ਗੁੱਜਰੀ ਜ਼ਰੂਰ ਬਣ ਗਈ।...ਪਿਛਲੇ ਸਾਲ ਗੁੱਜਰ ਵੀ ਚਾਲੇ ਪਾ ਗਿਆ।" ਤੇ ਕੰਨ ਲਾ ਕੇ ਦਰਦ ਦਾ ਮਹਾਂਭਾਰਤ ਸੁਣਨ ਵਾਲੇ ਰਾਜੇ ਹੱਥੋਂ ਘੋੜੇ ਦੀ ਲਗਾਮ ਖਿੱਚ ਕੇ ਗੁੱਜਰੀ ਬੋਲੀ, 'ਤੂੰ ਦੱਸ, ਮਟਕਾ ਤੇ ਦੁੱਧ ਗਿਆ ਤਾਂ ਕੀ ਹੋਇਆ, ਮੇਰਾ ਬਚਿਆ ਹੀ ਪਹਿਲਾਂ ਕੀ ਹੈ? ਤੇ ਤੈਨੂੰ

**ਲੱਗਦਾ ਨ੍ਹੀਂ ਤੂੰ ਆਮ ਬੰਦਾ ਈ ਏਂ, ਖ਼ਾਸ ਤਾਂ ਮੈਂ ਹਾਂ।'**

**(ਲਿਖਤ ਰੂਪ – ਐਸ ਅਸ਼ੋਕ ਭੌਰਾ)**

# Sabh Ton Changa Ang-Arabi Lok Kahani

# ਸਭ ਤੋਂ ਚੰਗਾ ਅੰਗ-ਅਰਬੀ ਕਹਾਣੀ

ਅਰਬ ਦੇਸ਼ 'ਚ ਇਕ ਖਲੀਫੇ ਦਾ ਸ਼ਾਸਨ ਸੀ। ਉਨ੍ਹਾਂ ਕੋਲ ਸੈਂਕੜੇ ਗੁਲਾਮ ਸਨ ਪਰ ਖਲੀਫਾ ਇਕ ਗੁਲਾਮ 'ਤੇ ਬੜੇ ਮਿਹਰਬਾਨ ਸਨ। ਉਹ ਹਮੇਸ਼ਾ ਉਸ ਨੂੰ ਆਪਣੇ ਨਾਲ ਰੱਖਦੇ ਅਤੇ ਦੂਜੇ ਗੁਲਾਮਾਂ ਨਾਲੋਂ ਵਧੇਰੇ ਜ਼ਿੰਮੇਵਾਰੀਆਂ ਸੌਂਪਦੇ ਸਨ। ਇਹ ਦੇਖ ਕੇ ਬਾਕੀ ਗੁਲਾਮ ਉਨ੍ਹਾਂ ਨਾਲ ਈਰਖਾ ਕਰਦੇ ਸਨ।

ਹੌਲੀ-ਹੌਲੀ ਇਹ ਗੱਲ ਖਲੀਫੇ ਦੇ ਕੰਨਾਂ ਤਕ ਵੀ ਪਹੁੰਚੀ। ਖਲੀਫਾ ਸੋਚਣ ਲੱਗਾ, "ਇਹ ਸਭ ਬੇਵਕੂਫ ਹਨ। ਇਹ ਨਹੀਂ ਜਾਣਦੇ ਕਿ ਉਹ ਕਿੰਨਾ ਬੁੱਧੀਮਾਨ ਹੈ। ਉਹ ਗੁਲਾਮ ਬਣਨ ਦੇ ਨਹੀਂ, ਸਗੋਂ ਸਲਾਹਕਾਰ ਬਣਨ ਦੇ ਕਾਬਲ ਹੈ। ਮੈਨੂੰ ਇਨ੍ਹਾਂ ਗੁਲਾਮਾਂ ਨੂੰ ਸਮਝਾਉਣਾ ਪਏਗਾ ਕਿ ਇਸ 'ਚ ਅਤੇ ਉਨ੍ਹਾਂ 'ਚ ਕੀ ਅੰਤਰ ਹੈ?"

ਇਹੀ ਸੋਚ ਕੇ ਇਕ ਦਿਨ ਖਲੀਫੇ ਨੇ ਆਪਣੇ ਖਾਸ ਗੁਲਾਮ ਨੂੰ ਛੱਡ ਕੇ ਬਾਕੀ ਸਾਰੇ ਗੁਲਾਮਾਂ ਨੂੰ ਬੁਲਾਇਆ ਅਤੇ ਕਿਹਾ, "ਤੁਸੀਂ ਇਸ ਗੱਲੋਂ ਬੇਹੱਦ ਪ੍ਰੇਸ਼ਾਨ ਹੋ ਕਿ ਮੈਂ ਇਸ ਨੂੰ ਖਾਸ ਤਵੱਜੋਂ ਦਿੰਦਾ ਹਾਂ ਅਤੇ ਉਸ 'ਤੇ ਖਾਸ ਮਿਹਰਬਾਨ ਹਾਂ। ਕੀ ਇਹ ਸੱਚ ਹੈ?"

ਖਲੀਫੇ ਦੇ ਮੂੰਹੋਂ ਇਹ ਗੱਲ ਸੁਣ ਕੇ ਸਾਰੇ ਗੁਲਾਮਾਂ ਨੂੰ ਜਿਵੇਂ ਸੱਪ ਸੁੰਘ ਗਿਆ। ਕਿਸ ਦੀ ਮਜਾਲ ਸੀ ਕਿ ਖਲੀਫੇ ਦੇ ਸਾਹਮਣੇ ਜ਼ੁਬਾਨ ਖੋਲ੍ਹੇ। ਸਾਰੇ ਸਿਰ ਝੁਕਾਈ ਖੜ੍ਹੇ ਰਹੇ। ਇਹ ਸੋਚ ਕੇ ਸਭ ਦੇ ਦਿਲਾਂ ਦੀਆਂ ਧੜਕਣਾਂ ਵਧ ਗਈਆਂ ਸਨ ਕਿ ਕਿਤੇ ਖਲੀਫਾ ਇਸ ਅਪਰਾਧ ਦੀ ਕੋਈ ਸਖਤ ਸਜ਼ਾ ਨਾ ਸੁਣਾ ਦੇਵੇ।

ਉਨ੍ਹਾਂ ਨੂੰ ਖਾਮੋਸ਼ ਦੇਖ ਕੇ ਖਲੀਫੇ ਨੇ ਕਿਹਾ, "ਮੈਂ ਤੁਹਾਡੇ ਤੋਂ ਇਕ ਸਵਾਲ ਪੁੱਛਦਾ ਹਾਂ। ਜੇਕਰ ਤੁਸੀਂ ਉਸ ਦਾ ਜਵਾਬ ਮੇਰੇ ਮਨ ਮੁਤਾਬਿਕ ਦਿੱਤਾ ਤਾਂ ਮੈਂ ਤੁਹਾਨੂੰ ਇਸ ਗੁਲਾਮੀ ਤੋਂ ਆਜ਼ਾਦ ਕਰ ਦਿਆਂਗਾ।"

ਗੁਲਾਮਾਂ ਦੀ ਜਾਨ 'ਤੇ ਬਣ ਗਈ।

ਖਲੀਫੇ ਨੇ ਪੁੱਛਿਆ,"ਦੱਸੋ ਸਰੀਰ ਦਾ ਸਭ ਤੋਂ ਬੇਹਤਰ ਅਤੇ ਸਭ ਤੋਂ ਬਦਤਰ ਅੰਗ ਕਿਹੜਾ ਹੈ?"

"ਇਹ ਹੱਥ, ਜੋ ਤੁਹਾਡੀ ਸੇਵਾ ਕਰਦੇ ਹਨ।" ਸਾਰੇ ਗੁਲਾਮਾਂ ਨੇ ਇਕੋ ਆਵਾਜ਼ 'ਚ ਕਿਹਾ, "ਸਾਡੇ ਹੱਥ ਸਾਡੇ ਸਰੀਰ

ਦੇ ਸਭ ਤੋਂ ਬੇਹਤਰ ਅੰਗ ਹਨ।"

"ਤਾਂ ਫਿਰ ਸਾਡੇ ਸਰੀਰ ਦਾ ਸਭ ਤੋਂ ਬਦਤਰ ਅੰਗ ਕਿਹੜਾ ਹੈ?"

ਇਸ ਵਾਰ ਕੋਈ ਕੁਝ ਨਾ ਬੋਲਿਆ। ਸਰੀਰ ਦੇ ਤਾਂ ਸਾਰੇ ਅੰਗ ਬੇਹਤਰ ਹੁੰਦੇ ਹਨ, ਬਦਤਰ ਅੰਗ ਕਿਹੜਾ ਹੈ, ਇਸ ਦੇ ਜਵਾਬ 'ਚ ਸਾਰੇ ਗੁਲਾਮ ਸੋਚਾਂ 'ਚ ਪੈ ਗਏ।

ਥੋੜ੍ਹੀ ਦੇਰ ਖਲੀਫੇ ਨੇ ਉਡੀਕ ਕੀਤੀ। ਫਿਰ ਕਿਹਾ, "ਲੱਗਦੈ ਕਿ ਇਸ ਸਵਾਲ ਦਾ ਤੁਹਾਡੇ ਕੋਲ ਕੋਈ ਜਵਾਬ ਨਹੀਂ ਹੈ।"

ਸਾਰੇ ਗੁਲਾਮ ਚੁੱਪ ਰਹੇ, ਕੁਝ ਨਹੀਂ ਬੋਲੇ।

ਖਲੀਫੇ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਚਹੇਤੇ ਗੁਲਾਮ ਨੂੰ ਪੇਸ਼ ਕੀਤਾ ਜਾਏ।

ਕੁਝ ਪਲਾਂ ਪਿੱਛੋਂ ਹੀ ਉਨ੍ਹਾਂ ਦਾ ਖਾਸ ਗੁਲਾਮ ਉਨ੍ਹਾਂ ਦੇ ਸਾਹਮਣੇ ਆਇਆ।

ਖਲੀਫੇ ਨੇ ਕਿਹਾ, "ਮੈਂ ਸਭ ਤੋਂ ਇਕ ਸਵਾਲ ਪੁੱਛਿਆ ਸੀ ਅਤੇ ਇਹ ਸ਼ਰਤ ਰੱਖੀ ਸੀ ਕਿ ਜੋ ਵੀ ਮੇਰੇ ਸਵਾਲ ਦਾ ਮੇਰੇ ਮਨ ਮੁਤਾਬਿਕ ਸਹੀ ਜਵਾਬ ਦੇਵੇਗਾ, ਉਸ ਨੂੰ ਗੁਲਾਮੀ ਤੋਂ ਆਜ਼ਾਦ ਕਰ ਦਿੱਤਾ ਜਾਏਗਾ। ਇਨ੍ਹਾਂ 'ਚੋਂ ਕੋਈ ਵੀ ਮੇਰੇ ਮਨ ਮੁਤਾਬਿਕ ਜਵਾਬ ਨਹੀਂ ਦੇ ਸਕਿਆ। ਹੁਣ ਉਹੀ ਸਵਾਲ ਮੈਂ ਤੈਥੋਂ ਪੁੱਛਦਾ ਹਾਂ। ਦੱਸ, ਸਰੀਰ ਦਾ ਸਭ ਤੋਂ ਬੇਹਤਰ ਅੰਗ ਕਿਹੜਾ ਹੈ?"

"ਮੇਰੇ ਮਾਲਕ, ਉਹ ਅੰਗ ਹੈ ਆਦਮੀ ਦੀ ਜ਼ੁਬਾਨ।"

"ਅਤੇ ਸਰੀਰ ਦਾ ਸਭ ਤੋਂ ਬਦਤਰ ਅੰਗ?"

"ਉਹ ਵੀ ਜ਼ੁਬਾਨ ਹੀ ਹੈ ਮੇਰੇ ਮਾਲਕ।"

ਉਸ ਦਾ ਜਵਾਬ ਸੁਣ ਕੇ ਸਾਰੇ ਦਰਬਾਰੀ ਹੈਰਾਨ ਰਹਿ ਗਏ ਕਿ ਉਹ ਕੀ ਕਹਿ ਰਿਹੈ! ਖਲੀਫਾ ਤਾਂ ਉਸ ਨੂੰ ਬਹੁਤ ਬੁੱਧੀਮਾਨ ਸਮਝਦਾ ਹੈ। ਉਹ ਤਾਂ ਜ਼ੁਬਾਨ ਨੂੰ ਹੀ ਬੇਹਤਰ ਅਤੇ ਜ਼ੁਬਾਨ ਨੂੰ ਹੀ ਬਦਤਰ ਅੰਗ ਕਹਿ ਰਿਹਾ ਹੈ। ਲੱਗਦੈ ਕਿ ਅੱਜ ਖਲੀਫਾ ਇਸ ਨੂੰ ਇਸ ਦੀ ਸਖਤ ਸਜ਼ਾ ਦੇਣਗੇ।

ਥੋੜ੍ਹੀ ਦੇਰ ਚੁੱਪ ਰਹਿਣ ਪਿੱਛੋਂ ਖਲੀਫੇ ਨੇ ਕਿਹਾ, "ਗੁਲਾਮ! ਕੀ ਤੂੰ ਮੇਰੇ ਸਵਾਲ ਨੂੰ ਸਹੀ ਢੰਗ ਨਾਲ ਸੁਣਿਆ ਸੀ?"

"ਜੀ ਮੇਰੇ ਮਾਲਕ।"

"ਕੀ ਤੂੰ ਇਸ ਰਹੱਸ ਦਾ ਖੁਲਾਸਾ ਕਰ ਸਕਦੈਂ ਕਿ ਕਿਸ ਤਰ੍ਹਾਂ ਜ਼ੁਬਾਨ ਹੀ ਇਨਸਾਨ ਦੇ ਸਰੀਰ ਦਾ ਸਭ ਤੋਂ ਬੇਹਤਰ ਅਤੇ ਜ਼ੁਬਾਨ ਹੀ ਇਨਸਾਨ ਦੇ ਸਰੀਰ ਦਾ ਸਭ ਤੋਂ ਬਦਤਰ ਅੰਗ ਹੈ?"

"ਜੀ ਮੇਰੇ ਮਾਲਕ।"

"ਤਾਂ ਕਰ ਖੁਲਾਸਾ। ਧਿਆਨ ਰਹੇ ਕਿ ਜੇਕਰ ਤੂੰ ਠੀਕ ਖੁਲਾਸਾ ਕਰਕੇ ਮੈਨੂੰ ਸੰਤੁਸ਼ਟ ਨਾ ਕੀਤਾ ਤਾਂ ਅੱਜ ਤੈਨੂੰ ਮੌਤ ਦੀ ਸਜ਼ਾ ਦਿੱਤੀ ਜਾਏਗੀ।"

ਇਹ ਸੁਣ ਕੇ ਬਾਕੀ ਗੁਲਾਮ ਬਹੁਤ ਖੁਸ਼ ਹੋਏ ਅਤੇ ਸੋਚਣ ਲੱਗੇ ਕਿ ਅੱਜ ਇਹ ਜ਼ਰੂਰ ਮਾਰਿਆ ਜਾਏਗਾ।

ਪਰ ਉਸ ਗੁਲਾਮ ਨੇ ਪੂਰੇ ਆਤਮ-ਵਿਸ਼ਵਾਸ ਨਾਲ ਕਿਹਾ, "ਅਲੀਜਹਾਂ! ਇਸ ਜ਼ੁਬਾਨ ਨੂੰ ਮੈਂ ਸਰੀਰ ਦਾ ਸਭ ਤੋਂ ਬੇਹਤਰ ਅੰਗ ਇਸ ਲਈ ਕਿਹਾ ਕਿਉਂਕਿ ਇਹੀ ਜ਼ੁਬਾਨ ਜੇਕਰ ਮਿੱਠਾ ਬੋਲੇ ਤਾਂ ਹਜ਼ਾਰਾਂ-ਲੱਖਾਂ ਦਾ ਇਨਾਮ ਦਿਵਾ ਦਿੰਦੀ ਹੈ, ਇਹੀ ਜ਼ੁਬਾਨ ਕਿਸੇ ਗੈਰ ਨੂੰ ਆਪਣਾ ਬਣਾ ਦਿੰਦੀ ਹੈ, ਇਹੀ ਜ਼ੁਬਾਨ ਕਿਸੇ ਦੇ ਵੀ ਦਿਲ 'ਚ ਥਾਂ ਬਣਾ ਦਿੰਦੀ ਹੈ ਅਤੇ ਜੇਕਰ ਇਹੀ ਜ਼ੁਬਾਨ ਚਾਹੇ ਤਾਂ ਕਿਸੇ ਵੀ ਦੁਸ਼ਮਣ ਨੂੰ ਦੋਸਤ ਬਣਾ ਦੇਵੇ। ਇਸ ਲਈ ਮੈਂ ਕਿਹਾ ਕਿ ਇਨਸਾਨ ਦੇ ਸਰੀਰ ਦਾ ਇਹੀ ਸਭ ਤੋਂ ਚੰਗਾ ਅੰਗ ਹੈ। ਇਨਸਾਨ ਭਾਵੇਂ ਸ਼ਕਲ-ਸੂਰਤ ਤੋਂ ਖੂਬਸੂਰਤ ਨਾ ਹੋਵੇ ਪਰ ਜੇਕਰ ਜ਼ੁਬਾਨ ਖੂਬਸੂਰਤ ਹੈ ਭਾਵ ਉਸ ਦੀ ਜ਼ੁਬਾਨ 'ਚ ਮਿਠਾਸ ਹੈ ਤਾਂ ਉਹੀ ਇਨਸਾਨ ਦੁਨੀਆ ਦਾ ਸਭ ਤੋਂ ਖੂਬਸੂਰਤ ਇਨਸਾਨ ਮੰਨਿਆ ਜਾਂਦਾ ਹੈ। ਇਸੇ ਲਈ ਮੇਰੇ ਮਾਲਕ! ਮੈਂ ਇਸ ਨੂੰ ਸਰੀਰ ਦਾ ਸਭ ਤੋਂ ਬੇਹਤਰੀਨ ਅੰਗ ਕਿਹਾ ਹੈ। ਪਰ ਜੇ ਇਸੇ ਜ਼ੁਬਾਨ ਨੂ ਗਲਤ ਢੰਗ ਨਾਲ ਵਰਤੋ ਤਾਂ ਇਹ ਤੁਹਾਡੇ ਦੋਸਤਾਂ ਨੂੰ ਵੀ ਤੁਹਾਡੇ ਦੁਸ਼ਮਨ ਬਣਾ ਸਕਦੀ ਹੈ |

# Aadatan Ton Nasal Da Pata Lagdai-Arabi Lok Kahani

# ਆਦਤਾਂ ਤੋਂ ਨਸਲ ਦਾ ਪਤਾ ਲਗਦਾ ਏ-ਅਰਬੀ ਕਹਾਣੀ

ਇਕ ਬਾਦਸ਼ਾਹ ਦੇ ਦਰਬਾਰ ਵਿਚ ਇਕ ਕੋਈ ਓਪਰਾ ਬੰਦਾ ਨੌਕਰੀ ਦੀ ਭਾਲ ਵਿਚ ਅੱਪੜਿਆ।

ਉਸ ਤੋਂ ਉਹਦੀ ਯੋਗਤਾ ਪੁੱਛੀ ਗਈ।

ਉਸ ਆਖਿਆ

“ਸਿਆਸੀ ਹਾਂ।”

(ਅਰਬੀ ਚ ਸਿਆਸੀ ਉਸਨੂੰ ਆਖਦੇ ਜੋ ਆਪਣੀ ਅਕਲ ਤੇ ਗਿਆਨ ਸਦਕਾ ਕਿਸੇ ਮਸਲੇ ਨੂੰ ਹੱਲ ਕਰਨ ਦੀ ਯੋਗਤਾ ਰੱਖਦਾ ਹੋਵੇ)

ਬਾਦਸ਼ਾਹ ਦੇ ਕੋਲ ਸਿਆਸਤਦਾਨਾਂ ਦੀ ਕੋਈ ਕਮੀ ਨਹੀਂ ਸੀ ਤਾਂ ਉਸਨੂੰ ਘੋੜਿਆਂ ਦੇ ਤਬੇਲੇ ਦਾ ਮੁਖੀ ਬਣਾ ਘੱਤਿਆ।

ਥੋੜੇ ਦਿਨਾਂ ਮਗਰੋਂ ਬਾਦਸ਼ਾਹ ਉਸਨੂੰ ਆਪਣੇ ਸਾਰ ਤੋਂ ਮਹਿੰਗੇ ਤੇ ਪਿਆਰੇ ਘੋੜੇ ਬਾਰੇ ਪੁੱਛਿਆ,

ਉਸ ਆਖਿਆ, “ਇਹ ਘੋੜਾ ਨਸਲੀ ਨਹੀਂ ਏ।”

ਬਾਦਸ਼ਾਹ ਬੜਾ ਹੈਰਾਨ ਹੋਇਆ, ਉਸ ਘੋੜਿਆਂ ਦੇ ਰਾਖੇ ਨੂੰ ਸੱਦ ਕੇ ਆਪਣੇ ਘੋੜੇ ਬਾਰੇ ਪੁੱਛਿਆ......

ਉਸ ਦੱਸਿਆ, “ਬਾਦਸ਼ਾਹ !! ਘੋੜਾ ਤਾਂ ਨਸਲੀ ਜੇ, ਪਰ ਜਦ ਇਹ ਜੰਮਿਆ ਸੀ ਤਦ ਇਹਦੀ ਮਾਂ ਮਰ ਗਈ ਸੀ ਤੇ ਇਹ ਇੱਕ ਗਾਂ ਦਾ ਦੁੱਧ ਚੁੰਘ ਕੇ ਉਸ ਨਾਲ ਪਲਿਆ ਹੈ।”

ਬਾਦਸ਼ਾਹ ਉਸਨੂੰ ਸੱਦਿਆ ਤੇ ਪੁੱਛਿਆ “ਤੈਨੂੰ ਕਿਸ ਤਰਾਂ ਪਤਾ ਲੱਗਾ ਪਈ ਇਹ ਘੋੜਾ ਨਸਲੀ ਨਹੀਂ ਏ?”

ਉਸ ਆਖਿਆ, “ਜਿਦੋਂ ਇਹ ਘੋੜਾ ਘਾਹ ਖਾਂਦਾ ਹੈ ਤਦੋਂ ਇਹ ਗਾਈਆਂ ਵਾਂਙੂੰ ਮੂੰਹ ਹੇਠਾਂ ਕਰਕੇ ਖਾਂਦਾ, ਜਦਕਿ

ਨਸਲੀ ਘੋੜਾ ਬੁਰਕ ਭਰਕੇ ਮੂੰਹ ਉਤਾਂਹ ਚੁੱਕ ਕੇ ਘਾਹ ਖਾਂਦਾ।"

ਬਾਦਸ਼ਾਹ ਉਸਦੀ ਸੂਝ ਤੋਂ ਏਨਾ ਖੁਸ਼ ਹੋਇਆ ਕਿ ਉਹਦੇ ਘਰੇ ਦਾਣੇ, ਘਿਓ, ਭੁੱਜੇ ਹੋਏ ਦੁੰਬੇ ਤੇ ਪੰਖੀਆਂ ਦਾ ਉੱਚ ਦਰਜੇ ਦਾ ਮਾਸ ਇਨਾਮ ਵਜੋਂ ਘੱਲਿਆ ਤੇ ਉਸਨੂੰ ਮਲਿਕਾ ਦੇ ਰਣਵਾਸ 'ਤੇ ਤੈਨਾਤ ਕਰ ਘੱਤਿਆ।

ਫੇਰ ਕੁਝ ਦਿਨਾਂ ਮਗਰੋਂ ਬਾਦਸ਼ਾਹ ਉਸਤੋਂ ਆਪਣੀ ਬੇਗ਼ਮ ਬਾਰੇ ਪੁੱਛਿਆ, ਉਸ ਆਖਿਆ,"ਰਹਿਣ-ਸਹਿਣ ਤਾਂ ਮਲਿਕਾ ਵਰਗਾ ਏ ਪਰ ਇਹ ਕੋਈ ਸ਼ਹਿਜ਼ਾਦੀ ਨਹੀਂ ਏ।"

ਬਾਦਸ਼ਾਹ ਬੜਾ ਅਵਾਜ਼ਾਰ ਹੋਇਆ ਤੇ ਉਹਨੂੰ ਖਲੋਣ ਨੂੰ ਧਰਤੀ ਵਿਹਲ ਨਾ ਦੇਵੇ। ਉਸ ਓਸੇ ਵੇਲੇ ਆਪਣੀ ਸੱਸ ਨੂੰ ਸੱਦਿਆ ਤੇ ਸਾਰਾ ਮਾਮਲਾ ਉਸਨੂੰ ਦੱਸਿਆ। ਸੱਸ ਆਂਹਦੀ, "ਸੱਚਾਈ ਇਹ ਵੇ ਕਿ ਤੁਹਾਡੇ ਮਾਪਿਆਂ ਮੇਰੇ ਖ਼ਸਮ ਨਾਲ ਹਾਡੀ ਕੁੜੀ ਦਾ ਜੰਮਦਿਆਂ ਹੀ ਰਿਸ਼ਤਾ ਮੰਗ ਲਿਆ ਸਉ, ਪਰ ਹਾਡੀ ਕੁੜੀ ਛੇ ਮਹੀਨਿਆਂ ਦੀ ਉਮਰੇ ਹੀ ਚਲ ਵਸੀ, ਇਸ ਤਰਾਂ ਫਿਰ ਅਸਾਂ ਤੁਹਾਡੀ ਬਾਦਸ਼ਾਹਤ ਨਾਲ ਨਾਤਾ ਗੰਢਣ ਲਈ ਕਿਸੇ ਹੋਰ ਦੀ ਕੁੜੀ ਨੂੰ ਆਪਣੀ ਕੁੜੀ ਬਣਾ ਲਿਆ।"

ਤਦ ਬਾਦਸ਼ਾਹ ਉਸਨੂੰ ਪੁੱਛਿਆ,"ਤੈਨੂੰ ਕੇਸਰਾਂ ਪਤਾ ਲੱਗਾ ਭਲਾ ?"

ਉਸ ਆਖਿਆ, "ਬਾਦਸ਼ਾਹ ਤੁਹਾਡੀ ਬੇਗ਼ਮ ਦਾ ਨੌਕਰਾਂ ਨਾਲ ਵਤੀਰਾ ਅਨਪੜ੍ਹਾਂ ਤੋਂ ਵੀ ਭੈੜਾ ਏ। ਇਕ ਖਾਨਦਾਨੀ ਬੰਦੇ ਦਾ ਦੂੱਜਿਆਂ ਨਾਲ ਵਿਹਾਰ ਕਰਨ ਦਾ ਇਕ ਸਲੀਕਾ ਹੁੰਦਾ ਏ, ਜੋ ਉਨ੍ਹਾਂ ਵਿਚ ਭੋਰਾ ਵੀ ਨਹੀਂ ਏ।"

ਬਾਦਸ਼ਾਹ ਫਿਰ ਬੜਾ ਖੁਸ਼ ਹੋਇਆ ਤੇ ਉਸਨੂੰ ਵਾਹਵਾ ਸਾਰਾ ਅਨਾਜ ਤੇ ਭੇਡਾਂ-ਬੱਕਰੀਆਂ ਇਨਾਮ ਵਜੋਂ ਦਿੱਤੀਆਂ ਤੇ ਉਸਨੂੰ ਆਪਣਾ ਦਰਬਾਰੀ ਬਣਾ ਲਿਆ।

ਕੁਝ ਦਿਨ ਲੰਘੇ, ਬਾਦਸ਼ਾਹ ਵੱਲੋਂ ਉਸਨੂੰ ਸੱਦਿਆ ਗਿਆ ਤੇ ਉਸਨੂੰ ਆਖਿਆ ਗਿਆ ਕਿ ਕੁਝ ਮੇਰੇ ਬਾਰੇ ਦੱਸ।

ਉਸ ਆਖਿਆ, "ਜਾਨ ਬਖ਼ਸ਼ ਰੱਖਿਆ ਜੇ।"

ਬਾਦਸ਼ਾਹ ਵਾਅਦਾ ਕੀਤਾ ਕਿ ਕੱਖ ਨਈਂ ਆਂਹਦਾ।

ਉਸ ਆਖਿਆ, "ਨਾ ਤਾਂ ਤੁਸਾਂ ਸ਼ਹਿਜ਼ਾਦੇ ਜੋ ਤੇ ਨਾ ਹੀ ਤੁਹਾਡਾ ਵਿਹਾਰ ਬਾਦਸ਼ਾਹਾਂ ਵਰਗਾ ਏ।"

ਬਾਦਸ਼ਾਹ ਬੱਬੋੜਿੱਕਾ ਹੋਇਆ ਗੁੱਸੇ ਚ ਆ ਗਿਆ ਪਰ ਜਾਨ ਬਖ਼ਸ਼ਣ ਦਾ ਵਾਅਦਾ ਕੀਤਾ ਹੋਣ ਕਰਕੇ ਚੁੱਪ-ਚਾਪ ਆਪਣੀ ਮਾਂ ਦੇ ਮਹੱਲ ਜਾ ਅੱਪੜਿਆ।

ਉਸਦੀ ਮਾਂ ਆਖਿਆ, "ਪੁੱਤਰਾ ਇਹ ਸੱਚ ਵੇ ਕਿ ਤੂੰ ਇਕ ਆਜੜੀ ਦਾ ਮੁੰਡਾ ਏਂ, ਹਾਡੇ ਕੋਈ ਧੀ-ਪੁੱਤ ਨਹੀਂ ਸੀ ਤਦ ਅਸਾਂ ਤੈਨੂੰ ਗੋਦ ਲੈਕੇ ਪਾਲਿਆ।"

ਬਾਦਸ਼ਾਹ ਆਪਣੇ ਸਿਆਸੀ ਨੂੰ ਸੱਦਕੇ ਪੁੱਛਿਆ, "ਦੱਸ ! ਤੈਨੂੰ ਕਿੰਞ ਪਤਾ ਲੱਗਾ ?"

ਉਸ ਆਖਿਆ, "ਬਾਦਸ਼ਾਹ ਜਦ ਕਿਸੇ ਨੂੰ ਕੋਈ ਇਨਾਮ ਦੇਂਦੇ ਨੇ ਤਾਂ ਉਹ ਹੀਰੇ, ਮੋਤੀ ਜਵਾਹਰ ਦੇਂਦੇ ਨੇ, ਪਰ ਤੁਸਾਂ ਤਾਂ ਭੇਡਾਂ, ਬੱਕਰੀਆਂ ਤੇ ਖਾਣ-ਪੀਣ ਦੀਆਂ ਸ਼ੈਆਂ ਦਿੱਤੀਆਂ ਸਉ। ਇਸਤੋਂ ਪਤਾ ਲਗਦਾ ਕਿ ਤੁਸਾਂ ਕੋਈ ਸ਼ਹਿਜ਼ਾਦੇ ਨਹੀਂ, ਕਿਸੇ ਆਜੜੀ ਦੇ ਮੁੰਡੇ ਜੇ।"

ਕਿਸੇ ਮਨੁੱਖ ਕੋਲਾਂ ਕਿੰਨੀ ਵੀ ਧਨ-ਦੌਲਤ, ਸੁਖ-ਅਰਾਮ, ਰੁਤਬਾ, ਗਿਆਨ, ਤਾਕਤ ਹੋਵੇ, ਇਹ ਸਭ ਬਾਹਰੀ ਸ਼ੈਆਂ ਨੇ। ਬੰਦੇ ਦੀ ਅਸਲੀਅਤ ਉਸਦੇ ਲਹੂ, ਉਸਦੇ ਵਿਹਾਰ ਤੋਂ ਪਤਾ ਲਗਦੀ ਹੈ।

# Karam-Lok Kahani

# ਕਰਮ-ਲੋਕ ਕਹਾਣੀ

ਉਹ ਇਕ ਤੂਫ਼ਾਨੀ ਸ਼ਾਮ ਸੀ । ਲੋਕ ਘਰਾਂ 'ਚ ਲੁਕੇ ਬੈਠੇ ਪਛਤਾਵਾ ਕਰ ਰਹੇ ਸਨ ਤੇ ਪੁਜਾਰੀ ਪ੍ਰਾਰਥਨਾ ਕਰ ਰਹੇ ਸਨ ।

ਉਸ ਵੇਲੇ ਪੂਜਾ-ਥਾਂ ਦੇ ਬੂਹੇ 'ਤੇ ਦਸਤਕ ਹੋਈ । ਪੁਜਾਰੀ ਦੀ ਆਗਿਆ ਪਾ ਕੇ ਇਕ ਇਸਤਰੀ ਅੰਦਰ ਆਈ । ਉਹਦਾ ਧਰਮ ਵੱਖਰਾ ਸੀ ।

ਪੁਜਾਰੀ ਨੇ ਨਫ਼ਰਤ ਨਾਲ ਉਸ ਵੱਲ ਵੇਖਿਆ ਤੇ ਚੀਕ ਕੇ ਕਿਹਾ, 'ਚੁੜੇਲ, ਇਥੋਂ ਚਲੀ ਜਾ । ਇਥੇ ਕੇਵਲ ਮੇਰਾ ਧਰਮ ਮੰਨਣ ਵਾਲੇ ਹੀ ਆ ਸਕਦੇ ਨੇ ।' ਇਸਤਰੀ ਕੰਬਦੀ ਹੋਈ ਪੂਜਾ ਥਾਂ ਤੋਂ ਬਾਹਰ ਚਲੀ ਗਈ । ਉਸੇ ਪਲ ਭਿਆਨਕ ਗਰਜ ਨਾਲ ਬੱਦਲਾਂ 'ਚ ਬਿਜਲੀ ਚਮਕੀ ਤੇ ਲਹਿਰਾਂਦੀ ਹੋਈ ਪੂਜਾ ਥਾਂ 'ਤੇ ਡਿੱਗੀ । ਲੋਕ ਝਟਪਟ ਦੌੜੇ, ਵੇਖਿਆ ਪੁਜਾਰੀ ਸੜ ਕੇ ਸੁਆਹ ਹੋ ਚੁੱਕਿਆ ਹੈ ਤੇ ਦੂਜੇ ਧਰਮ ਨੂੰ ਮੰਨਣ ਵਾਲੀ ਉਹ ਇਸਤਰੀ ਜੰਗਾਲ ਲੱਗੀ ਬਾਲਟੀ ਲਈ ਉਸ ਦੀ ਅੱਗ ਬੁਝਾਉਂਦੀ ਫਿਰ ਰਹੀ ਸੀ ।'

(-ਸੁਰਜੀਤ)

# Sheesha-Lok Kahani

# ਸ਼ੀਸ਼ਾ-ਲੋਕ ਕਹਾਣੀ

ਸ਼ਹਿਰ ਵਿਚ ਇਕ ਫ਼ਕੀਰ ਦੀ ਬਹੁਤ ਪ੍ਰਸਿੱਧੀ ਸੀ । ਬਾਦਸ਼ਾਹ ਨੂੰ ਮਿਲਣ ਦੀ ਇੱਛਾ ਹੋਈ । ਦਰਬਾਰ 'ਚ ਪਧਾਰਨ ਦਾ ਫ਼ਕੀਰ ਨੂੰ ਬੁਲਾਵਾ ਭੇਜਿਆ ਪਰ ਉਹ ਨਹੀਂ ਆਇਆ ।

ਆਖਰ ਬਾਦਸ਼ਾਹ ਆਪ ਫ਼ਕੀਰ ਨੂੰ ਮਿਲਣ ਉਸ ਕੋਲ ਗਿਆ । ਉਪਹਾਰ ਲਈ ਪਕਵਾਨ ਭੇਟ ਕੀਤੇ । ਫ਼ਕੀਰ ਨੇ ਸ਼ੀਸ਼ਾ ਕੱਢਿਆ ਤੇ ਉਸ 'ਤੇ ਇਕ ਗਰਾਹੀ ਮਲ ਦਿੱਤੀ । ਸ਼ੀਸ਼ਾ ਧੁੰਦਲਾ ਹੋ ਗਿਆ । ਫਿਰ ਉਹਨੇ ਆਪਣੀ ਦੂਜੀ ਸੁੱਕੀ ਰੋਟੀ ਕੱਢੀ ਉਸ ਨਾਲ ਧੁੰਦਲਾ ਸ਼ੀਸ਼ਾ ਸਾਫ਼ ਹੋ ਗਿਆ ਤੇ ਉਹ ਚਾਅ ਨਾਲ ਖਾਣ ਲੱਗਾ । ਇਹ ਸਭ ਵੇਖ ਕੇ ਬਾਦਸ਼ਾਹ ਨੇ ਹੈਰਾਨ ਹੋ ਕੇ ਪੁੱਛਿਆ, 'ਇਹ ਸਭ ਕੀ ਏ?' ਫ਼ਕੀਰ ਨੇ ਸਮਝਾਇਆ, 'ਤੁਹਾਡੇ ਭੋਜਨ ਨਾਲ ਮੇਰਾ ਸ਼ੀਸ਼ਾ ਧੁੰਦਲਾ ਹੋ ਜਾਂਦਾ ਸੀ ਪਰ ਮੇਰੀ ਜਵਾਰ ਦੀ ਰੋਟੀ ਨਾਲ ਉਹ ਸ਼ੀਸ਼ਾ ਸਾਫ਼ ਹੋ ਜਾਂਦਾ ਸੀ । ਹੁਣ ਤੁਸੀਂ ਦੱਸੋ ਉਹਨੂੰ ਮੈਂ ਕਿਉਂ ਖਾਵਾਂ ।'

(-ਸੁਰਜੀਤ)

# Chiri Te Pippal-Lok Kahani

# ਚਿੜੀ ਤੇ ਪਿੱਪਲ-ਲੋਕ ਕਹਾਣੀ

ਇੱਕ ਸੀ ਚਿੜੀ। ਚਿੜੀ ਨੂੰ ਬਹੁਤ ਭੁੱਖ ਲੱਗੀ ਸੀ। ਉਹ ਆਪਣੇ ਖਾਣ ਲਈ ਕੁਝ ਲੱਭਣ ਲੱਗੀ। ਲੱਭਦਿਆਂ-ਲੱਭਦਿਆਂ ਉਸ ਨੂੰ ਇੱਕ ਦਾਣਾ ਲੱਭ ਪਿਆ। ਉਹ ਪਿੱਪਲ ਦੇ ਰੁੱਖ ਤੇ ਬੈਠ ਕੇ ਦਾਣਾ ਖਾਣ ਲੱਗੀ। ਦਾਣਾ ਪਿੱਪਲ ਦੀ ਖੁੱਡ ਵਿੱਚ ਡਿੱਗ ਪਿਆ। ਚਿੜੀ ਨੇ ਪਿੱਪਲ ਨੂੰ ਕਿਹਾ, "ਪਿੱਪਲਾ-ਪਿੱਪਲਾ, ਦਾਣਾ ਦੇ।"

ਪਿੱਪਲ ਬੋਲਿਆ, "ਨਹੀਂ ਦਿੰਦਾ।"

ਪਿੱਪਲ ਦਾਣਾ ਦੇਵੇ ਨਾ; ਚਿੜੀ ਵਿਚਾਰੀ ਕੀ ਕਰੇ;

ਠੰਡਾ ਪਾਣੀ ਪੀ ਮਰੇ।

ਚਿੜੀ ਅੱਗ ਕੋਲ ਗਈ। ਉਸ ਨੇ ਅੱਗ ਨੂੰ ਕਿਹਾ. "ਅੱਗ-ਅੱਗ, ਪਿੱਪਲ ਨੂੰ ਸਾੜ ਦੇ।"

ਅੱਗ ਨੇ ਕਿਹਾ, "ਮੈਂ ਨਹੀਂ ਸਾੜਦੀ।"

ਅੱਗ ਪਿੱਪਲ ਨੂੰ ਸਾੜੇ ਨਾ; ਪਿੱਪਲ ਦਾਣਾ ਦੇਵੇ ਨਾ;

ਚਿੜੀ ਵਿਚਾਰੀ ਕੀ ਕਰੇ; ਠੰਡਾ ਪਾਣੀ ਪੀ ਮਰੇ।

ਹੁਣ ਚਿੜੀ ਪਾਣੀ ਕੋਲ ਗਈ। ਉਸ ਨੇ ਪਾਣੀ ਨੂੰ ਕਿਹਾ, "ਪਾਣੀ-ਪਾਣੀ, ਅੱਗ ਨੂੰ ਬੁਝਾ ਦੇ।"

ਪਾਣੀ ਕਹਿੰਦਾ, "ਮੈਂ ਨਹੀਂ ਬੁਝਾਉਂਦਾ।"

ਪਾਣੀ ਅੱਗ ਬੁਝਾਵੇ ਨਾ; ਅੱਗ ਪਿੱਪਲ ਨੂੰ ਸਾੜੇ ਨਾ;

ਪਿੱਪਲ ਦਾਣਾ ਦੇਵੇ ਨਾ; ਚਿੜੀ ਵਿਚਾਰੀ ਕੀ ਕਰੇ;

ਠੰਡਾ ਪਾਣੀ ਪੀ ਮਰੇ।

ਚਿੜੀ ਫਿਰ ਹਾਥੀ ਕੋਲ ਗਈ। ਉਸ ਨੇ ਹਾਥੀ ਨੂੰ ਕਿਹਾ, “ਹਾਥੀ-ਹਾਥੀ, ਪਾਣੀ ਪੀ ਜਾ।”

ਹਾਥੀ ਨੇ ਕਿਹਾ, “ਮੈਂ ਨਹੀਂ ਪੀਂਦਾ।”

ਹਾਥੀ ਪਾਣੀ ਪੀਵੇ ਨਾ; ਪਾਣੀ ਅੱਗ ਬੁਝਾਵੇ ਨਾ;

ਅੱਗ ਪਿੱਪਲ ਨੂੰ ਸਾੜੇ ਨਾ; ਪਿੱਪਲ ਦਾਣਾ ਦੇਵੇ ਨਾ;

ਚਿੜੀ ਵਿਚਾਰੀ ਕੀ ਕਰੇ; ਠੰਡਾ ਪਾਣੀ ਪੀ ਮਰੇ।

ਫਿਰ ਚਿੜੀ ਰੱਸੇ ਕੋਲ ਗਈ। ਉਸ ਨੇ ਰੱਸੇ ਨੂੰ ਕਿਹਾ, “ਰੱਸਿਆ-ਰੱਸਿਆ, ਹਾਥੀ ਨੂੰ ਬੰਨ੍ਹ ਦੇ।”

ਰੱਸੇ ਨੇ ਕਿਹਾ, “ਮੈਂ ਨਹੀਂ ਬੰਨ੍ਹਦਾ।”

ਰੱਸਾ ਹਾਥੀ ਬੰਨ੍ਹੇ ਨਾ; ਹਾਥੀ ਪਾਣੀ ਪੀਵੇ ਨਾ;

ਪਾਣੀ ਅੱਗ ਬੁਝਾਵੇ ਨਾ; ਅੱਗ ਪਿੱਪਲ ਨੂੰ ਸਾੜੇ ਨਾ;

ਪਿੱਪਲ ਦਾਣਾ ਦੇਵੇ ਨਾ; ਚਿੜੀ ਵਿਚਾਰੀ ਕੀ ਕਰੇ;

ਠੰਡਾ ਪਾਣੀ ਪੀ ਮਰੇ।

ਫਿਰ ਚਿੜੀ ਚੂਹੇ ਕੋਲ ਗਈ। ਉਸ ਨੇ ਚੂਹੇ ਨੂੰ ਕਿਹਾ, “ਚੂਹੇ-ਚੂਹੇ, ਰੱਸੇ ਨੂੰ ਕੁਤਰ ਦੇ।”

ਚੂਹਾ ਕਹਿੰਦਾ, “ਮੈਂ ਰੱਸੇ ਨੂੰ ਨਹੀਂ ਕੁਤਰਦਾ।”

ਚੂਹਾ ਰੱਸੇ ਨੂੰ ਕੁਤਰੇ ਨਾ; ਰੱਸਾ ਹਾਥੀ ਬੰਨ੍ਹੇ ਨਾ;

ਹਾਥੀ ਪਾਣੀ ਪੀਵੇ ਨਾ; ਪਾਣੀ ਅੱਗ ਬੁਝਾਵੇ ਨਾ;

ਅੱਗ ਪਿੱਪਲ ਨੂੰ ਸਾੜੇ ਨਾ; ਪਿੱਪਲ ਦਾਣਾ ਦੇਵੇ ਨਾ;

ਚਿੜੀ ਵਿਚਾਰੀ ਕੀ ਕਰੇ; ਠੰਡਾ ਪਾਣੀ ਪੀ ਮਰੇ।

ਫਿਰ ਚਿੜੀ, ਬਿੱਲੀ ਕੋਲ ਗਈ। ਉਸ ਨੇ ਕਿਹਾ, "ਬਿੱਲੀਏ-ਬਿੱਲੀਏ, ਚੂਹੇ ਨੂੰ ਖਾ ਜਾ।"

ਬਿੱਲੀ ਭੁੱਖੀ ਸੀ, ਉਹ ਮੰਨ ਗਈ।

ਬਿੱਲੀ ਚੂਹੇ ਨੂੰ ਖਾਣ ਲੱਗੀ; ਚੂਹਾ ਰੱਸਾ ਕੁਤਰਨ ਲੱਗਾ;

ਰੱਸਾ ਹਾਥੀ ਬੰਨ੍ਹਣ ਲੱਗਾ; ਹਾਥੀ ਪਾਣੀ ਪੀਣ ਲੱਗਾ;

ਪਾਣੀ ਅੱਗ ਬੁਝਾਉਣ ਲੱਗਾ; ਅੱਗ ਪਿੱਪਲ ਨੂੰ ਸਾੜਨ ਲੱਗੀ;

ਪਿੱਪਲ ਨੇ ਦਾਣਾ ਦੇ ਦਿੱਤਾ; ਚਿੜੀ ਨੇ ਦਾਣਾ ਖਾ ਲਿਆ;

ਚਿੜੀ ਚੀਂ-ਚੀਂ ਕਰਦੀ ਉੱਡ ਗਈ।

# Sheikh Chilli Te Ghara-Lok Kahani

# ਸ਼ੇਖਚਿੱਲੀ ਤੇ ਘੜਾ-ਲੋਕ ਕਹਾਣੀ

ਇੱਕ ਦਿਨ ਸ਼ੇਖਚਿੱਲੀ ਬਜ਼ਾਰ ਵਿਚ ਜਾ ਰਿਹਾ ਸੀ। ਬਜ਼ਾਰ ਵਿਚ ਇੱਕ ਆਦਮੀ ਖੜ੍ਹਾ ਸੀ, ਜਿਸ ਕੋਲ ਇੱਕ ਘੜਾ ਸੀ। ਉਹ ਆਦਮੀ ਕਿਸੇ ਭਾਰ ਚੁੱਕਣ ਵਾਲੇ ਨੂੰ ਲੱਭ ਰਿਹਾ ਸੀ, ਜਿਹੜਾ ਰੁਪਈਆ ਲੈਕੇ ਉਸ ਦਾ ਘੜਾ ਚੁੱਕ ਦੇਵੇ। ਸ਼ੇਖਚਿੱਲੀ ਇਸ ਕੰਮ ਲਈ ਤਿਆਰ ਹੋ ਗਿਆ। ਸ਼ੇਖਚਿੱਲੀ ਘੜੇ ਨੂੰ ਸਿਰ ਤੇ ਰੱਖ ਕੇ ਉਸ ਆਦਮੀ ਦੇ ਪਿੱਛੇ-ਪਿੱਛੇ ਤੁਰ ਪਿਆ।

ਸ਼ੇਖਚਿੱਲੀ ਨੇ ਸੋਚਿਆ, "ਮੈਨੂੰ ਇਕ ਰੁਪਿਆ ਮਿਲੇਗਾ, ਮੈਂ ਇਸ ਦੀ ਇਕ ਮੁਰਗੀ ਖਰੀਦਾਂਗਾ।"

ਜਦ ਉਹ ਮੁਰਗੀ ਚੂਚੇ ਦੇਵੇਗੀ ਤਾਂ ਉਹਨਾਂ ਸਾਰਿਆਂ ਨੂੰ ਵੇਚ ਕੇ ਮੈ ਇੱਕ ਬੱਕਰੀ ਲਵਾਂਗਾ

ਫਿਰ ਉਹ ਬੱਕਰੀ ਮੇਮਣੇ ਦੇਵੇਗੀ।

ਉਹਨਾ ਮੇਮਣਿਆਂ ਨੂੰ ਵੇਚ ਕੇ ਮੈਂ ਇੱਕ ਗਊ ਲਵਾਂਗਾ।

ਉਹ ਗਊ ਵੱਛੇ-ਵੱਛੀਆਂ ਦੇਵੇਗੀ।

ਫਿਰ ਮੈਂ ਉਹਨਾਂ ਨੂੰ ਵੇਚ ਕੇ ਇੱਕ ਮੱਝ ਖਰੀਦਾਂਗਾ।

ਉਹ ਮਝ ਕੱਟੇ-ਕੱਟੀਆਂ ਦੇਵੇਗੀ।

ਫਿਰ ਮੈਂ ਉਹਨਾਂ ਸਾਰਿਆਂ ਨੂੰ ਵੇਚ ਕੇ ਇੱਕ ਘੋੜੀ ਲਵਾਂਗਾ।

ਉਹ ਘੋੜੀ ਵੀ ਵਛੇਰੇ-ਵਛੇਰੀਆਂ ਦੇਵੇਗੀ ਤਾਂ ਮੈਂ ਉਹਨਾਂ ਨੂੰ ਵੇਚ ਕੇ ਆਪਣਾ ਵਿਆਹ ਕਰਾਵਾਂਗਾ।

ਮੇਰੀ ਪਤਨੀ ਮੇਰੇ ਘਰ ਆਵੇਗੀ।

ਮੇਰੇ ਬੱਚੇ ਹੋਣਗੇ, ਮੇਰਾ ਪਰਿਵਾਰ ਵਧੇਗਾ।

ਫਿਰ ਮੈਂ ਆਪਣੇ ਬੈਠਣ ਲਈ ਇੱਕ ਬੈਠਕ ਬਣਾਵਾਂਗਾ।

ਮੈਂ ਬੈਠਕ ਵਿਚ ਬੈਠਾ ਹੋਵਾਂਗਾ। ਫਿਰ ਮੇਰਾ ਲੜਕਾ ਮੇਰੇ ਕੋਲ ਆਵੇਗਾ।

ਉਹ ਕਹੇਗਾ, "ਬਾਪੂ ਜੀ, ਰੋਟੀ ਖਾ ਲਉ।"

ਮੈਂ ਉਦੋਂ ਕੰਮ ਵਿਚ ਰੁਝਿਆ ਹੋਵਾਂਗਾ। ਮੈਂ ਉਸ ਨੂੰ ਗੁੱਸੇ ਵਿੱਚ ਬੋਲਾਂਗਾ "ਚੱਲ ਪਰ੍ਹੇ ਹਟ...."

ਇਹ ਕਹਿੰਦਿਆਂ ਹੀ ਘੜਾ ਸ਼ੇਖਚਿੱਲੀ ਦੇ ਸਿਰ ਤੋਂ ਡਿੱਗ ਪਿਆ ਤੇ ਟੁੱਟ ਗਿਆ। ਘੜੇ ਦਾ ਮਾਲਕ ਰੋਣ ਲੱਗ ਪਿਆ। ਤਦ ਸ਼ੇਖਚਿੱਲੀ ਬੋਲਿਆ, "ਤੂੰ ਤਾਂ ਇਕ ਘੜੇ ਲਈ ਰੋਂਦਾ ਹੈਂ .... ਦੇਖ ਮੇਰਾ ਤਾਂ ਸਾਰਾ ਟੱਬਰ ਹੀ ਰੁੜ੍ਹ ਗਿਆ.... ਮੈਂ ਕੀ ਕਰਾਂ?"

# Chandarkanta-Japani Lok Kahani

# ਚੰਦਰਕਾਂਤਾ-ਜਪਾਨੀ ਲੋਕ ਕਹਾਣੀ

ਪੁਰਾਣੇ ਸਮੇਂ ਦੀ ਗੱਲ ਹੈ ਕਿ ਜਪਾਨ ਦੇ ਇਕ ਪਿੰਡ ਵਿਚ ਇਕ ਪਤੀ-ਪਤਨੀ ਰਹਿ ਰਹੇ ਸਨ। ਉਹ ਬੜੇ ਦੁਖੀ ਸਨ, ਕਿਉਂਕਿ ਵਿਆਹ ਨੂੰ ਪੰਦਰਾਂ ਸਾਲ ਬੀਤ ਜਾਣ ਦੇ ਬਾਅਦ ਵੀ, ਉਨ੍ਹਾਂ ਨੂੰ ਔਲਾਦ ਦੀ ਖੁਸ਼ੀ ਪ੍ਰਾਪਤ ਨਹੀਂ ਸੀ ਹੋਈ। ਉਨ੍ਹਾਂ ਦੇ ਵੱਡ-ਵਡੇਰਿਆਂ ਦਾ ਘੋੜਿਆਂ ਦਾ ਵਪਾਰ ਸੀ, ਪਰ ਹੁਣ ਇਸ ਵਪਾਰ ਵਿਚ ਵੀ ਘਾਟਾ ਪੈ ਜਾਣ ਕਾਰਨ, ਉਨ੍ਹਾਂ ਦੇ ਦੁੱਖ ਵਿਚ ਹੋਰ ਵਾਧਾ ਹੋ ਗਿਆ ਸੀ। ਹੁਣ ਉਨ੍ਹਾਂ ਕੋਲ ਇਕ ਵੀ ਘੋੜਾ ਨਹੀਂ ਸੀ। ਉਨ੍ਹਾਂ ਦੋਹਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੋ ਰਿਹਾ ਸੀ। ਪਿੰਡ ਵਾਲਿਆਂ ਵੀ ਉਨ੍ਹਾਂ ਨੂੰ ਹੁਣ ਹੱਥ-ਉਧਾਰ ਦੇਣਾ ਬੰਦ ਕਰ ਦਿੱਤਾ ਸੀ।

ਇਕ ਲੋਕ-ਵਿਸ਼ਵਾਸ ਅਨੁਸਾਰ ਉਹ ਹੋਰ ਵੀ ਜ਼ਿਆਦਾ ਝੂਰਦੇ ਰਹਿੰਦੇ ਸਨ। ਲੋਕ-ਵਿਸ਼ਵਾਸ ਅਨੁਸਾਰ ਉਸ ਪਿੰਡ ਵਿਚ ਜਿਸ ਜੋੜੇ ਦੇ ਘਰ ਕੋਈ ਔਲਾਦ ਨਹੀਂ ਸੀ ਹੁੰਦੀ, ਉਨ੍ਹਾਂ ਦੇ ਵੱਡੇ-ਵਡੇਰਿਆਂ ਦੀਆਂ ਰੂਹਾਂ ਭਟਕਦੀਆਂ ਰਹਿੰਦੀਆਂ ਸਨ ਤੇ ਉਨ੍ਹਾਂ ਨੂੰ ਕਦੀ ਸ਼ਾਂਤੀ ਨਹੀਂ ਸੀ ਮਿਲਦੀ। ਸੋ ਬੇ-ਔਲਾਦ ਜੋੜੇ ਨੂੰ ਪਿੰਡ ਦੇ ਮੁਖੀਏ ਕੋਲੋਂ ਕਿਸੇ ਯਤੀਮ ਬੱਚੇ ਨੂੰ ਗੋਦ ਲੈਣ ਦੀ ਇਜਾਜ਼ਤ ਲੈਣੀ ਪੈਂਦੀ ਸੀ ਤਾਂ ਕਿ ਵੱਡਿਆਂ ਦੀਆਂ ਰੂਹਾਂ ਨੂੰ ਸ਼ਾਂਤੀ ਮਿਲੇ ਤੇ ਉਨ੍ਹਾਂ ਦੇ ਖਾਨਦਾਨ ਦਾ ਨਾਂ ਅੱਗੇ ਵੱਧਦਾ ਰਹੇ। ਇਹ ਜੋੜਾ ਵੀ ਪਿੰਡ ਦੇ ਮੁਖੀਏ ਕੋਲ ਬੱਚਾ ਗੋਦ ਲੈਣ ਦੀ ਇਜਾਜ਼ਤ ਲੈਣ ਗਿਆ ਸੀ ਤੇ ਨਾਲ ਹੀ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਇਕ ਘੋੜਾ ਵੀ ਦਿੱਤਾ ਜਾਏ, ਜਿਸ ਦੇ ਪੈਸੇ ਉਹ ਹੌਲੀ-ਹੌਲੀ ਮੋੜ ਦੇਣਗੇ, ਪਰ ਮੁਖੀਏ ਨੇ ਇਨ੍ਹਾਂ ਦੋਹਾਂ ਗੱਲਾਂ ਦੀ ਉਨ੍ਹਾਂ ਨੂੰ ਨਾਂਹ ਕਰ ਦਿੱਤੀ ਸੀ, ਕਿਉਂਕਿ ਉਸ ਨੇ ਪਹਿਲਾਂ ਹੀ ਆਰਥਕ ਤੌਰ 'ਤੇ ਉਨ੍ਹਾਂ ਦੀ ਕਾਫੀ ਮਦਦ ਕਰ ਦਿੱਤੀ ਸੀ, ਪਰ ਉਨ੍ਹਾਂ ਦੀ ਹਾਲਤ ਨਹੀਂ ਸੀ ਸੁਧਰੀ ਤੇ ਮੁਖੀਆ ਨਹੀਂ ਸੀ ਚਾਹੁੰਦਾ ਕਿ ਜਿਹੜਾ ਬੱਚਾ ਇਹ ਗੋਦ ਲੈਣ, ਉਹ ਭੁੱਖ ਨਾਲ ਹੀ ਮਰ ਜਾਵੇ।

ਇਕ ਦਿਨ ਸ਼ਾਮ ਵੇਲੇ, ਦੋਵੇਂ ਪਤੀ-ਪਤਨੀ ਆਪਣੇ ਘਰ ਦੇ ਇਕ ਕਮਰੇ ਵਿਚ ਬਾਰੀ ਨੇੜੇ ਬੈਠੇ ਇਨ੍ਹਾਂ ਸੋਚਾਂ ਵਿਚ ਹੀ ਗੁੰਮ-ਸੁੰਮ ਬੈਠੇ ਹੋਏ ਸਨ। ਉਨ੍ਹਾਂ ਨੂੰ ਹੁਣ ਯਕੀਨ ਸੀ ਕਿ ਬੱਚੇ ਵਾਲੀ ਖਾਹਿਸ਼ ਤਾਂ ਹੁਣ ਕਦੀ ਪੂਰੀ ਨਹੀਂ ਹੋ ਸਕਦੀ। ਉਹ ਠੰਢੀਆਂ ਆਹਾਂ ਭਰ ਰਹੇ ਸਨ। ਬਾਰੀ ਦੇ ਬਾਹਰ ਚੰਨ ਪੂਰੀ ਤਰ੍ਹਾਂ ਆਪਣੀ ਚਾਨਣੀ ਖਿਲਾਰ ਰਿਹਾ ਸੀ। ਅਚਾਨਕ ਹੀ ਚੰਦਰਮਾ ਬਹੁਤ ਹੀ ਜ਼ਿਆਦਾ ਚਮਕਿਆ ਤੇ ਇਸ ਦੀ ਇਕ ਰਿਸ਼ਮ ਉਸੇ ਬਾਰੀ ਰਾਹੀਂ ਉਨ੍ਹਾਂ ਦੇ ਕਮਰੇ ਵਿਚ ਦਾਖਲ ਹੋਈ। ਇਹ ਰਿਸ਼ਮ ਕਮਰੇ ਵਿਚ ਇਧਰ-ਉਧਰ ਘੁੰਮਣ ਲੱਗੀ ਤੇ ਅਖੀਰ ਇਕ ਮੇਜ਼ 'ਤੇ ਆ ਕੇ ਟਿਕ ਗਈ। ਉਸ ਰਿਸ਼ਮ ਦੇ ਥੱਲਿਉਂ ਇਕ ਛੋਟਾ ਜਿਹਾ ਬਿੰਦੂ ਉੱਭਰਿਆ ਤੇ ਉਹ ਵੱਡਾ ਹੁੰਦਾ ਗਿਆ ਤੇ ਫਿਰ

ਉਸ ਤੋਂ ਇਕ ਚੂਹੇ ਦੇ ਕੱਦ ਕਾਠ ਜਿੱਡਾ ਇਕ ਚਾਂਦੀ ਰੰਗਾ ਘੋੜਾ ਬਣ ਗਿਆ। ਉਸ ਦੀ ਪਿੱਠ 'ਤੇ ਚੈਰੀ ਦੇ ਫੁੱਲਾਂ ਵਾਲੀ ਟਾਹਣੀ ਸੀ। ਫੁੱਲ ਹਾਲੀ ਖਿੜੇ ਨਹੀਂ ਸਨ ਬਲਕਿ ਬੰਦ ਕਲੀਆਂ ਦੇ ਰੂਪ ਵਿਚ ਸਨ। ਪਤੀ-ਪਤਨੀ ਹੈਰਾਨ ਹੋ ਕੇ ਇਹ ਸਭ ਕੁਝ ਦੇਖ ਰਹੇ ਸਨ ਕਿ ਇਕ ਬੜੀ ਹੀ ਮਿੱਠੀ ਤੇ ਹਮਦਰਦੀ ਭਰੀ ਆਵਾਜ਼ ਆਈ, "ਬਈ, ਉਦਾਸ ਨਾ ਹੋਵੋ। ਮੈਂ ਚੰਦਰਮਾ ਹਾਂ ਤੇ ਆਪਣਾ ਇਕ ਬੱਚਾ ਤੁਹਾਨੂੰ ਦੇਣ ਲਈ ਆਇਆ ਹਾਂ। ਲਉ, ਇਧਰ ਚੈਰੀ ਦੇ ਫੁੱਲਾਂ ਵਾਲੀ ਟਾਹਣੀ ਵੱਲ ਦੇਖੋ।" ਅਚਾਨਕ ਹੀ ਇਕ ਕਲੀ ਨੇ ਹੌਲੀ-ਹੌਲੀ ਆਪਣੀਆਂ ਬੰਦ ਪੱਤੀਆਂ ਖੋਲ੍ਹੀਆਂ ਤੇ ਪਤੀ-ਪਤਨੀ ਦੀ ਹੈਰਾਨੀ ਦੀ ਉਦੋਂ ਕੋਈ ਹੱਦ ਨਾ ਰਹੀ, ਜਦੋਂ ਉਨ੍ਹਾਂ ਪੱਤੀਆਂ ਦੇ ਵਿਚਕਾਰ, ਇਕ ਉਂਗਲ ਦੇ ਨਹੁੰ ਦੇ ਆਕਾਰ ਜਿੱਡਾ ਬੱਚਾ ਬੈਠਾ ਦੇਖਿਆ।

ਚੰਦਰਮਾ ਨੇ ਕਿਹਾ, "ਇਹ ਮੇਰੀ ਬੇਟੀ ਹੈ, ਚੰਦਰਕਾਂਤਾ। ਇਹਦੇ ਨਾਲ ਤੁਹਾਡੇ ਘਰ ਵਿਚ ਖੁਸ਼ੀ ਆਏਗੀ ਤੇ ਇਹ ਤੁਹਾਡੇ ਲਈ ਬੜੀ ਕਿਸਮਤ ਵਾਲੀ ਹੋਏਗੀ, ਪਰ ਇਕ ਗੱਲ ਹੈ ਕਿ ਇਸ ਦਾ ਵਿਆਹ, ਇਸ ਧਰਤੀ 'ਤੇ ਪੈਦਾ ਹੋਏ ਲੜਕੇ ਨਾਲ ਨਹੀਂ ਹੋ ਸਕੇਗਾ ਅਤੇ ਅਠਾਰਾਂ ਸਾਲ ਦੀ ਉਮਰ ਵਿਚ ਇਹ ਫੇਰ ਮੇਰੇ ਕੋਲ ਪਰਤ ਆਏਗੀ। ਇਸ ਸਾਰੇ ਸਮੇਂ ਦੌਰਾਨ ਤੁਸੀਂ ਸਾਰੇ ਕੰਮ ਬੜੀ ਸਿਆਣਪ ਨਾਲ ਕਰਨੇ ਤੇ ਸਭ ਕੁਝ ਹੀ ਚੰਗਾ ਹੋਏਗਾ। ਹੁਣ ਏਸ ਬੱਚੀ ਨੂੰ ਫੁੱਲ ਤੋਂ ਚੁੱਕ ਕੇ ਬਿਸਤਰੇ 'ਤੇ ਪਾ ਦਿਉ।"

ਚੰਦਰਕਾਂਤਾ ਕੁਝ ਮਿੰਟਾਂ ਵਿਚ ਹੀ ਇਕ ਨਵੇਂ ਜਨਮੇ ਬੱਚੇ ਦੇ ਕੱਦ ਦੀ ਹੋ ਗਈ। ਉਹਦੇ ਵਾਲ ਸ਼ਾਹ ਕਾਲੇ ਸਨ, ਉਸ ਦੀਆਂ ਅੱਖਾਂ ਸਿਤਾਰਿਆਂ ਵਾਂਗ ਚਮਕਦੀਆਂ ਸਨ ਤੇ ਉਸ ਦਾ ਰੰਗ ਸੁਨਹਿਰੀ ਸੀ। ਉਸ ਨੇ ਗੁਲਾਬੀ ਰੰਗ ਦਾ ਕਿਮੋਨੋ (ਜਪਾਨੀ ਪਹਿਰਾਵਾ) ਪਹਿਨਿਆ ਹੋਇਆ ਸੀ, ਜਿਸ ਉਪਰ ਬਹੁਤ ਹੀ ਪਿਆਰੀ ਕਢਾਈ ਕੀਤੀ ਹੋਈ ਸੀ ਤੇ ਪਹਿਰਾਵੇ ਦੇ ਨਾਲ ਹੀ ਇਕ ਬਹੁਤ ਕੀਮਤੀ ਹੀਰਾ ਜੋੜਿਆ ਹੋਇਆ ਸੀ। ਛੋਟੇ ਜਿਹੇ ਘੋੜੇ ਨੇ ਬੱਚੀ ਦੇ ਨਰਮ ਜਿਹੇ ਵਾਲਾਂ 'ਤੇ ਆਪਣਾ ਨੱਕ ਰਗੜਿਆ, ਖੁਸ਼ੀ ਨਾਲ ਹੌਲੀ ਜਿਹੀ ਆਪਣੀ ਪੂਛ ਹਿਲਾਈ ਤੇ ਚੰਦ ਦੀ ਰਿਸ਼ਮ 'ਤੇ ਬੈਠ ਗਿਆ। ਹੌਲੀ ਜਿਹੀ ਚੰਦਰਮਾ ਦੀ ਆਵਾਜ਼ ਆਈ, "ਇਕ ਗੱਲ ਯਾਦ ਰੱਖਣੀ ਕਿ ਇਨ੍ਹਾਂ ਸਾਰੇ ਸਾਲਾਂ ਦੇ ਦੌਰਾਨ, ਹਰ ਕੰਮ ਬੜੀ ਸਿਆਣਪ ਨਾਲ ਕਰਨਾ।" ਹੌਲੀ-ਹੌਲੀ ਚੰਦ ਦੀ ਰਿਸ਼ਮ ਅਲੋਪ ਹੋ ਗਈ।

ਅਗਲੇ ਹੀ ਦਿਨ, ਘੋੜਿਆਂ ਦੇ ਵਪਾਰੀ ਨੇ ਉਸ ਕੀਮਤੀ ਹੀਰੇ ਨੂੰ ਵੇਚ ਦਿੱਤਾ, ਜਿਸ ਦੇ ਬਦਲੇ ਉਸ ਨੂੰ ਚੋਖੀ ਰਕਮ ਮਿਲ ਗਈ। ਉਸ ਰਕਮ ਵਿਚੋਂ ਕੁਝ ਪੈਸੇ ਨਾਲ, ਉਨ੍ਹਾਂ ਆਪਣੇ ਖੇਤਾਂ ਵਿਚ ਫੇਰ ਕੁਝ ਸੁਧਾਰ ਕੀਤਾ, ਘੋੜਿਆਂ ਦਾ ਵਪਾਰ ਸ਼ੁਰੂ ਕੀਤਾ ਤੇ ਕੁਝ ਪੈਸੇ ਭਵਿੱਖ ਵਿਚ ਵਰਤਣ ਲਈ ਰੱਖ ਲਏ। ਸਾਲਾਂ ਦੇ ਸਾਲ ਬੀਤ ਰਹੇ ਸਨ। ਦੋਨੋਂ ਪਤੀ-ਪਤਨੀ, ਆਪਣੀ ਧੀ ਚੰਦਰਕਾਂਤਾ ਨਾਲ ਖੁਸ਼ੀ-ਖੁਸ਼ੀ ਰਹਿ ਰਹੇ ਸਨ ਤੇ ਹਮੇਸ਼ਾਂ ਰੱਬ ਦਾ ਸ਼ੁਕਰ ਕਰਦੇ ਸਨ। ਉਹ ਦੋਨੋਂ ਚੰਗੇ ਕੰਮਾਂ ਵਿਚ ਵਿਸ਼ਵਾਸ ਕਰਦੇ ਸਨ, ਹਰ ਕੰਮ ਸਿਆਣਪ ਨਾਲ ਕਰਦੇ ਸਨ। ਉਨ੍ਹਾਂ

ਦਾ ਘੋੜਿਆਂ ਦਾ ਵਪਾਰ ਵਧੀਆ ਚੱਲ ਪਿਆ ਸੀ। ਦੇਸ਼ ਦੇ ਹਰ ਹਿੱਸੇ ਤੋਂ ਯੋਧੇ ਉਨ੍ਹਾਂ ਕੋਲੋਂ ਘੋੜੇ ਖਰੀਦਣ ਆਉਂਦੇ ਸਨ, ਕਿਉਂਕਿ ਉਨ੍ਹਾਂ ਦੇ ਘੋੜੇ ਸਭ ਤੋਂ ਚੰਗੀ ਕਿਸਮ ਦੇ ਸਨ। ਪਰ ਉਨ੍ਹਾਂ ਨੂੰ ਪੈਸੇ ਨਾਲ ਬਹੁਤਾ ਸਰੋਕਾਰ ਨਹੀਂ ਸੀ। ਉਨ੍ਹਾਂ ਨੂੰ ਜੋ ਖੁਸ਼ੀ ਆਪਣੀ ਬੇਟੀ ਦੀ ਹਰ ਖਾਹਿਸ਼ ਪੂਰੀ ਕਰਨ ਤੋਂ ਬਾਅਦ ਮਿਲਦੀ ਸੀ, ਉਹੋ ਜਿਹੀ ਖੁਸ਼ੀ ਹੋਰ ਕੋਈ ਨਹੀਂ ਸੀ। ਉਹ ਬੱਸ ਬੇਟੀ ਦੇ ਪਾਲਣ-ਪੋਸ਼ਣ ਵੱਲ ਜ਼ਿਆਦਾ ਧਿਆਨ ਦਿੰਦੇ ਸਨ। ਇਸ ਲਈ ਉਨ੍ਹਾਂ ਦਾ ਕਿਸੇ ਵੀ ਮਾੜੇ ਕੰਮ ਵੱਲ ਧਿਆਨ ਨਹੀਂ ਸੀ। ਉਹ ਲੋਕਾਂ ਦਾ ਭਲਾ ਕਰਦੇ ਤੇ ਲੋੜਵੰਦਾਂ ਦੀ ਮਦਦ ਵੀ ਕਰਦੇ।

ਚੰਦਰਕਾਂਤਾ ਨੂੰ ਪਿੰਡ ਦੇ ਸਾਰੇ ਲੋਕ ਬਹੁਤ ਪਿਆਰ ਕਰਦੇ ਸਨ। ਉਹ ਬੜੀ ਹੁਸ਼ਿਆਰ, ਸੁਹਣੀ ਤੇ ਦਿਆਲੂ ਸੀ। ਪਿੰਡ ਦਾ ਮੁਖੀਆ, ਜਿਸ ਨੇ ਇਕ ਵਾਰੀ ਚੰਦਰਕਾਂਤਾ ਦੇ ਮਾਂ-ਬਾਪ ਨੂੰ ਬੱਚਾ ਗੋਦ ਲੈਣ ਤੋਂ ਨਾਂਹ ਕਰ ਦਿੱਤੀ ਸੀ, ਉਹ ਤਾਂ ਚੰਦਰਕਾਂਤਾ ਨੂੰ ਆਪਣੇ ਬੱਚਿਆਂ ਤੋਂ ਵੀ ਵੱਧ ਪਿਆਰ ਕਰਦਾ ਸੀ। ਸ਼ਾਇਦ ਉਹ ਇਹ ਸੋਚਦਾ ਸੀ ਕਿ ਕਿਉਂਕਿ ਉਸ ਨੇ ਉਸ ਦੇ ਮਾਤਾ-ਪਿਤਾ ਨੂੰ ਬੱਚਾ ਗੋਦ ਲੈਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਤੇ ਇਸੇ ਕਾਰਨ ਹੀ ਚੰਦਰਮਾ ਉਨ੍ਹਾਂ ਨੂੰ ਆਪਣੀ ਬੇਟੀ ਦੇ ਗਿਆ ਸੀ। ਚੰਦਰਕਾਂਤਾ ਦੇ ਮਾਤਾ-ਪਿਤਾ ਕਈ ਵਾਰੀ ਇਹ ਸੋਚ ਕੇ ਉਦਾਸ ਵੀ ਹੋ ਜਾਂਦੇ ਕਿ ਇਕ ਦਿਨ ਚੰਦਰਕਾਂਤਾ ਨੇ ਉਨ੍ਹਾਂ ਕੋਲੋਂ ਵਿਛੜ ਜਾਣਾ ਹੈ। ਚੰਦਰਕਾਂਤਾ ਨੂੰ ਵੀ ਇਸ ਗੱਲ ਦਾ ਪਤਾ ਸੀ। ਉਸ ਨੂੰ ਵੀ ਇਸ ਗੱਲ ਦੀ ਚਿੰਤਾ ਸੀ, ਕਿਉਂਕਿ ਉਹ ਆਪਣੇ ਮਾਂ-ਬਾਪ ਨਾਲ ਬਹੁਤ ਪਿਆਰ ਕਰਦੀ ਸੀ। ਏਸ ਧਰਤੀ ’ਤੇ ਉਸ ਦੇ ਕਿੰਨੇ ਚੰਗੇ ਦੋਸਤ ਸਨ, ਜਿਨ੍ਹਾਂ ਨਾਲ ਉਹ ਖੇਡਦੀ ਸੀ, ਹੱਸਦੀ-ਟੱਪਦੀ ਸੀ। ਉਹ ਆਪਣੇ ਮਾਂ-ਪਿਉ ਦੀ ਵੀ ਘੋੜਿਆਂ ਦੇ ਪਾਲਣ-ਪੋਸ਼ਣ ਵਿਚ ਮਦਦ ਕਰਦੀ ਸੀ।

ਜਦੋਂ ਚੰਦਰਕਾਂਤਾ ਦਸ ਸਾਲ ਦੀ ਹੋ ਗਈ ਤਾਂ ਇਕ ਦਿਨ ਉਸ ਨੇ ਆਪਣੇ ਮਾਂ-ਬਾਪ ਨੂੰ ਗੱਲਾਂ ਕਰਦਿਆਂ ਸੁਣਿਆ, ਉਸ ਦੀ ਮਾਂ ਕਹਿ ਰਹੀ ਸੀ, “ਜਦੋਂ ਚੰਦਰਕਾਂਤਾ ਸਾਨੂੰ ਛੱਡ ਕੇ ਚਲੀ ਜਾਏਗੀ, ਸਿਰਫ ਸਾਡਾ ਹੀ ਦਿਲ ਨਹੀਂ ਟੁੱਟੇਗਾ, ਬਲਕਿ ਸਾਡੇ ਬਜ਼ੁਰਗਾਂ ਦੀਆਂ ਰੂਹਾਂ ਵੀ ਨਾਖੁਸ਼ ਹੋਣਗੀਆਂ ਕਿਉਂਕਿ ਇਸ ਧਰਤੀ ’ਤੇ ਉਨ੍ਹਾਂ ਦਾ ਖਾਨਦਾਨ ਅੱਗੇ ਵਧਾਉਣ ਲਈ ਸਾਡੇ ਦੋਹਤੇ-ਦੋਹਤਰੀਆਂ ਜਾਂ ਪੋਤੇ-ਪੋਤਰੀਆਂ ਨਹੀਂ ਹੋਣਗੇ। ਉਹ ਚੰਦਰਮਾ ਦੇ ਉਪਰ ਸਾਡੇ ਦੋਹਤੇ-ਦੋਹਤਰੀਆਂ ਦੇ ਹੋਣ ਨਾਲ ਖੁਸ਼ ਨਹੀਂ ਹੋ ਸਕਣਗੇ।”

ਇਹ ਗੱਲ ਸੁਣ ਕੇ ਚੰਦਰਕਾਂਤਾ ਉਦਾਸ ਹੋ ਗਈ। ਉਹ ਸੋਚਣ ਲੱਗ ਪਈ ਤੇ ਉਸ ਨੂੰ ਇਕਦਮ ਇਕ ਵਿਚਾਰ ਆਇਆ। ਉਹ ਆਪਣੇ ਮਾਤਾ-ਪਿਤਾ ਕੋਲ ਜਾ ਕੇ ਕਹਿਣ ਲੱਗੀ, “ਮੈਂ ਚਾਹੁੰਦੀ ਹਾਂ ਕਿ ਮੇਰੇ ਹੋਰ ਭੈਣ-ਭਰਾ ਵੀ ਹੋਣ।” ਮਾਂ ਨੇ ਹੈਰਾਨ ਹੋਈ ਨੇ ਜੁਆਬ ਦਿੱਤਾ, “ਬੇਟੇ, ਨਹੀਂ, ਚੰਦਰਮਾ ਨੇ ਸਾਨੂੰ ਹੁਣ ਹੋਰ ਬੱਚੇ ਨਹੀਂ ਭੇਜਣੇ। ਉਸ ਨੇ ਅੱਗੇ ਹੀ ਤੈਨੂੰ ਭੇਜ ਕੇ ਸਾਡੇ ਲਈ ਬਹੁਤ ਕੁਝ ਕੀਤਾ ਹੈ।”

ਚੰਦਰਕਾਂਤਾ ਬੋਲੀ, “ਮੇਰਾ ਮਤਲਬ ਇਹ ਨਹੀਂ ਸੀ ਕਿ ਚੰਦਰਮਾ ਹੀ ਸਾਨੂੰ ਹੋਰ ਬੱਚੇ ਭੇਜੇ। ਮੈਂ ਸੋਚਦੀ ਹਾਂ ਕਿ ਹੁਣ

ਤੁਹਾਡੇ ਕੋਲ ਕਾਫੀ ਪੈਸਾ ਹੈ। ਇਹ ਪੱਕੀ ਗੱਲ ਹੈ ਕਿ ਹੁਣ ਮੁਖੀਆ ਪਿੰਡ ਦੇ ਯਤੀਮ ਬੱਚੇ ਤੁਹਾਨੂੰ ਗੋਦ ਲੈਣ ਤੋਂ ਇਨਕਾਰ ਨਹੀਂ ਕਰਨਗੇ। ਉਨ੍ਹਾਂ ਯਤੀਮਾਂ ਨੂੰ ਇਕ ਚੰਗਾ ਘਰ ਤੇ ਚੰਗੇ ਮਾਂ-ਬਾਪ ਮਿਲ ਜਾਣਗੇ ਤੇ ਇਸ ਧਰਤੀ ਦੇ ਰੀਤੀ-ਰਿਵਾਜਾਂ ਅਨੁਸਾਰ, ਤੁਹਾਡੇ ਘਰ ਪੋਤਰੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਵੀ ਖੇਡਣਗੇ। ਫੇਰ ਇਸ ਨਾਲ ਸਾਡੇ ਬਜ਼ੁਰਗਾਂ ਨੂੰ ਕੋਈ ਫਰਕ ਨਹੀਂ ਪਏਗਾ, ਭਾਵੇਂ ਮੇਰੇ ਵਿਆਹ ਤੋਂ ਬਾਅਦ ਮੇਰੇ ਬੱਚੇ, ਚੰਦਰਮਾ 'ਤੇ ਹੀ ਜਨਮ ਲੈਣ। ਬਜ਼ੁਰਗਾਂ ਦੀਆਂ ਰੂਹਾਂ ਤ੍ਰਿਪਤ ਹੋ ਜਾਣਗੀਆਂ ਤੇ ਸਭ ਤੋਂ ਵੱਡੀ ਗੱਲ ਇਹ ਹੋਏਗੀ ਕਿ ਬੱਚਿਆਂ ਨਾਲ ਤੁਹਾਡਾ ਘਰ ਹਮੇਸ਼ਾ ਹੱਸਦਾ-ਵੱਸਦਾ ਰਹੇਗਾ। ਮੇਰੇ ਜਾਣ ਤੋਂ ਬਾਅਦ ਵੀ ਤੁਸੀਂ ਇਕੱਲਤਾ ਮਹਿਸੂਸ ਨਹੀਂ ਕਰੋਗੇ।"

ਚੰਦਰਕਾਂਤਾ ਦੇ ਮਾਤਾ-ਪਿਤਾ ਬੱਚੀ ਦੇ ਸਿਆਣਪ ਭਰੇ ਸੁਝਾਅ ਤੋਂ ਦੰਗ ਹੋ ਗਏ ਤੇ ਉਸ ਵੱਲ ਦੇਖਣ ਲੱਗੇ। ਉਨ੍ਹਾਂ ਨੂੰ ਇਹ ਖਿਆਲ ਕਦੀ ਸੁੱਝਿਆ ਹੀ ਨਹੀਂ ਸੀ। ਚੰਦਰਕਾਂਤਾ ਦਾ ਪਿਤਾ ਕਹਿਣ ਲੱਗਾ, "ਜਦੋਂ ਚੰਦਰਮਾ ਨੇ ਸਾਨੂੰ ਇਹ ਕਿਹਾ ਸੀ ਕਿ ਇਨ੍ਹਾਂ ਸਾਲਾਂ ਦੌਰਾਨ, ਹਰ ਕੰਮ ਸਿਆਣਪ ਨਾਲ ਕਰਨਾ, ਸ਼ਾਇਦ ਉਸ ਦਾ ਮਤਲਬ ਵੀ ਇਹੋ ਹੀ ਸੀ।" ਚੰਦਰਕਾਂਤਾ ਦੀ ਮਾਂ-ਬੋਲੀ, "ਹਾਂ, ਇਹੀ ਮਤਲਬ ਹੋਏਗਾ। ਸਾਡੇ ਕੋਲ ਏਨੀਆਂ ਖੁਸ਼ੀਆਂ ਆ ਗਈਆਂ, ਏਨਾ ਪੈਸਾ ਆ ਗਿਆ ਪਰ ਅਸੀਂ ਇਸ ਦੇ ਬਦਲੇ ਕੋਈ ਖਾਸ ਕੰਮ ਨਹੀਂ ਕੀਤਾ। ਮੈਂ ਕੱਲ੍ਹ ਹੀ ਮੁਖੀਆ ਕੋਲ ਜਾਵਾਂਗੀ।"

ਮੁਖੀਏ ਨੂੰ ਉਨ੍ਹਾਂ ਦਾ ਇਹ ਕੰਮ ਕਰਨ ਵਿਚ ਖੁਸ਼ੀ ਹੋਈ। ਉਸ ਨੇ ਉਨ੍ਹਾਂ ਨੂੰ ਤਿੰਨ ਲੜਕੇ ਤੇ ਦੋ ਲੜਕੀਆਂ ਗੋਦ ਲੈਣ ਦੀ ਇਜਾਜ਼ਤ ਦੇ ਦਿੱਤੀ, ਜਿਨ੍ਹਾਂ ਨੂੰ ਉਨ੍ਹਾਂ ਓਨੇ ਪਿਆਰ ਨਾਲ ਹੀ ਪਾਲਿਆ ਜਿੰਨੇ ਪਿਆਰ ਨਾਲ ਉਨ੍ਹਾਂ ਚੰਦਰਕਾਂਤਾ ਨੂੰ ਪਾਲਿਆ-ਪੋਸਿਆ ਸੀ। ਜਦੋਂ ਚੰਦਰਕਾਂਤਾ ਅਠਾਰਾਂ ਸਾਲਾਂ ਦੀ ਹੋਈ ਤਾਂ ਉਸ ਦੇ ਮਾਤਾ-ਪਿਤਾ ਨੇ ਸਾਰੇ ਪਿੰਡ ਵਾਸੀਆਂ ਨੂੰ ਚੰਦਰਕਾਂਤਾ ਦੇ ਜਨਮ ਦਿਨ ਦੀ ਪਾਰਟੀ ਦਾ ਸੱਦਾ ਭੇਜਿਆ। ਸਾਰਾ ਘਰ ਬੜਾ ਸਜਾਇਆ ਗਿਆ। ਵੱਡੇ ਸਾਰੇ ਵਿਹੜੇ ਵਿਚ ਸੁਨਹਿਰੀ ਲਾਲਟੈਨਾਂ ਜਗਾਈਆਂ ਗਈਆਂ। ਦਰੱਖਤਾਂ ਨੂੰ ਰੰਗ-ਬਿਰੰਗੇ ਲਿਸ਼ਕਦੇ ਕਾਗਜ਼ਾਂ ਨਾਲ ਲਿਸ਼ਕਾਇਆ ਗਿਆ। ਵਧੀਆ ਸੰਗੀਤਕਾਰ ਬੁਲਾਏ ਗਏ ਤੇ ਉਹ ਸਾਜ਼ਾਂ 'ਤੇ ਪਿਆਰੀਆਂ-ਪਿਆਰੀਆਂ ਧੁਨਾਂ ਵਜਾਉਣ ਲੱਗੇ। ਮੇਜ਼ਾਂ ਉਪਰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪਰੋਸੇ ਗਏ।

ਅੱਧੀ ਰਾਤ ਨੂੰ ਜਦੋਂ ਪਾਰਟੀ ਚੱਲ ਰਹੀ ਸੀ, ਚੰਦਰਮਾ ਬੜੀ ਤੇਜ਼ੀ ਨਾਲ ਚਮਕਿਆ ਤੇ ਉਸ 'ਚੋਂ ਚੰਦ ਦੀ ਇਕ ਰਿਸ਼ਮ ਨਿਕਲ ਕੇ, ਵਿਹੜੇ 'ਚ ਦਾਖਲ ਹੋ ਗਈ। ਉਹ ਏਧਰ-ਉਧਰ ਘੁੰਮਦੀ ਰਹੀ ਤੇ ਅਖੀਰ ਚੈਰੀ ਦੇ ਦਰੱਖਤ 'ਤੇ ਬੈਠ ਗਈ। ਇਸ ਰਿਸ਼ਮ ਵਿਚ ਕੁਝ ਕੂਲੇ-ਕੂਲੇ ਤੇ ਧੁੰਦਲੇ ਜਿਹੇ ਆਕਾਰ ਤੁਰਦੇ ਹੋਏ ਜਾਪੇ। ਪਹਿਲਾਂ ਇਹ ਕੁਝ ਦੂਰ-ਦੂਰ ਸਨ, ਫਿਰ ਨੇੜੇ-ਨੇੜੇ ਹੁੰਦੇ ਗਏ। ਪਿੰਡ ਦੇ ਲੋਕ ਭੈਭੀਤ ਹੋ ਕੇ ਸਭ ਕੁਝ ਦੇਖ ਰਹੇ ਸਨ। ਹੌਲੀ-ਹੌਲੀ ਇਹ ਆਕਾਰ, ਸੱਚੀਂ-ਮੁੱਚੀਂ ਮਨੁੱਖਾਂ ਵਰਗੇ ਜਾਪਣ ਲੱਗ ਪਏ ਤੇ ਹੌਲੀ-ਹੌਲੀ ਚੰਦਰਮਾ ਦੇ ਲੋਕ ਉਸ ਚੰਦ ਦੀ ਰਿਸ਼ਮ ਵਿਚੋਂ ਨਿਕਲ ਕੇ ਬਾਹਰ ਆ ਗਏ। ਹਰ ਕੋਈ ਉਨ੍ਹਾਂ ਵਿਚੋਂ ਚਾਂਦੀ ਰੰਗੇ ਘੋੜੇ 'ਤੇ ਸੁਆਰ ਸੀ। ਉਹ ਬੜੇ ਖੁਸ਼ ਸਨ

ਤੇ ਹਰ ਕਿਸੇ ਨੇ ਚੰਦਰਕਾਂਤਾ ਵਰਗੇ ਸੁਹਣੇ ਕੱਪੜੇ ਪਾਏ ਹੋਏ ਸਨ। ਔਰਤਾਂ ਨੇ ਕਢਾਈ ਵਾਲੇ ਰੇਸ਼ਮੀ ਕਿਮੀਨੋ ਪਹਿਨੇ ਹੋਏ ਸਨ ਤੇ ਆਦਮੀਆਂ ਨੇ ਸਿਪਾਹੀਆਂ ਵਰਗੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ। ਉਹ ਪਿੰਡ ਦੇ ਲੋਕਾਂ ਨਾਲ ਮਿਲ-ਜੁਲ ਕੇ, ਨੱਚਣ, ਗਾਉਣ, ਖਾਣ-ਪੀਣ ਤੇ ਹੱਸਣ, ਹਸਾਉਣ ਲੱਗੇ। ਇੰਜ ਜਾਪਦਾ ਸੀ ਕਿ ਜਿਵੇਂ ਸਾਰੇ ਇਕ ਦੂਜੇ ਨੂੰ ਚਿਰਾਂ ਤੋਂ ਜਾਣਦੇ ਹੋਣ। ਪਿੰਡ ਵਾਲੇ, ਜੋ ਕੁਝ ਚਿਰ ਪਹਿਲਾਂ ਡਰ ਗਏ ਸਨ, ਉਹ ਹੁਣ ਪੂਰੀ ਤਰ੍ਹਾਂ ਉਨ੍ਹਾਂ ਨਾਲ ਮਿਲ ਕੇ ਖੁਸ਼ੀ ਮਨਾ ਰਹੇ ਸਨ।

ਕੁਝ ਚਿਰ ਬਾਅਦ, ਇਕ ਨੌਜਵਾਨ ਨੇ ਇਕ ਘੋੜੇ ਦੀਆਂ ਵਾਗਾਂ ਫੜੀਆਂ ਤੇ ਉਹ ਕੁਝ ਦੂਰ ਫਾਸਲੇ 'ਤੇ ਖੜ੍ਹਾ ਹੋ ਗਿਆ। ਚੰਦਰਕਾਂਤਾ ਨੇ ਉਸ ਵੱਲ ਦੇਖਿਆ ਤਾਂ ਉਸ ਨੂੰ ਜਾਪਿਆ ਕਿ ਇਹ ਨੌਜੁਆਨ ਸਾਰੇ ਲੋਕਾਂ ਤੋਂ ਸੁਹਣਾ ਹੈ, ਸੋ ਉਹ ਉਸ ਵੱਲ ਦੇਖ ਕੇ ਮੁਸਕਰਾ ਪਈ। ਨੌਜੁਆਨ ਵੀ ਉਸ ਦੀ ਮੁਸਕੁਰਾਹਟ 'ਤੇ ਖੁਸ਼ ਹੋਇਆ ਤੇ ਮੁਸਕੁਰਾਹਟ ਦਾ ਜੁਆਬ ਦਿੱਤਾ। ਫੇਰ ਉਹ ਚੰਦਰਕਾਂਤਾ ਤੇ ਉਸ ਦੇ ਮਾਂ-ਬਾਪ ਵੱਲ ਝੁਕਿਆ ਤੇ ਕਿਹਾ, "ਚੰਦਰਕਾਂਤਾ, ਇਹ ਘੋੜਾ ਤੇਰਾ ਹੈ, ਉਹੀ ਘੋੜਾ, ਜਿਹੜਾ ਤੈਨੂੰ ਇਥੇ ਲੈ ਕੇ ਆਇਆ ਸੀ। ਇਹ ਮੇਰੇ ਤਬੇਲੇ ਵਿਚ ਰਹਿੰਦਾ ਹੈ ਤੇ ਤੇਰੀ ਵਾਪਸੀ ਦੀ ਉਡੀਕ ਕਰ ਰਿਹਾ ਹੈ ਅਤੇ ਅੱਜ ਮੈਂ ਇਸ 'ਤੇ ਬੈਠ ਕੇ ਤੇਰੇ ਕੋਲ ਆਇਆ ਹਾਂ। ਕੀ ਤੂੰ ਮੇਰੇ ਨਾਲ ਇਸ ਘੋੜੇ 'ਤੇ ਬੈਠ ਕੇ ਚੰਦਰਮਾ 'ਤੇ ਵਾਪਸ ਚੱਲੇਂਗੀ? ਏਸ ਵਿਚ ਮੈਨੂੰ ਮਾਣ ਮਹਿਸੂਸ ਹੋਏਗਾ।"

ਚੰਦਰਕਾਂਤਾ ਫੇਰ ਮੁਸਕੁਰਾਈ। ਹੁਣ ਉਸ ਨੂੰ ਜਾਪਿਆ ਕਿ ਇਸ ਦੇ ਸਾਥ ਵਿਚ ਚੰਦਰਮਾ 'ਤੇ ਜਾਣਾ ਸ਼ਾਇਦ ਏਨਾ ਦੁਖਦਾਈ ਨਹੀਂ ਸੀ, ਜਿੰਨਾ ਉਹ ਸੋਚਦੀ ਸੀ। ਉਸ ਦੇ ਮਾਤਾ-ਪਿਤਾ ਵੀ ਮੁਸਕਰਾਏ। ਉਹ ਉਦਾਸ ਵੀ ਸਨ ਪਰ ਉਨ੍ਹਾਂ ਨੂੰ ਇਹ ਸੋਚ ਕੇ ਤਸੱਲੀ ਸੀ ਕਿ ਉਨ੍ਹਾਂ ਦੀ ਬੇਟੀ ਚੰਦਰਕਾਂਤਾ ਲਈ ਇਸ ਤੋਂ ਚੰਗਾ ਪਤੀ ਕੋਈ ਹੋ ਹੀ ਨਹੀਂ ਸੀ ਸਕਦਾ। ਚੰਦਰਕਾਂਤਾ ਨੇ ਬਰਫ ਵਰਗੇ ਚਿੱਟੇ ਘੋੜੇ ਦੇ ਸਿਰ 'ਤੇ ਹੱਥ ਰੱਖਿਆ ਤੇ ਉਸ ਨੇ (ਘੋੜੇ ਨੇ) ਆਪਣਾ ਨੱਕ ਪਿਆਰ ਨਾਲ ਚੰਦਰਕਾਂਤਾ ਦੇ ਸਿਰ ਨਾਲ ਰਗੜਿਆ। ਫੇਰ ਚੰਦਰਮਾ ਦੀ ਆਵਾਜ਼ ਵਿਹੜੇ ਵਿਚ ਆਈ, "ਮੇਰੇ ਦੋਸਤੋ, ਤੁਸੀਂ ਇਨ੍ਹਾਂ ਸਾਰੇ ਸਾਲਾਂ ਦੌਰਾਨ ਸਿਆਣਪ ਤੋਂ ਕੰਮ ਲਿਆ ਹੈ। ਤੁਸੀਂ ਜ਼ਰੂਰਤਮੰਦ ਬੱਚਿਆਂ ਦੀ ਮੱਦਦ ਕੀਤੀ ਹੈ ਤੇ ਕਈਆਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਹਨ। ਤੁਸੀਂ ਉਨ੍ਹਾਂ ਵਿਚ ਆਪਣਾ ਪਿਆਰ ਤੇ ਪੈਸਾ ਵੰਡਿਆ ਹੈ। ਇਸ ਦੇ ਬਦਲੇ ਵਿਚ, ਤੁਸੀਂ ਆਪਣੀ ਪੁੱਤਰੀ ਚੰਦਰਕਾਂਤਾ ਕੋਲੋਂ ਹਮੇਸ਼ਾ ਲਈ ਨਹੀਂ ਵਿਛੜ ਰਹੇ। ਹਰ ਸਾਲ, ਆਪਣੇ ਜਨਮਦਿਨ ਵਾਲੇ ਦਿਨ ਇਹ ਆਪਣੇ ਪਤੀ ਤੇ ਬੱਚਿਆਂ ਨਾਲ ਤੁਹਾਡੇ ਕੋਲ ਕੁਝ ਸਮਾਂ ਰਹਿਣ ਲਈ ਆਇਆ ਕਰੇਗੀ। ਇਸ ਤਰ੍ਹਾਂ ਜਾਪੇਗਾ ਜਿਵੇਂ ਤੁਹਾਡੀ ਬੇਟੀ ਕਿਸੇ ਦੂਸਰੇ ਪਿੰਡ ਵਿਚ, ਇਕ ਚੰਗੇ ਪਰਿਵਾਰ ਵਿਚ ਵਿਆਹੀ ਗਈ ਹੈ।"

ਇਸ ਤਰ੍ਹਾਂ ਜਨਮ ਦਿਨ ਪਾਰਟੀ, ਇਕ ਵਿਆਹ-ਪਾਰਟੀ ਵਿਚ ਬਦਲ ਗਈ। ਇਹ ਅਜਿਹੀ ਵਧੀਆ ਪਾਰਟੀ ਸੀ,

ਜਿਸ ਬਾਰੇ ਕਦੀ ਪਿੰਡ ਵਾਲਿਆਂ ਨੇ ਕਲਪਨਾ ਵੀ ਨਹੀਂ ਸੀ ਕੀਤੀ। ਚੰਦ ਦੇ ਲੋਕ ਇਹ ਮੌਕਾ ਹੋਰ ਵੀ ਸ਼ਾਨਦਾਰ ਬਨਾਉਣ ਲਈ, ਹਰ ਕਿਸੇ ਨੂੰ ਕੋਈ ਨਾ ਕੋਈ ਕੀਮਤੀ ਤੋਹਫਾ ਦੇ ਰਹੇ ਸਨ। ਸਾਰੇ ਲੋਕ ਹੈਰਾਨ ਤੇ ਖੁਸ਼ ਸਨ। ਇਹੋ ਜਿਹੇ ਸੁਆਦੀ ਖਾਧ-ਪਦਾਰਥ ਵਰਤ ਰਹੇ ਸਨ, ਜਿਨ੍ਹਾਂ ਬਾਰੇ ਪਿੰਡ ਦੇ ਲੋਕਾਂ ਨੇ ਕਦੀ ਸੁਣਿਆ ਵੀ ਨਹੀਂ ਸੀ। ਚੰਦ ਦੀ ਚਾਨਣੀ ਵਿਚ ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ, ਰੇਸ਼ਮੀ ਕੱਪੜੇ ਤੇ ਗਹਿਣੇ ਚਮਕ ਰਹੇ ਸਨ। ਪਾਰਟੀ ਸਾਰੀ ਰਾਤ ਹੀ ਚੱਲਦੀ ਰਹੀ। ਸਵੇਰ ਹੋਣ ਤੋਂ ਪਹਿਲਾਂ ਚੰਦ ਦੇ ਲੋਕ ਆਪਣੇ ਘੋੜਿਆਂ 'ਤੇ ਬੈਠ ਗਏ ਤੇ ਉਪਰ ਅਸਮਾਨ ਵਿਚ ਉੱਡਣ ਲੱਗ ਪਏ। ਚੰਦਰਕਾਂਤਾ ਵੀ ਆਪਣੇ ਘੋੜੇ 'ਤੇ ਆਪਣੇ ਲਾੜੇ ਦੇ ਨਾਲ ਬੈਠ ਗਈ। ਹੁਣ ਚੰਦਰਕਾਂਤਾ ਤੇ ਉਸ ਦੇ ਮਾਂ-ਬਾਪ ਦੇ ਮਨਾਂ ਵਿਚ ਵਿਛੋੜੇ ਦੀ ਉਦਾਸੀ ਤਾਂ ਜ਼ਰੂਰ ਸੀ ਪਰ ਇਹ ਉਦਾਸੀ ਉਸ ਤਰ੍ਹਾਂ ਦੀ ਨਹੀਂ ਸੀ ਜਿਸ ਤਰ੍ਹਾਂ ਦੀ ਹਮੇਸ਼ਾ ਲਈ ਵਿਛੋੜੇ ਵਾਲੀ ਉਦਾਸੀ ਹੁੰਦੀ ਹੈ। ਹੁਣ ਏਸ ਉਦਾਸੀ ਵਿਚ ਇਹ ਵੀ ਉਮੀਦ ਸੀ ਕਿ ਚੰਦਰਕਾਂਤਾ ਹਰ ਸਾਲ ਆਪਣੇ ਮਾਂ-ਬਾਪ ਕੋਲ ਆਪਣੇ ਪਤੀ ਤੇ ਬੱਚਿਆਂ ਨਾਲ ਆਇਆ ਕਰੇਗੀ। ਸੋ ਚੰਦਰਕਾਂਤਾ ਦੇ ਮਾਂ-ਬਾਪ ਆਪਣੀ ਬੇਟੀ ਨੂੰ ਉਸ ਦੇ ਲਾੜੇ ਦੇ ਨਾਲ ਬੈਠੀ ਹੋਈ ਨੂੰ ਤੇ ਹੱਥ ਹਿਲਾਉਂਦੀ ਨੂੰ ਦੇਖ ਰਹੇ ਸਨ ਤੇ ਹੱਥ ਹਿਲਾ ਰਹੇ ਸਨ। ਉਹ ਓਨਾ ਚਿਰ ਇਵੇਂ ਹੀ ਕਰਦੇ ਰਹੇ ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦੀ ਬੇਟੀ ਦਿਖਾਈ ਦਿੰਦੀ ਰਹੀ। ਜਿਉਂ ਹੀ ਉਹ ਮੁੜੇ ਤੇ ਉਨ੍ਹਾਂ ਧਰਤੀ ਵੱਲ ਨਜ਼ਰ ਮਾਰੀ ਤਾਂ ਉਹ ਚੰਦਰਮਾ ਵੱਲੋਂ ਦਿੱਤੇ ਇਕ ਹੋਰ ਤੋਹਫੇ ਵੱਲ ਹੈਰਾਨੀ ਨਾਲ ਦੇਖਣ ਲੱਗੇ। ਇਕ ਚੈਰੀ ਦੇ ਦਰੱਖਤ ਦੇ ਥੱਲੇ ਚੰਦ ਵੱਲੋਂ ਇਕ ਘੋੜਾ ਤੇ ਇਕ ਘੋੜੀ ਉਨ੍ਹਾਂ ਨੂੰ ਤੋਹਫੇ ਵਜੋਂ ਦਿੱਤੇ ਗਏ ਸਨ ਤੇ ਉਹ ਚੜ੍ਹਦੇ ਸੂਰਜ ਦੀ ਰੌਸ਼ਨੀ ਵਿਚ ਚਾਂਦੀ ਵਾਂਗ ਚਮਕ ਰਹੇ ਸਨ।

(ਬਲਰਾਜ ਧਾਰੀਵਾਲ)

# Bakkrian Da Khuh-Indonesian Lok Kahani

# ਬੱਕਰੀਆਂ ਦਾ ਖੂਹ-ਇੰਡੋਨੇਸ਼ੀਆਈ ਲੋਕ ਕਹਾਣੀ

ਇਕ ਵਾਰ ਬੇਹੋਰਾ ਤੀਰਥ ਯਾਤਰਾ 'ਤੇ ਨਿਕਲਿਆ। ਉਸ ਦੇ ਕੋਲ ਨਾ ਕੁਝ ਖਾਣ-ਪੀਣ ਨੂੰ ਸੀ ਅਤੇ ਨਾ ਕੁਝ ਉਪਰ ਲੈਣ, ਹੇਠਾਂ ਵਿਛਾਉਣ ਲਈ ਸੀ। ਜਿੱਥੇ ਰਾਤ ਪਈ, ਉਥੇ ਹੀ ਰਹਿ ਗਿਆ। ਜਿੱਥੇ ਭੁੱਖ ਲੱਗੀ, ਉਥੋਂ ਮੰਗ ਕੇ ਖਾਣਾ ਖਾ ਲਿਆ।

ਇਕ ਵਾਰ ਤੁਰਦੇ-ਤੁਰਦੇ ਬੇਹੋਰਾ ਥੱਕ ਗਿਆ। ਦੂਰ-ਦੂਰ ਤਕ ਉਸ ਨੂੰ ਕਿਤੇ ਕੋਈ ਬਸਤੀ ਦਿਖਾਈ ਨਾ ਦਿੱਤੀ। ਭੁੱਖ ਅਤੇ ਪਿਆਸ ਨਾਲ ਬੇਹਾਲ ਉਹ ਇਕ ਰੁੱਖ ਦੀ ਛਾਂ ਹੇਠਾਂ ਬੈਠ ਗਿਆ। ਅਜੇ ਉਹ ਬੈਠਾ ਹੀ ਸੀ ਕਿ ਸਾਹਮਣੇ ਇਕ ਪੁਰਾਣਾ ਖੂਹ ਉਸ ਦੇ ਨਜ਼ਰੀਂ ਪਿਆ।

ਲੋਟਾ-ਰੱਸੀ ਫੜੀ ਉਹ ਕਾਹਲੀ ਨਾਲ ਖੂਹ ਦੇ ਕੋਲ ਪੁੱਜਾ। ਅਜੇ ਉਸ ਨੇ ਖੂਹ ਵਿਚ ਰੱਸੀ ਲਮਕਾਈ ਹੀ ਸੀ ਕਿ ਖੂਹ ਅੰਦਰੋਂ ਬੱਕਰੀ ਦੇ ਮਿਆਂਕਣ ਦੀ ਆਵਾਜ਼ ਉਸ ਦੇ ਕੰਨੀਂ ਪਈ। ਉਸ ਨੇ ਹੈਰਾਨੀ ਨਾਲ ਝੁਕ ਕੇ ਖੂਹ ਅੰਦਰ ਝਾਤੀ ਮਾਰੀ। ਇਕ ਬੱਕਰੀ ਗੋਡੇ-ਗੋਡੇ ਪਾਣੀ ਵਿਚ ਖੜ੍ਹੀ ਸੀ। ਉਹ ਉਪਰ ਵੱਲ ਮੂੰਹ ਚੁੱਕੀ ਮਿਆਂਕ ਰਹੀ ਸੀ। ਉਹ ਖੂਹ ਵਿਚ ਉਤਰਿਆ। ਬੱਕਰੀ ਦੇ ਲੱਕ ਦੁਆਲੇ ਰੱਸੀ ਬੰਨ੍ਹੀ ਅਤੇ ਉਪਰ ਆ ਕੇ ਉਸ ਨੂੰ ਖਿੱਚਣ ਲੱਗਾ।

ਤਦ ਇਕ ਵਪਾਰੀ ਆਪਣੇ ਘੋੜਿਆਂ 'ਤੇ ਸਾਮਾਨ ਲੱਦੀ ਉਥੇ ਆਇਆ ਅਤੇ ਬੋਲਿਆ, "ਪੀਣ ਨੂੰ ਪਾਣੀ ਮਿਲੇਗਾ?"

"ਇਥੇ-ਕਿੱਥੇ ਪਾਣੀ? ਹਾਂ, ਥੋੜ੍ਹਾ ਬਹੁਤ ਹੋਵੇਗਾ। ਬੱਕਰੀਆਂ ਦੇ ਖੂਹ ਵਿਚ ਭਲਾ ਪਾਣੀ ਕਿੱਥੇ ਮਿਲਦਾ ਹੈ?"

"ਬੱਕਰੀਆਂ ਦਾ ਖੂਹ?" ਵਪਾਰੀ ਨੇ ਹੈਰਾਨੀ ਨਾਲ ਪੁੱਛਿਆ।

"ਹਾਂ, ਹਾਂ, ਇਹਦੇ ਵਿਚ ਅਚੰਭੇ ਦੀ ਕਿਹੜੀ ਗੱਲ ਹੈ? ਤੁਸੀਂ ਦੇਖ ਨਹੀਂ ਰਹੇ ਕਿ ਮੈਂ ਕੀ ਕਰ ਰਿਹਾ ਹਾਂ?" ਬੇਹੋਰਾ ਬੋਲਿਆ।

ਉਸ ਨੇ ਜ਼ੋਰ ਲਾਇਆ। ਰੱਸੀ ਖਿੱਚੀ ਅਤੇ ਬੱਕਰੀ ਖੂਹ 'ਚੋਂ ਉਪਰ ਆ ਗਈ। ਵਪਾਰੀ ਅੱਖਾਂ ਪਾੜ-ਪਾੜ ਹੈਰਾਨੀ ਨਾਲ ਦੇਖਦਾ ਰਹਿ ਗਿਆ।

"ਇਹ ਬੱਕਰੀ ਤੁਸੀਂ ਖੂਹ ਵਿਚੋਂ ਕੱਢ ਰਹੇ ਹੋ?" ਵਪਾਰੀ ਨੇ ਪੁੱਛਿਆ।

"ਹੋਰ ਨਹੀਂ ਤਾਂ ਕੀ ਆਸਮਾਨ ਤੋਂ?" ਬੇਹੋਰਾ ਬੋਲਿਆ। "ਸੁਣਿਆ ਨਹੀਂ, ਜੋ ਮੈਂ ਹੁਣੇ ਕਿਹਾ ਸੀ। ਇਹ ਬੱਕਰੀਆਂ ਦਾ ਖੂਹ ਹੈ। ਜਦ ਵੀ ਮੇਰਾ ਦਿਲ ਕਰਦਾ ਹੈ, ਇਸ 'ਚੋਂ ਕਿੰਨੀਆਂ ਹੀ ਬੱਕਰੀਆਂ ਕੱਢ ਲੈਂਦਾ ਹਾਂ।" "ਕੀ ਇਸ ਖੂਹ ਦੇ ਅੰਦਰ ਬਹੁਤ ਸਾਰੀਆਂ ਬੱਕਰੀਆਂ ਹਨ?" ਵਪਾਰੀ ਨੇ ਪੁੱਛਿਆ।

"ਬੱਕਰੀਆਂ ਹੈ ਨਹੀਂ, ਪਰ ਜਦ ਚਾਹਵਾਂ, ਤਿਆਰ ਕਰ ਲੈਂਦਾ ਹਾਂ?" ਬੇਹੋਰੇ ਨੇ ਲਾਪ੍ਰਵਾਹੀ ਨਾਲ ਉੱਤਰ ਦਿੱਤਾ।

"ਉਹ ਕਿਵੇਂ?"

"ਬਾਈ, ਸਿੱਧਾ-ਸਿੱਧਾ ਹਿਸਾਬ ਹੈ", ਬੇਹੋਰਾ ਕਹਿਣ ਲੱਗਾ। "ਰਾਤ ਨੂੰ ਇਸ ਖੂਹ ਵਿਚ ਬੱਕਰੀ ਦੇ ਸਿੰਗ ਸੁੱਟ ਦਿਓ, ਸਵੇਰੇ ਰੱਸੀ ਨਾਲ ਬੱਕਰੀ ਉਪਰ ਖਿੱਚ ਲਵੋ। ਜਿੰਨੇ ਸਿੰਗ ਖੂਹ ਵਿਚ ਸੁੱਟੋਗੇ, ਓਨੀਆਂ ਹੀ ਬੱਕਰੀਆਂ ਤਿਆਰ ਮਿਲ ਜਾਣਗੀਆਂ।"

ਵਪਾਰੀ ਨੇ ਸੋਚਿਆ, ਇਹ ਤਾਂ ਬੜੇ ਫਾਇਦੇ ਦਾ ਕੰਮ ਹੈ। ਘੋੜਿਆਂ ਉਤੇ ਸਾਮਾਨ ਲੱਦ ਕੇ ਵੇਚਣ ਨਾਲੋਂ ਤਾਂ ਇਹ ਕਈ ਗੁਣਾਂ ਵੱਧ ਲਾਭ ਦਾ ਕੰਮ ਹੈ।

"ਇਸ ਖੂਹ ਨੂੰ ਵੇਚੋਗੇ?" ਵਪਾਰੀ ਨੇ ਪੁੱਛਿਆ।

"ਚੰਗੇ ਪੈਸੇ ਮਿਲਣਗੇ ਤਾਂ ਵੇਚ ਵੀ ਸਕਦਾ ਹਾਂ।" ਬੇਹੋਰਾ ਨੇ ਜਵਾਬ ਦਿੱਤਾ। ਸਾਮਾਨ ਨਾਲ ਲੱਦੇ ਵਪਾਰੀ ਕੋਲ ਸੱਤ ਘੋੜੇ ਸਨ।

"ਇਕ ਘੋੜਾ ਅਤੇ ਸਾਮਾਨ ਲੈ ਲਵੋ ਅਤੇ ਖੂਹ ਮੈਨੂੰ ਦੇ ਦਿਓ।" ਵਪਾਰੀ ਨੇ ਕੁਝ ਸੋਚਦੇ ਹੋਏ ਕਿਹਾ।

ਬੇਹੋਰਾ ਹੱਸ ਪਿਆ ਅਤੇ ਬੋਲਿਆ, "ਬੜੀ ਚੰਗੀ ਗੱਲ ਕਹੀ। ਸਿਰਫ ਇਕ ਘੋੜੇ ਦੇ ਬਦਲੇ ਇਹ ਕੀਮਤੀ ਖੂਹ? ਭਰਾਵਾ, ਇਹ ਖੂਹ ਪਿੰਡ ਵਿਚ ਹੈ, ਇਸ ਲਈ ਇਸ ਦੀ ਕੋਈ ਕੀਮਤ ਨਹੀਂ। ਜੇਕਰ ਇਹ ਖੂਹ ਸ਼ਹਿਰ ਵਿਚ ਹੁੰਦਾ ਤਾਂ ਇਹ ਲੱਖਾਂ ਵਿਚ ਵਿਕਦਾ।"

"ਅੱਛਾ, ਦੋ ਘੋੜੇ ਲੈ ਲਵੋ।"

"ਨਹੀਂ, ਨਹੀਂ। ਇਸ ਨੂੰ ਖਰੀਦਣਾ ਤੁਹਾਡੇ ਵੱਸ ਦੀ ਗੱਲ ਨਹੀਂ।"

"ਅੱਛਾ, ਦੋ ਘੋੜੇ ਹੋਰ ਲੈ ਲਵੋ...ਤਿੰਨ ਲੈ ਲਵੋ...ਅੱਛਾ ਚਾਰ ਲੈ ਲਵੋ ਪਰ ਨਾਂਹ ਨਾ ਕਰਨਾ।" ਵਪਾਰੀ ਮਿੰਨਤਾਂ

ਕਰਨ ਲੱਗਾ।

ਪ੍ਰੰਤੂ ਬੇਹੋਰਾ 'ਤੇ ਭੋਰਾ ਵੀ ਅਸਰ ਨਾ ਹੋਇਆ। ਕਹਿਣ ਲੱਗਾ, "ਤੁਸੀਂ ਜਾਵੋ। ਜਾਵੋ ਆਪਣਾ ਕੰਮ ਕਰੋ।"

ਵਪਾਰੀ ਸੱਚਮੁੱਚ ਕੁਝ ਦੂਰ ਤਕ ਆਪਣੇ ਘੋੜਿਆਂ ਦੇ ਨਾਲ ਗਿਆ। ਪਰ ਕੁਝ ਦੇਰ ਮਗਰੋਂ ਫਿਰ ਮੁੜ ਆਇਆ। ਕਹਿਣ ਲੱਗਾ, "ਅੱਛਾ, ਮੇਰੇ ਇਹ ਸਾਰੇ ਘੋੜੇ ਲੈ ਲਵੋ, ਸਾਮਾਨ ਵੀ ਲੈ ਲਵੋ, ਪਰ ਖੂਹ ਮੈਨੂੰ ਦੇ ਦਿਓ।"

"ਹੈ ਤਾਂ ਇਹ ਵੀ ਘੱਟ ਕੀਮਤ", ਬੇਹੋਰਾ ਨੇ ਲਾਪ੍ਰਵਾਹੀ ਨਾਲ ਕਿਹਾ।

"ਪਰ ਹੁਣ ਤੁਸੀਂ ਬੜੀ ਜ਼ਿੱਦ ਕਰ ਰਹੇ ਹੋ ਤਾਂ ਲੈ ਲਵੋ। ਤੁਹਾਨੂੰ ਨਿਰਾਸ਼ ਕਰਨਾ ਮੈਨੂੰ ਚੰਗਾ ਨਹੀਂ ਲੱਗ ਰਿਹਾ।"

ਬੇਹੋਰਾ ਨੇ ਵਪਾਰੀ ਨੂੰ ਖੂਹ ਦੇ ਦਿੱਤਾ ਅਤੇ ਬਦਲੇ ਵਿਚ ਸਾਮਾਨ ਨਾਲ ਲੱਦੇ ਘੋੜੇ ਹੱਕਦਾ ਹੋਇਆ ਜਾਣ ਲੱਗਾ ਤਾਂ ਵਪਾਰੀ ਨੇ ਪੁੱਛਿਆ, "ਭਰਾ, ਤੂੰ ਜਾ ਤਾਂ ਰਿਹਾ ਹੈਂ, ਆਪਣਾ ਨਾਂ ਤਾਂ ਦੱਸਦਾ ਜਾ।"

"ਮੇਰਾ ਨਾਂ ਹੈ ਮੈਂਕ ਹਾਂਗਾਊਂ।"

"ਪਿੰਡ ਦਾ ਨਾਂ?"

"ਪਤਾ ਨਹੀਂ।" ਐਨਾ ਕਹਿ ਕੇ ਹੱਥ ਹਿਲਾਉਂਦਾ ਹੋਇਆ ਉਹ ਚਲਾ ਗਿਆ।

ਵਪਾਰੀ ਬੜਾ ਖੁਸ਼ ਸੀ। ਸੋਚਣ ਲੱਗਾ ਕਿ ਇਕ ਦਿਨ ਵਿਚ ਇਕ ਸਿੰਗ ਵੀ ਖੂਹ ਵਿਚ ਸੁੱਟਾਂਗਾ ਤਾਂ ਸਵੇਰੇ ਰੋਜ਼ ਇਕ ਬੱਕਰੀ ਮਿਲ ਜਾਇਆ ਕਰੇਗੀ। ਇਕ ਮਹੀਨੇ ਵਿਚ ਤੀਹ ਅਤੇ ਸਾਲ ਵਿਚ ਤਿੰਨ ਸੌ ਪੈਂਹਠ। ਹਾਂ, ਇਹ ਵੀ ਤਾਂ ਹੋ ਸਕਦਾ ਹੈ ਕਿ ਖੂਹ ਵਿਚ ਇਕੱਠੇ ਸੱਤ-ਅੱਠ ਸਿੰਗ ਸੁੱਟ ਦਿਆਂ ਅਤੇ ਸਵੇਰੇ ਸੱਤ-ਅੱਠ ਬੱਕਰੀਆਂ ਮਿਲ ਜਾਣ। ਮੈਂ ਕੁਝ ਹੀ ਦਿਨਾਂ ਵਿਚ ਲੱਖਪਤੀ ਹੋ ਜਾਊਂਗਾ। ਵਪਾਰੀ ਜਿਉਂ-ਜਿਉਂ ਬੱਕਰੀਆਂ ਦੇ ਬਾਰੇ ਵਿਚ ਸੋਚਦਾ, ਤਿਉਂ-ਤਿਉਂ ਉਸ ਦੀ ਖੁਸ਼ੀ ਵਧਦੀ ਜਾਂਦੀ।

ਅੰਤ ਵਿਚ ਉਹ ਸੋਚਣ ਲੱਗਾ ਕਿ ਜਦ ਮੇਰੇ ਕੋਲ ਸੈਂਕੜੇ ਬੱਕਰੀਆਂ ਹੋਣਗੀਆਂ ਤਾਂ ਮੈਂ ਕਿਉਂ ਸੱਤ-ਅੱਠ ਹੀ ਸਿੰਗ ਖੂਹ ਵਿਚ ਸੁੱਟਾਂਗਾ? ਕਿਉਂ ਨਾ ਸੈਂਕੜੇ ਸਿੰਗਾਂ ਨਾਲ ਖੂਹ ਨੂੰ ਭਰ ਦਊਂਗਾ। ਚਾਰ-ਪੰਜ ਮੋਟੇ-ਤਾਜ਼ੇ ਨੌਕਰ ਰੱਖ ਲਾਊਂਗਾ। ਉਹ ਸਾਰਾ ਦਿਨ ਖੂਹ 'ਚੋਂ ਰੱਸਿਆਂ ਨਾਲ ਖਿੱਚ ਖਿੱਚ ਕੇ ਬੱਕਰੀਆਂ ਨੂੰ ਬਾਹਰ ਕੱਢਦੇ ਰਹਿਣਗੇ। ਇਸ ਤਰ੍ਹਾਂ ਮੈਂ ਇਕ ਦਿਨ ਕਰੋੜਪਤੀ ਬਣ ਜਾਊਂਗਾ। ਰਾਜਾ ਵੀ ਮੈਨੂੰ ਸਲਾਮੀ ਮਾਰੇਗਾ।

ਰਾਤ ਨੂੰ ਉਹ ਕੋਲ ਦੇ ਹੀ ਇਕ ਪਿੰਡ 'ਚੋਂ ਬੱਕਰੀ ਦੇ ਦੋ ਸਿੰਗ ਖਰੀਦ ਲਿਆਇਆ ਅਤੇ ਚੁੱਪਚਾਪ ਉਸ ਨੇ ਸਿੰਗ

ਖੂਹ ਵਿਚ ਸੁੱਟ ਦਿੱਤੇ। ਉਹ ਖੂਹ ਦੇ ਕੋਲ ਹੀ ਜ਼ਮੀਨ ’ਤੇ ਚਾਦਰ ਵਿਛਾ ਕੇ ਲੰਮਾ ਪੈ ਗਿਆ। ਸਵੇਰ ਦੀ ਉਡੀਕ ਵਿਚ ਸਾਰੀ ਰਾਤ ਸੌਂ ਨਹੀਂ ਸਕਿਆ।

ਸਵੇਰੇ ਖੂਹ ਵਿਚ ਝਾਕਿਆ ਤਾਂ ਉਸ ਨੂੰ ਖੂਹ ਵਿਚ ਕੁਝ ਵੀ ਦਿਖਾਈ ਨਹੀਂ ਦਿੱਤਾ। ਉਹ ਖੂਹ ਵਿਚ ਉਤਰ ਗਿਆ। ਪਾਣੀ ਨੂੰ ਟੋਹਿਆ। ਉਥੇ ਕੁਝ ਵੀ ਨਹੀਂ ਸੀ। ਸਿਰਫ ਬੱਕਰੀ ਦੇ ਦੋ ਸਿੰਗ ਸਨ ਜੋ ਉਸ ਨੇ ਰਾਤ ਨੂੰ ਖੂਹ ਵਿਚ ਸੁੱਟੇ ਸਨ।

ਜ਼ਰੂਰ ਸਿੰਗ ਸੁੱਟਣ ਵਿਚ ਉਸ ਤੋਂ ਕੋਈ ਭੁੱਲ ਹੋਈ ਹੈ। ਇਹੋ ਜਿਹਾ ਸੋਚ ਕੇ ਉਸ ਰਾਤ ਵਪਾਰੀ ਨੇ ਫਿਰ ਦੋ ਸਿੰਗ ਖੂਹ ਵਿਚ ਸੁੱਟੇ ਪ੍ਰੰਤੂ ਸਵੇਰੇ ਇਸ ਵਾਰ ਵੀ ਕੁਝ ਨਹੀਂ ਮਿਲਿਆ ਤਾਂ ਉਹ ਨਿਰਾਸ਼ ਹੋ ਗਿਆ।

“ਜ਼ਰੂਰ ਉਹ ਆਦਮੀ ਮੇਰੇ ਨਾਲ ਠੱਗੀ ਮਾਰ ਗਿਆ ਹੈ।” ਉਸ ਨੇ ਸੋਚਿਆ। ਜਿਹੜੇ ਪਾਸੇ ਵੱਲ ਮੈਂਕ ਹਾਂਗਾਊਂ ਗਿਆ ਸੀ, ਉਹ ਉਸੇ ਦਿਸ਼ਾ ਵੱਲ ਨੂੰ ਦੌੜਨ ਲੱਗਾ।

ਤੁਰਦੇ-ਤੁਰਦੇ ਰਾਹ ਵਿਚ ਇਕ ਪਿੰਡ ਆਇਆ। ਕੁਝ ਲੋਕ ਇਕ ਥਾਂ ਖੜ੍ਹੇ ਸਨ। ਵਪਾਰੀ ਪ੍ਰੇਸ਼ਾਨੀ ਨਾਲ ਬੋਲਿਆ,“ਕੀ ਤੁਸੀਂ ਮੈਂਕ ਹਾਂਗਾਊਂ ਨੂੰ ਜਾਣਦੇ ਹੋ?”

ਲੋਕਾਂ ਦੀ ਸਮਝ ਵਿਚ ਸਾਫ-ਸਾਫ ਨਹੀਂ ਆਇਆ ਕਿ ਉਹ ਕੀ ਕਹਿ ਰਿਹਾ ਹੈ।

ਇਕ ਨੇ ਪੁੱਛਿਆ,“ਤੁਸੀਂ ਇਹੀ ਤਾਂ ਕਹਿ ਰਹੇ ਹੋ ਕਿ ਮੈਂਕ ਹਾਂਗਾਊਂ?”

“ਹਾਂ, ਹਾਂ, ਮੈਂਕ ਹਾਂਗਾਊਂ।”

“ਇਹਦੇ ਵਿਚ ਪੁੱਛਣ ਦੀ ਕੀ ਗੱਲ ਹੈ? ਤੁਸੀਂ ਇਥੇ ਗਾਓ। ਇਥੇ। ਅਸੀਂ ਬਾਜਾ ਵਜਾਉਣ ਜਾਣਦੇ ਹਾਂ।”

“ਇਹ ਤੁਸੀਂ ਕੀ ਕਹਿ ਰਹੇ ਹੋ?” ਵਪਾਰੀ ਨੇ ਝੁੰਜਲਾ ਕੇ ਕਿਹਾ।

“ਅਸੀਂ ਠੀਕ ਕਹਿ ਰਹੇ ਹਾਂ। ਇਹਦੇ ਵਿਚ ਪੁੱਛਣਾ ਕੀ? ਤੁਸੀਂ ਗਾਣਾ ਗਾਓ ਨਾ।”

“ਮੈਂ ਲੁੱਟਿਆ ਗਿਆ। ਉਹ ਠੱਗ ਮੈਨੂੰ ਦਿਨੇ ਹੀ ਲੁੱਟ ਕੇ ਲੈ ਗਿਆ ਅਤੇ ਤੁਸੀਂ ਮੇਰਾ ਮਜ਼ਾਕ ਉਡਾ ਰਹੇ ਹੋ” ਉਹ ਤੈਸ਼ ਵਿਚ ਅੱਗੇ ਨਿਕਲ ਗਿਆ।

ਮੈਂਕ ਹਾਂਗਾਊਂ ਦੀ ਤਲਾਸ਼ ਵਿਚ ਵਪਾਰੀ ਪਿੰਡ-ਪਿੰਡ, ਸ਼ਹਿਰ-ਸ਼ਹਿਰ ਪਾਗਲਾਂ ਵਾਂਗ ਭਟਕਣ ਲੱਗਾ। ਅੰਤ ਵਿਚ ਸਿਪਾਹੀਆਂ ਨੇ ਉਸ ਨੂੰ ਪਾਗਲ ਸਮਝ ਕੇ ਫੜ ਲਿਆ ਅਤੇ ਰਾਜੇ ਦੇ ਦਰਬਾਰ ਵਿਚ ਲੈ ਗਏ।

"ਹਜ਼ੂਰ ਇਹ ਬੜਾ ਅਜੀਬ ਪਾਗਲ ਹੈ। ਥਾਂ-ਥਾਂ ਘੁੰਮਦਾ ਹੋਇਆ ਪਹਿਲਾਂ ਤਾਂ ਲੋਕਾਂ ਤੋਂ ਪੁੱਛਦਾ ਹੈ ਕਿ ਮੈਂਕ ਹਾਂਗਾਊਂ? ਲੋਕ ਉਥੇ ਹੀ ਗਾਉਣ ਦੀ ਆਗਿਆ ਦਿੰਦੇ ਹਨ ਤਾਂ ਇਹ ਉਨ੍ਹਾਂ ਨਾਲ ਲੜਨ-ਝਗੜਨ 'ਤੇ ਉਤਾਰੂ ਹੋ ਜਾਂਦਾ ਹੈ।"

ਰਾਜਾ ਸ਼ਾਂਤ ਸੁਭਾਅ ਦਾ ਸੀ। ਉਸ ਨੇ ਵਪਾਰੀ ਤੋਂ ਸਾਰੀਆਂ ਗੱਲਾਂ ਪਤਾ ਕੀਤੀਆਂ। ਉਹ ਸਮਝ ਗਿਆ ਕਿ ਇਹ ਕਰਾਮਾਤ ਬੇਹੋਰਾ ਦੇ ਬਿਨਾਂ ਹੋਰ ਕਿਸੇ ਦੀ ਵੀ ਨਹੀਂ ਹੋ ਸਕਦੀ। ਸੈਨਿਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਬੇਹੋਰਾ ਨੂੰ ਕੁਝ ਲੋਕਾਂ ਨੇ ਸੱਤ ਘੋੜਿਆਂ ਨੂੰ ਸਾਮਾਨ ਸਮੇਤ ਲਿਜਾਂਦੇ ਦੇਖਿਆ ਹੈ। ਆਖਿਰ ਸੈਨਿਕ ਬੇਹੋਰਾ ਨੂੰ ਫੜ ਲਿਆਏ।

"ਤੁਹਾਡਾ ਨਾਂ ਕੀ ਹੈ?"

"ਸਰਕਾਰ, ਮੈਨੂੰ ਬੇਹੋਰਾ ਕਹਿੰਦੇ ਹਨ।" ਹੱਥ ਜੋੜਦੇ ਹੋਏ ਉਸ ਨੇ ਉਤਰ ਦਿੱਤਾ।

"ਤਾਂ ਫਿਰ ਇਹ ਮੈਂਕ ਹਾਂਗਾਊਂ ਕੀ ਹੈ?"

"ਮੈਂਕ ਹਾਂਗਾਊਂ ਤਾਂ ਸਰਕਾਰ ਮੈਂ ਕਹਾਂ ਗਾਊਂ (ਮੈਂ ਕਿੱਥੇ ਗਾਵਾਂ) ਹੀ ਹੈ।"

"ਤਾਂ ਫਿਰ ਇਹ ਤੁਹਾਡਾ ਨਾਂ ਨਹੀਂ ਹੈ?"

"ਮੇਰਾ ਨਾਂ ਕਿਵੇਂ ਹੋ ਸਕਦਾ ਹੈ ਸਰਕਾਰ।"

"ਇਹ ਵਪਾਰੀ ਤਾਂ ਇਹੀ ਸਮਝਦਾ ਹੈ।" ਰਾਜੇ ਨੇ ਕਿਹਾ।

"ਇਹ ਤਾਂ ਇਹ ਵੀ ਸਮਝ ਸਕਦਾ ਹੈ ਕਿ ਸਿੰਗ ਖੂਹ ਵਿਚ ਸੁੱਟਣ 'ਤੇ ਬੱਕਰੀ ਬਣ ਜਾਂਦੇ ਹਨ।" ਬੇਹੋਰਾ ਨੇ ਜਵਾਬ ਦਿੱਤਾ।

ਦਰਬਾਰ ਵਿਚ ਬੈਠੇ ਸਾਰੇ ਲੋਕ ਹੱਸ ਪਏ।

ਰਾਜੇ ਨੇ ਘੋੜਿਆਂ ਸਮੇਤ ਸਾਰਾ ਸਾਮਾਨ ਵਪਾਰੀ ਨੂੰ ਵਾਪਸ ਦਿਵਾ ਦਿੱਤਾ।

ਵਪਾਰੀ ਰਾਜ ਮਹੱਲ 'ਚੋਂ ਬਾਹਰ ਆਇਆ ਤਾਂ ਕੁਝ ਬੱਚਿਆਂ ਨੇ ਉਸ ਨੂੰ ਘੇਰ ਲਿਆ, "ਮੈਂਕ ਹਾਂਗਾਊਂ। ਮੈਂਕ ਹਾਂਗਾਊਂ।"

**ਵਪਾਰੀ ਹੁਣ ਸੱਚਮੁੱਚ ਬੜਾ ਖੁਸ਼ ਸੀ। ਉਹ ਖੁਸ਼ੀ ਨਾਲ ਨੱਚਣ ਤੇ ਗਾਉਣ ਲੱਗਾ ਸੀ।**

**(ਨਿਰਮਲ ਪ੍ਰੇਮੀ)**

# Vichari Maan-Afgan Lok Kahani

# ਵਿਚਾਰੀ ਮਾਂ-ਅਫ਼ਗਾਨ ਲੋਕ ਕਹਾਣੀ

ਜਾਦੂਗਰ ਸਮਝਾਉਣ ਲੱਗਾ, "ਦੇਖੋ, ਸਾਹਮਣੇ ਵਾਲੇ ਪਹਾੜ ਦੀ ਚੋਟੀ 'ਤੇ ਇਕ ਝਰਨਾ ਹੈ। ਜੇਕਰ ਤੁਸੀਂ ਉਸ ਝਰਨੇ ਦਾ ਪਾਣੀ ਲਿਆ ਕੇ ਆਪਣੀ ਮਾਂ ਨੂੰ ਪਿਲਾ ਦਿਓ ਤਾਂ ਜਾਦੂਗਰ ਦਾ ਅਸਰ ਤੁਰੰਤ ਖਤਮ ਹੋ ਜਾਏਗਾ। ਪਰ ਝਰਨੇ ਤੋਂ ਪਾਣੀ ਲਿਆਉਣਾ ਐਨਾ ਸੌਖਾ ਨਹੀਂ ਹੈ। ਚੋਟੀ ਤਕ ਪਹੁੰਚਣ ਦੇ ਰਾਹ ਵਿਚ ਜੰਗਲ ਪੈਂਦਾ ਸੀ। ਉਸ ਜੰਗਲ ਵਿਚ ਹਿੰਸਕ ਜਾਨਵਰ ਰਹਿੰਦੇ ਹਨ। ਜ਼ਹਿਰੀਲੇ ਸੱਪ ਵੀ ਹਨ, ਪਰ ਹੈਰਾਨੀ ਇਹ ਹੈ, ਉਹ ਸਾਰੇ ਜਾਦੂ ਦੇ ਵੱਸ ਵਿਚ ਹਨ। ਝਰਨੇ ਦੇ ਆਸ-ਪਾਸ ਭੂਤ-ਪ੍ਰੇਤ, ਜਿੰਨ ਵੀ ਰਹਿੰਦੇ ਹਨ। ਜਾਦੂ ਦੇ ਬੱਦਲ ਹਮੇਸ਼ਾ ਝਰਨੇ 'ਤੇ ਮੰਡਰਾਉਂਦੇ ਹਨ। ਇਨ੍ਹਾਂ ਸਭਨਾਂ ਤੋਂ ਬਚਣ ਦਾ ਵੀ ਉਪਾਅ ਹੈ।

"ਕੀ ਉਪਾਅ ਹੈ?" ਜਮਾਲੋ ਨੇ ਪੁੱਛਿਆ।

"ਉਧਰ ਜੰਗਲ ਵਿਚ ਇਕ ਝਾੜੀ ਹੈ। ਉਸ ਦੇ ਚਿੱਟੇ ਫੁੱਲ ਹਨ। ਇਕ ਕਾਲਾ ਨਾਗ ਉਸ ਦੀ ਰਾਖੀ ਕਰਦਾ ਹੈ। ਉਸ ਝਾੜੀ ਦੀ ਟਹਿਣੀ ਤੋੜ ਲਿਆਵੋ, ਟਹਿਣੀ ਹੱਥ ਵਿਚ ਲੈ ਕੇ ਹੀ ਪਹਾੜ 'ਤੇ ਚੜ੍ਹੋ। ਜਿੱਥੇ ਵੀ ਖ਼ਤਰਾ ਦਿਸੇ, ਉਹ ਟਹਿਣੀ ਹਿਲਾ ਦੇਣਾ। ਖਤਰਾ ਤੁਹਾਡੇ ਕੋਲ ਨਹੀਂ ਆਵੇਗਾ। ਹਾਂ, ਹੌਸਲੇ ਤੋਂ ਕੰਮ ਲੈਣਾ ਪਵੇਗਾ। ਅੱਛਾ, ਮੇਰੀਆਂ ਦਿਲੀ ਦੁਆਵਾਂ ਤੁਹਾਡੇ ਨਾਲ ਹਨ।" ਕਹਿ ਕੇ ਜਾਦੂਗਰ ਚਲਾ ਗਿਆ। ਕਰੀਮ ਅਤੇ ਜਮਾਲੋ ਵੀ ਘਰ ਆ ਗਏ। ਉਨ੍ਹਾਂ ਨੇ ਮਾਂ ਨੂੰ ਕੁਝ ਨਹੀਂ ਕਿਹਾ। ਦੋਵੇਂ ਜਣੇ ਰਾਤ ਨੂੰ ਪਹਾੜ 'ਤੇ ਚੜ੍ਹਨ ਅਤੇ ਝਰਨੇ ਦਾ ਪਾਣੀ ਲਿਆਉਣ ਦੀ ਯੋਜਨਾ ਬਣਾਉਂਦੇ ਰਹੇ।

ਦਿਨ ਨਿਕਲਿਆ ਤਾਂ ਖਾਣਾ ਖਾਣ ਤੋਂ ਬਾਅਦ ਦੋਵੇਂ ਸ਼ਿਕਾਰ ਦਾ ਬਹਾਨਾ ਬਣਾ ਕੇ ਘਰੋਂ ਤੁਰ ਪਏ। ਕਰੀਮ ਨੇ ਧਨੁਸ਼ ਅਤੇ ਕਈ ਜ਼ਹਿਰੀਲੇ ਤੀਰ ਆਪਣੇ ਨਾਲ ਲੈ ਲਏ। ਦੋਵੇਂ ਉਸ ਝਾੜੀ ਕੋਲ ਆਏ। ਤਦ ਉਨ੍ਹਾਂ ਨੂੰ ਫੁੰਕਾਰ ਸੁਣਾਈ ਦਿੱਤੀ। ਉਨ੍ਹਾਂ ਦੇਖਿਆ, ਇਕ ਭਿਆਨਕ ਸੱਪ ਫ਼ਨ ਫੈਲਾਈ ਝਾੜੀ ਕੋਲ ਹੀ ਕੁੰਡਲੀ ਮਾਰੀ ਬੈਠਾ ਹੈ। ਕਰੀਮ ਨੇ ਧਨੱਸ਼ 'ਤੇ ਬਾਣ ਚੜ੍ਹਾ ਕੇ ਇਕ ਤੀਰ ਨਾਲ ਸੱਪ ਦੇ ਫ਼ਨ ਨੂੰ ਉਡਾ ਦਿੱਤਾ। ਫਿਰ ਦੂਸਰਾ ਤੀਰ ਇਹੋ ਜਿਹਾ ਮਾਰਿਆ ਕਿ ਤੀਰ ਸੱਪ ਦੇ ਸਰੀਰ ਦੇ ਵਿੱਚੋਂ-ਵਿਚ ਨਿਕਲ ਕੇ ਧਰਤੀ ਵਿਚ ਗੱਡ ਹੋ ਗਿਆ। ਇਸ ਨਾਲ ਸੱਪ ਤੁਰੰਤ ਹੀ ਮਰ ਗਿਆ।

ਥੋੜ੍ਹੀ ਦੇਰ ਇੰਤਜ਼ਾਰ ਕਰਨ ਬਾਅਦ ਕਰੀਮ ਝਾੜੀ ਕੋਲ ਗਿਆ। ਉੱਥੋਂ ਇਕ ਨਹੀਂ ਦੋ ਟਹਿਣੀਆਂ ਤੋੜ

ਲਿਆਇਆ। ਇਕ ਟਹਿਣੀ ਆਪਣੇ ਕੋਲ ਰੱਖੀ, ਦੂਸਰੀ ਜਮਾਲੋ ਨੂੰ ਦੇ ਦਿੱਤੀ। ਜਮਾਲੋ ਦੇ ਕੋਲ ਪਿੱਤਲ ਦੀ ਇਕ ਛੋਟੀ ਜਿਹੀ ਸੁਰਾਹੀ ਵੀ ਸੀ। ਉਹ ਝਰਨੇ ਦਾ ਪਾਣੀ ਭਰਨ ਲਈ ਉਸ ਸੁਰਾਹੀ ਨੂੰ ਨਾਲ ਲੈ ਕੇ ਆਈ ਸੀ।

ਝਾੜੀ ਦੀਆਂ ਟਹਿਣੀਆਂ ਲੈ ਕੇ ਦੋਵੇਂ ਛੇਤੀ ਛੇਤੀ ਪਹਾੜ 'ਤੇ ਚੜ੍ਹਨ ਲੱਗੇ। ਦੁਪਹਿਰ ਹੋ ਗਈ ਸੀ। ਸ਼ਾਮ ਤਕ ਉਨ੍ਹਾਂ ਘਰ ਵੀ ਮੁੜਨਾ ਸੀ। ਪਹਾੜ ਦੀ ਉਹ ਚੋਟੀ ਜ਼ਿਆਦਾ ਉੱਚੀ ਤਾਂ ਨਹੀਂ ਸੀ ਪਰ ਰਾਹ ਘੁੰਮਣਦਾਰ ਅਤੇ ਉਬੜ-ਖਾਬੜ ਸੀ। ਰਾਹ ਵਿਚ ਕਈ ਥਾਈਂ ਜਮਾਲੋ ਠੋਕਰ ਖਾ ਕੇ ਡਿੱਗੀ ਵੀ, ਪ੍ਰੰਤੂ ਕਰੀਮ ਨੇ ਉਸ ਨੂੰ ਸੰਭਾਲ ਲਿਆ। ਇਸ ਤਰ੍ਹਾਂ ਦੋਵੇਂ ਚੋਟੀ 'ਤੇ ਪਹੁੰਚ ਗਏ।

ਉੱਥੇ ਦਰੱਖਤਾਂ ਦੇ ਝੁਰਮਟ ਦੇ ਪਿੱਛੇ ਇਕ ਝਰਨਾ ਦਿਖਾਈ ਦਿੱਤਾ। ਦੋਵੇਂ ਛੇਤੀ ਨਾਲ ਉਸ ਝਰਨੇ ਵੱਲ ਵਧੇ। ਝਰਨੇ ਕੋਲ ਪੁੱਜ ਕੇ ਜਿਉਂ ਹੀ ਜਮਾਲੋ ਨੇ ਝਰਨੇ ਦਾ ਪਾਣੀ ਸੁਰਾਹੀ ਵਿਚ ਭਰਨਾ ਚਾਹਿਆ, ਬਸ ਜਿਵੇਂ ਕਿਆਮਤ ਹੀ ਆ ਗਈ। ਪੂਰਾ ਪਹਾੜ ਹਿੱਲਣ ਲੱਗਾ। ਝਰਨੇ ਦਾ ਪਾਣੀ ਵੀ ਉਛਲਣ ਲੱਗਾ। ਜਮਾਲੋ ਡਰ ਕੇ ਪਾਣੀ ਵਿਚ ਡਿੱਗਣ ਹੀ ਵਾਲੀ ਸੀ ਕਿ ਕਰੀਮ ਨੇ ਉਸ ਨੂੰ ਬਚਾ ਲਿਆ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਇਹ ਸਾਰਾ ਕੁਝ ਕੀ ਹੋ ਰਿਹਾ ਹੈ।

ਅਚਾਨਕ ਉਸ ਨੂੰ ਯਾਦ ਆਇਆ। ਉਸ ਨੇ ਝਾੜੀ ਦੀ ਟਹਿਣੀ ਤੋਂ ਕੁਝ ਪੱਤੇ ਤੋੜੇ। ਉਨ੍ਹਾਂ ਨੂੰ ਪਾਣੀ ਵਿਚ ਸੁੱਟ ਦਿੱਤਾ। ਪੱਤਿਆਂ ਦੇ ਪਾਣੀ ਵਿਚ ਸੁੱਟਣ ਦੀ ਦੇਰ ਸੀ ਕਿ ਪਾਣੀ ਯਕਦਮ ਸ਼ਾਂਤ ਹੋ ਗਿਆ। ਪਹਾੜ ਦਾ ਹਿੱਲਣਾ ਵੀ ਬੰਦ ਹੋ ਗਿਆ। ਜਮਾਲੋ ਨੇ ਤੁਰੰਤ ਝਰਨੇ ਦੇ ਪਾਣੀ ਨਾਲ ਸੁਰਾਹੀ ਭਰ ਲਈ।

ਉਹ ਜਿਉਂ ਹੀ ਵਾਪਸ ਆਉਣ ਲੱਗੇ, ਅਜੀਬ ਤਰ੍ਹਾਂ ਦੀਆਂ ਡਰਾਉਣੀਆਂ ਆਵਾਜ਼ਾਂ ਆਉਣ ਲੱਗੀਆਂ। ਡਰ ਨਾਲ ਜਮਾਲੋ ਦੇ ਹੱਥੋਂ ਸੁਰਾਹੀ ਛੁੱਟ ਗਈ। ਪਾਣੀ ਵੀ ਡੁੱਲ੍ਹ ਗਿਆ। ਕਰੀਮ ਨੇ ਜਮਾਲੋ ਦਾ ਧੀਰਜ ਬੰਨ੍ਹਾਇਆ। ਉਸ ਨੇ ਕਿਹਾ, "ਡਰ ਨਾ, ਇਹ ਜਾਦੂ ਦੀਆਂ ਆਵਾਜ਼ਾਂ ਹਨ। ਤੂੰ ਟਹਿਣੀ ਘੁੰਮਾਉਂਦੀ ਰਹਿ ਕੁਝ ਨਹੀਂ ਹੋਵੇਗਾ।"

ਇਸ ਤੋਂ ਬਾਅਦ ਉਹ ਫਿਰ ਤੋਂ ਪਾਣੀ ਭਰ ਕੇ ਲਿਆਇਆ। ਇਸ ਬਾਰ ਸੁਰਾਹੀ ਉਸ ਨੇ ਆਪਣੇ ਹੱਥ ਫੜ ਲਈ ਅਤੇ ਧਨੁਸ਼ ਬਾਣ ਜਮਾਲੋ ਨੂੰ ਦੇ ਦਿੱਤਾ। ਉਹ ਕਾਹਲੀ-ਕਾਹਲੀ ਥੱਲੇ ਉਤਰਨ ਲੱਗੇ। ਉਹ ਅਜੇ ਥੋੜ੍ਹੀ ਹੀ ਦੂਰ ਗਏ ਹੋਣਗੇ ਕਿ ਬਘਿਆੜਾਂ ਦੇ ਇਕ ਝੁੰਡ ਨੇ ਉਨ੍ਹਾਂ ਨੂੰ ਘੇਰ ਲਿਆ। ਜਮਾਲੋ ਤਾਂ ਡਰ ਨਾਲ ਰੋਣ ਲੱਗ਼ੀ, ਡਰ ਕਰੀਮ ਵੀ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ ਹੁਣ ਵਾਪਸ ਜਾਣਾ ਮੁਸ਼ਕਲ ਹੋਵੇਗਾ। ਪਰ ਉਹ ਦੋਵੇਂ ਟਹਿਣੀਆਂ ਹਿਲਾਉਂਦੇ ਅੱਗੇ ਵਧੇ। ਟਹਿਣੀ ਦਾ ਅਸਰ ਅਦਭੁੱਤ ਸੀ। ਬਘਿਆੜ ਉਨ੍ਹਾਂ ਦੇ ਨੇੜੇ ਨਹੀਂ ਢੁੱਕੇ। ਕੁਝ ਦੇਰ ਬਾਅਦ ਸਾਰੇ ਬਘਿਆੜ ਵਾਪਸ ਜੰਗਲ ਵਿਚ ਜਾ ਵੜੇ।

ਹੁਣ ਦੋਵੇਂ ਭਰਾ-ਭੈਣ ਚੋਟੀ ਤੋਂ ਕਾਫੀ ਥੱਲੇ ਆ ਗਏ ਸਨ। ਤਦੇ ਇਕ ਅਜਗਰ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਉਹ

ਮੂੰਹ ਅੱਡੀ ਉਨ੍ਹਾਂ ਵੱਲ ਵਧਿਆ। ਕਰੀਮ ਨੇ ਟਹਿਣੀ ਤੋਂ ਕੁਝ ਪੱਤੇ ਤੋੜੇ ਅਤੇ ਉਨ੍ਹਾਂ ਨੂੰ ਅਜਗਰ ਦੇ ਮੂੰਹ ਵਿਚ ਪਾ ਦਿੱਤਾ। ਪੱਤਿਆਂ ਦਾ ਮੂੰਹ ਵਿਚ ਪਾਉਣ ਦੀ ਦੇਰ ਸੀ ਕਿ ਅਜਗਰ ਪਤਾ ਨਹੀਂ ਕਿੱਥੇ ਚਲਾ ਗਿਆ। ਇਸੇ ਤਰ੍ਹਾਂ ਖ਼ਤਰਿਆਂ ਨਾਲ ਲੜਦੇ ਹੋਏ ਦੋਵੇਂ ਚੋਟੀ ਤੋਂ ਥੱਲੇ ਉਤਰ ਆਏ। ਤਦ ਤੱਕ ਸ਼ਾਮ ਹੋਣ ਲੱਗੀ ਸੀ।

ਸ਼ਾਮ ਹੋਣ ਤੋਂ ਪਹਿਲਾਂ ਹੀ ਦੋਵੇਂ ਆਪਣੇ ਘਰ ਪਹੁੰਚ ਗਏ। ਉਨ੍ਹਾਂ ਬੁੱਢੀ ਮਾਂ ਨੂੰ ਝਰਨੇ ਦਾ ਪਾਣੀ ਪਿਲਾਇਆ। ਪਾਣੀ ਪੀਂਦੇ ਸਾਰ ਹੀ ਮਾਂ ਦੀ ਮਮਤਾ ਵਾਪਸ ਆ ਗਈ। ਉਸ ਦੀ ਲੰਗੜੀ ਲੱਤ ਵੀ ਠੀਕ ਹੋ ਗਈ। ਉਸ ਨੇ ਦੋਹਾਂ ਬੱਚਿਆਂ ਨੂੰ ਕਲੇਜੇ ਨਾਲ ਲਗਾ ਲਿਆ। ਬੱਚਿਆਂ ਦੀ ਗੁਆਚੀ ਮਾਂ ਵਾਪਸ ਮਿਲ ਗਈ। ਦੋਹਾਂ ਦੀਆਂ ਅੱਖਾਂ ’ਚੋਂ ਖੁਸ਼ੀ ਦੇ ਹੰਝੂ ਕਿਰਨ ਲੱਗੇ।

ਤਦੇ ਕਰੀਮ ਨੇ ਦੇਖਿਆ, ਉਸ ਦੀ ਸਹਾਇਤਾ ਕਰਨ ਵਾਲਾ ਜਾਦੂਗਰ ਦਰਵਾਜ਼ੇ ’ਤੇ ਖੜ੍ਹਾ ਮੁਸਕਰਾ ਰਿਹਾ ਸੀ। ਕਰੀਮ ਨੇ ਆਪਣੀ ਮਾਂ ਨੂੰ ਸਾਰੀ ਗੱਲ ਦੱਸ ਦਿੱਤੀ। ਮਾਂ ਨੇ ਜਾਦੂਗਰ ਦਾ ਧੰਨਵਾਦ ਕੀਤਾ ਤਾਂ ਉਹ ਬੋਲਿਆ, “ਇਹ ਸਾਰਾ ਕੁਝ ਤੁਹਾਡੇ ਸਾਹਸੀ ਬੱਚਿਆਂ ਨੇ ਹੀ ਕੀਤਾ ਹੈ। ਸਾਹਸ ਦੇ ਅੱਗੇ ਜਾਦੂ-ਟੋਣਾ, ਭੂਤ-ਪ੍ਰੇਤ ਸਭ ਹਾਰ ਜਾਂਦੇ ਹਨ। ਹੁਣ ਤੁਹਾਡੇ ਚੰਗੇ ਦਿਨ ਪਰਤ ਆਏ ਹਨ।”ਐਨਾ ਕਹਿੰਦਿਆਂ ਹੀ ਜਾਦੂਗਰ ਨੇ ਹੱਥ ਹਿਲਾਇਆ। ਦੇਖਦੇ-ਦੇਖਦੇ ਉਨ੍ਹਾਂ ਦੀ ਝੌਂਪੜੀ ਇਕ ਆਲੀਸ਼ਾਨ ਮਹੱਲ ਵਿਚ ਬਦਲ ਗਈ। ਜਾਦੂਗਰ ਦੇ ਕਹਿਣ ’ਤੇ ਕਰੀਮ ਨੇ ਝਾੜੀ ਦੀਆਂ ਟਹਿਣੀਆਂ ਨੂੰ ਅੱਗ ਵਿਚ ਸਾੜ ਦਿੱਤਾ।

ਟਹਿਣੀਆਂ ਦਾ ਅੱਗ ਵਿਚ ਸੜਨਾ ਸੀ ਕਿ ਪਹਾੜ ਦੀ ਚੋਟੀ ਤੋਂ ਧੂੰਆਂ ਉੱਠਦਾ ਹੋਇਆ ਦਿਖਾਈ ਦਿੱਤਾ। ਜਾਦੂਗਰ ਨੇ ਦੱਸਿਆ ਕਿ ਚੋਟੀ ’ਤੇ ਅੱਗ ਲੱਗੀ ਹੈ। ਸਾਰੇ ਭੂਤ-ਪ੍ਰੇਤ ਅੱਗ ਵਿਚ ਨਸ਼ਟ ਹੋ ਗਏ ਹਨ। ਦੇਖਦੇ-ਦੇਖਦੇ ਧੂੰਆਂ ਐਨਾ ਵੱਧ ਗਿਆ ਕਿ ਕੁਝ ਵੀ ਦਿਖਾਈ ਨਹੀਂ ਦਿੰਦਾ ਸੀ।

ਸਵੇਰ ਹੋਈ। ਧੂੰਆਂ ਖਤਮ ਹੋ ਚੁੱਕਾ ਸੀ। ਕਰੀਮ ਅਤੇ ਜਮਾਲੋ ਨੇ ਦੇਖਿਆ, ਹੁਣ ਪਹਾੜ ਦਾ ਨਾਮੋ-ਨਿਸ਼ਾਨ ਨਹੀਂ ਰਿਹਾ ਸੀ। ਕਰੀਮ ਅਤੇ ਜਮਾਲੋ ਨੇ ਉਸ ਜ਼ਮੀਨ ਨੂੰ ਉਪਜਾਊ ਬਣਾਇਆ। ਕੁਝ ਹੀ ਦਿਨਾਂ ਬਾਅਦ, ਪਹਾੜ ਦੀ ਉਹ ਘਾਟੀ ਲਹਿਰਾਉਂਦੇ ਹੋਏ ਪੌਦਿਆਂ ਨਾਲ ਭਰ ਗਈ ਸੀ। ਇਹ ਸਾਰੇ ਖੇਤ ਕਰੀਮ ਦੇ ਹੀ ਸਨ।

(ਨਿਰਮਲ ਪ੍ਰੇਮੀ)

# Mihnat Di Kamaee-Irani Lok Kahani

# ਮਿਹਨਤ ਦੀ ਕਮਾਈ-ਇਰਾਨੀ ਲੋਕ ਕਹਾਣੀ

ਬਹੁਤ ਪਹਿਲਾਂ ਦੀ ਗੱਲ ਹੈ। ਤਵਰੀਜ ਸ਼ਹਿਰ ਵਿਚ ਕਾਮਰਾਨ ਨਾਂ ਦਾ ਇਕ ਆਦਮੀ ਰਹਿੰਦਾ ਸੀ। ਉਹ ਬੜਾ ਗਰੀਬ ਸੀ ਪਰ ਉਹ ਇਮਾਨਦਾਰ ਅਤੇ ਮਿਹਨਤੀ ਸੀ। ਸਾਰਾ ਦਿਨ ਕੀਤੀ ਮਿਹਨਤ ਦੇ ਬਦਲੇ ਉਸ ਨੂੰ ਜਿਹੜੇ ਪੈਸੇ ਮਿਲਦੇ, ਉਨ੍ਹਾਂ ਨਾਲ ਉਸ ਦੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ ਪਰ ਕਾਮਰਾਨ ਮਿਹਨਤ ਨਾਲ ਆਪਣੇ ਕੰਮ ਵਿਚ ਰੁਝਿਆ ਰਿਹਾ। ਹੌਲੀ ਹੌਲੀ ਉਸ ਦੀ ਸਖਤ ਮਿਹਨਤ ਰੰਗ ਲਿਆਉਣ ਲੱਗੀ। ਹੁਣ ਉਸ ਨੂੰ ਐਨੀ ਕਮਾਈ ਹੋਣ ਲੱਗੀ ਕਿ ਉਹ ਕੁਝ ਚੰਗਾ ਖਾ ਸਕੇ ਅਤੇ ਬੱਚਤ ਵੀ ਕਰ ਸਕੇ।

ਕਮਾਈ ਵਧਣ ਦੇ ਬਾਅਦ ਵੀ ਕਾਮਰਾਨ ਦੀ ਕਰੜੀ ਮਿਹਨਤ ਦੀ ਆਦਤ ਵਿਚ ਕਈ ਫਰਕ ਨਹੀਂ ਆਇਆ। ਉਹ ਹੁਣ ਵੀ ਸਾਰਾ ਦਿਨ ਕਰੜੀ ਮਿਹਨਤ ਕਰਦਾ। ਇਸ ਤਰ੍ਹਾਂ ਉਸ ਦੇ ਕੋਲ ਬਹੁਤ ਸਾਰਾ ਧਨ ਜਮ੍ਹਾਂ ਹੋ ਗਿਆ। ਹੁਣ ਉਸ ਨੂੰ ਇਸ ਗੱਲ ਦੀ ਚਿੰਤਾ ਸਤਾਉਣ ਲੱਗੀ ਕਿ ਐਨੇ ਧਨ ਦੀ ਰੱਖਿਆ ਕਿਵੇਂ ਕੀਤੀ ਜਾਵੇ? ਕਿਤੇ ਉਸ ਦੀ ਮਿਹਨਤ ਦੀ ਕਮਾਈ ਨੂੰ ਕੋਈ ਚੋਰੀ ਕਰਕੇ ਨਾ ਲੈ ਜਾਵੇ।

ਫਿਰ ਇਕ ਦਿਨ ਉਸ ਦੇ ਮਨ ਵਿਚ ਇਕ ਯੋਜਨਾ ਆਈ। ਉਸ ਨੇ ਸੋਚਿਆ ਕਿ ਸਾਰਾ ਧਨ ਕਿਸੇ ਇਹੋ ਜਿਹੀ ਥਾਂ ਦਬਾ ਦੇਣਾ ਚਾਹੀਦਾ, ਜਿੱਥੇ ਕੋਈ ਚੋਰੀ ਨਾ ਕਰ ਸਕੇ।

ਇਕ ਰਾਤ ਜਦ ਤਵਰੀਜ ਸ਼ਹਿਰ ਡੂੰਘੀ ਨੀਂਦ ਸੁੱਤਾ ਪਿਆ ਸੀ, ਤਦ ਕਾਮਰਾਨ ਆਪਣੀਆਂ ਸੋਨੇ ਦੀਆਂ ਅਸ਼ਰਫੀਆਂ ਨੂੰ ਇਕ ਥੈਲੀ ਵਿਚ ਪਾ ਕੇ ਚੁੱਪ-ਚਾਪ ਘਰੋਂ ਬਾਹਰ ਚਲਿਆ ਗਿਆ। ਕਾਫੀ ਦੂਰ ਜਾ ਕੇ ਉਹ ਇਕ ਦਰਖਤ ਦੇ ਕੋਲ ਜਾ ਕੇ ਖਲੋਅ੍ਹ ਗਿਆ। ਉਸ ਨੇ ਆਲੇ-ਦੁਆਲੇ ਦੇਖਿਆ ਕਿ ਉਥੇ ਕੋਈ ਹੈ ਜਾਂ ਨਹੀਂ। ਫਿਰ ਉਸ ਨੇ ਉਸ ਦਰਖਤ ਦੀਆਂ ਜੜ੍ਹਾਂ ਦੇ ਕੋਲ ਟੋਇਆ ਪੁੱਟ ਕੇ ਥੈਲੀ ਨੂੰ ਉਸ ਵਿਚ ਦੱਬ ਦਿੱਤਾ। ਪਛਾਣ ਵਜੋਂ ਉਸ ਦਰਖਤ 'ਤੇ ਨਿਸ਼ਾਨ ਲਗਾ ਦਿੱਤਾ। ਉਹ ਘਰ ਆ ਕੇ ਸ਼ਾਂਤੀ ਨਾਲ ਸੌਂ ਗਿਆ। ਹੁਣ ਉਹ ਬੇਫਿਕਰ ਸੀ ਕਿ ਉਸ ਦਾ ਧਨ ਸੁਰੱਖਿਅਤ ਹੈ।

ਕੁਝ ਦਿਨਾਂ ਤੱਕ ਉਹ ਆਰਾਮ ਨਾਲ ਆਪਣੇ ਕੰਮ ਵਿਚ ਲੱਗਿਆ ਰਿਹਾ ਪਰ ਇਕ ਦਿਨ ਉਸ ਨੂੰ ਫਿਰ ਚਿੰਤਾ ਹੋਈ ਕਿ ਇਕ ਵਾਰ ਆਪਣੀਆਂ ਅਸ਼ਰਫੀਆਂ ਨੂੰ ਗਿਣ ਲੈਣਾ ਚਾਹੀਦਾ ਹੈ। ਇਹ ਸੋਚ ਕੇ ਉਹ ਰਾਤ ਵੇਲੇ ਉੱਥੇ ਗਿਆ, ਜਿੱਥੇ ਉਸ ਨੇ ਅਸ਼ਰਫੀਆਂ ਦੱਬੀਆਂ ਹੋਈਆਂ ਸਨ। ਦਰਖਤ ਨੂੰ ਪਛਾਣ ਕੇ ਉਸ ਨੇ ਜੜ੍ਹ ਕੋਲੋਂ ਮਿੱਟੀ ਪੁੱਟੀ

ਪਰ ਸਾਰੀ ਮਿੱਟੀ ਪਰਾਂ ਕਰਨ ਦੇ ਬਾਅਦ ਵੀ ਉਸ ਦਾ ਧਨ ਨਹੀਂ ਮਿਲਿਆ। ਉਸ ਦਾ ਖਜ਼ਾਨਾ ਗਾਇਬ ਸੀ। ਉਸ ਨੇ ਦਰਖਤ 'ਤੇ ਲਗਾਏ ਹੋਏ ਨਿਸ਼ਾਨ ਨੂੰ ਵੀ ਦੇਖਿਆ, ਉਹ ਨਿਸ਼ਾਨ ਸਾਫ ਦਿੱਸ ਰਿਹਾ ਸੀ।

ਹੁਣ ਤਾਂ ਕਾਮਰਾਨ ਦਾ ਬੁਰਾ ਹਾਲ ਸੀ। ਉਸ ਦੀ ਮਿਹਨਤ ਨਾਲ ਕਮਾਈ ਹੋਈ ਸਾਰੀ ਦੌਲਤ ਚੋਰੀ ਹੋ ਗਈ ਸੀ। ਉਹ ਬੜਾ ਦੁਖੀ ਰਹਿਣ ਲੱਗ਼ਾ। ਇਕ ਦਿਨ ਉਹ ਆਪਣੇ ਗਿਆਨੀ ਮਿੱਤਰ ਸ਼ੇਖ ਯਾਜਰੇ ਨੂੰ ਮਿਲਿਆ। ਗੱਲਾਂ-ਗੱਲਾਂ ਵਿਚ ਉਸ ਦੇ ਮਿੱਤਰ ਨੇ ਉਸ ਦੀ ਉਦਾਸੀ ਦਾ ਕਾਰਨ ਪੁੱਛਿਆ।

ਕਾਮਰਾਨ ਨੇ ਆਪਣੀ ਸਾਰੀ ਕਹਾਣੀ ਦੱਸੀ ਅਤੇ ਕਿਹਾ, "ਮਿੱਤਰ, ਤੂੰ ਤਾਂ ਜਾਣੀ ਜਾਣ ਹੈ...ਮੇਰੀ ਮਿਹਨਤ ਦੀ ਕਮਾਈ ਕੋਈ ਚੋਰੀ ਕਰਕੇ ਲੈ ਗਿਆ ਹੈ। ਇਹ ਦੱਸ ਕਿ ਮੈਂ ਆਪਣਾ ਧਨ ਵਾਪਸ ਕਿਵੇਂ ਹਾਸਲ ਕਰ ਸਕਦਾ ਹਾਂ?"

"ਸ਼ੇਖ ਦਸ ਦਿਨਾਂ ਤੱਕ ਕਾਮਰਾਨ ਦੀ ਸਮੱਸਿਆ 'ਤੇ ਵਿਚਾਰ ਕਰਦਾ ਰਿਹਾ ਪਰ ਉਸ ਦੀ ਅਕਲ ਵਿਚ ਕੋਈ ਹੱਲ ਨਹੀਂ ਆਇਆ। ਇਕ ਦਿਨ ਬਾਜ਼ਾਰ ਵਿਚ ਦੋਹਾਂ ਮਿੱਤਰਾਂ ਦੀ ਭੇਟ ਹੋਈ। ਸ਼ੇਖ ਕਹਿਣ ਲੱਗਾ, "ਮਿੱਤਰ, ਤੇਰੀ ਚੋਰੀ ਦਾ ਰਾਹ ਦਿਸ ਨਹੀਂ ਰਿਹਾ... ਖੈਰ, ਤੂੰ ਹੌਸਲਾ ਰੱਖ।"

ਤਦੇ ਉੱਥੇ ਇਕ ਪਾਗਲ ਆਦਮੀ ਆਇਆ ਅਤੇ ਬੋਲਿਆ, "ਤੁਸੀਂ ਕਿਹੜੀਆਂ ਗੱਲਾਂ ਕਰ ਰਹੇ ਹੋ? ਮੈਨੂੰ ਆਪਣੀ ਸਮੱਸਿਆ ਦੱਸੋ?"

ਕਾਮਰਾਨ ਨੇ ਪਾਗਲ ਵੱਲ ਲਾਪ੍ਰਵਾਹੀ ਨਾਲ ਦੇਖਿਆ, "ਫਿਰ ਸ਼ੇਖ ਵੱਲ ਦੇਖਦੇ ਹੋਏ ਬੋਲਿਆ, "ਜਦ ਤੇਰੇ ਜਿਹਾ ਆਦਮੀ ਚੋਰੀ ਦਾ ਪਤਾ ਨਹੀਂ ਲਗਾ ਸਕਿਆ ਤਾਂ ਇਹ ਪਾਗਲ ਕੀ ਲਗਾਏਗਾ?" ਸ਼ੇਖ ਨੇ ਉਸ ਨੂੰ ਸਮਝਾਇਆ, "ਕਈ ਵਾਰ ਪਾਗਲ ਵੀ ਪਤੇ ਦੀ ਗੱਲ ਦੱਸ ਦਿੰਦੇ ਹਨ...ਇਸ ਨੂੰ ਸਮੱਸਿਆ ਦੱਸਣ ਵਿਚ ਕੀ ਹਰਜ਼ ਹੈ।" ਤਦ ਕਾਮਰਾਨ ਨੇ ਉਸ ਪਾਗਲ ਨੂੰ ਸਾਰੀ ਗੱਲ ਦੱਸ ਦਿੱਤੀ। ਪਾਗਲ ਕਹਿਣ ਲੱਗਾ, "ਜੋ ਦਰੱਖਤ ਦੀ ਜੜ੍ਹ ਲੈ ਗਿਆ ਹੈ, ਉਹੀ ਖਜ਼ਾਨਾ ਵੀ ਲੈ ਗਿਆ ਹੈ। ਇਹ ਕਹਿ ਕੇ ਉਹ ਭੱਜ ਗਿਆ।"

ਦੋਵੇਂ ਮਿੱਤਰ ਪਾਗਲ ਦਾ ਮਤਲਬ ਨਹੀਂ ਸਮਝ ਸਕੇ। ਕੋਲ ਹੀ ਖੜ੍ਹਾ ਇਕ ਲੜਕਾ ਵੀ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਹ ਬੋਲਿਆ, "ਪਾਗਲ ਦੇ ਕਹਿਣ ਦਾ ਮਤਲਬ ਹੈ ਕਿ ਉਹ ਕਿਹੜਾ ਦਰੱਖਤ ਸੀ ਜਿਸ ਦੀ ਜੜ੍ਹ ਵਿਚ ਖਜ਼ਾਨਾ ਦੱਬਿਆ ਸੀ...ਜੋ ਆਦਮੀ ਉਸ ਦਰਖਤ ਦੀਆਂ ਜੜ੍ਹਾਂ ਨੂੰ ਲੈ ਗਿਆ ਹੈ, ਉਹੀ ਤੁਹਾਡਾ ਧਨ ਵੀ ਲੈ ਗਿਆ ਹੈ।"

ਕਾਮਰਾਨ ਨੇ ਦੱਸਿਆ, "ਉਹ ਬੇਰ ਦਾ ਦਰਖਤ ਸੀ।"

ਉਹ ਲੜਕਾ ਬੋਲਿਆ, "ਗੱਲ ਪੱਧਰੀ ਹੈ। ਸ਼ਹਿਰ ਦੇ ਸਾਰੇ ਹਕੀਮਾਂ ਤੋਂ ਪਤਾ ਕਰੋ ਕਿ ਉਨ੍ਹਾਂ ਦੇ ਕੋਲ ਕੋਈ ਇਹੋ ਜਿਹਾ ਰੋਗੀ ਆਇਆ ਸੀ, ਜਿਸ ਦੇ ਇਲਾਜ ਲਈ ਉਨ੍ਹਾਂ ਨੇ ਬੇਰ ਦੀ ਜੜ੍ਹ ਦੀ ਦਵਾ ਖਾਣ ਨੂੰ ਕਿਹਾ ਸੀ।"

ਲੜਕੇ ਦੀ ਬੁੱਧੀਮਾਨੀ ਦੇਖ ਕੇ ਦੋਵੇਂ ਦੋਸਤ ਹੱਕੇ-ਬੱਕੇ ਹੋ ਗਏ ਜਦ ਉਨ੍ਹਾਂ ਨੇ ਸਾਰੇ ਹਕੀਮਾਂ ਤੋਂ ਪੁੱਛ-ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਘਾਲੇਵੇਦੀ ਨਾਂ ਦਾ ਵਪਾਰੀ ਵੀਹ ਦਿਨ ਪਹਿਲਾਂ ਹਕੀਮ ਸ਼ੀਰਾਜੀ ਦੇ ਕੋਲ ਇਲਾਜ ਦੇ ਲਈ ਆਇਆ ਸੀ ਅਤੇ ਉਨ੍ਹਾਂ ਨੇ ਉਸ ਨੂੰ ਬੇਰ ਦੀ ਜੜ੍ਹ ਦੀ ਦਵਾ ਖਾਣ ਨੂੰ ਕਿਹਾ ਸੀ।

ਅਗਲੇ ਦਿਨ ਸ਼ੇਖ, ਘਾਲੇਵੇਦੀ ਦੇ ਘਰ ਗਿਆ ਅਤੇ ਕਹਿਣ ਲੱਗਾ, "ਮਿੱਤਰ, ਤੁਸੀਂ ਇਹ ਤਾਂ ਮੰਨਦੇ ਹੋਵੋਗੇ ਕਿ ਸੰਸਾਰ ਵਿਚ ਚੰਗੀ ਸਿਹਤ ਨਾਲੋਂ ਵਧ ਕੇ ਕੁਝ ਨਹੀਂ ਹੈ... ਹੁਣ ਤੁਸੀਂ ਠੀਕ ਹੋ ਗਏ ਹੋ...ਕੀ ਤੁਹਾਡਾ ਇਹ ਫਰਜ਼ ਨਹੀਂ ਬਣਦਾ ਕਿ ਜਿਸ ਦਰਖਤ ਦੀ ਜੜ੍ਹ ਨਾਲ ਤੁਸੀਂ ਠੀਕ ਹੋਏ ਹੋ, ਉਸ ਦੇ ਥੱਲੇ ਦੱਬੇ ਖਜ਼ਾਨੇ ਨੂੰ ਸਹੀ ਆਦਮੀ ਦੇ ਕੋਲ ਪਹੁੰਚਦਾ ਕਰ ਦਿੱਤਾ ਜਾਏ...। ਉਸ ਖਜ਼ਾਨੇ ਦਾ ਮਾਲਕ ਬੜਾ ਮਿਹਨਤੀ ਅਤੇ ਇਮਾਨਦਾਰ ਆਦਮੀ ਹੈ। ਤੁਹਾਨੂੰ ਉਸ ਦਾ ਧਨ ਵਾਪਸ ਮੋੜ ਦੇਣਾ ਚਾਹੀਦਾ ਹੈ।"

ਵਪਾਰੀ ਇਮਾਨਦਾਰ ਸੀ। ਉਸ ਨੇ ਕਾਮਰਾਨ ਤੋਂ ਪੁੱਛਿਆ ਕਿ ਉਸ ਥੈਲੇ ਵਿਚ ਕਿੰਨੀਆਂ ਅਸ਼ਰਫੀਆਂ ਸਨ। ਕਾਮਰਾਨ ਨੇ ਉਨ੍ਹਾਂ ਦੀ ਸਹੀ ਗਿਣਤੀ ਦੱਸ ਦਿੱਤੀ, ਤਦ ਵਪਾਰੀ ਨੇ ਉਸ ਨੂੰ ਸਾਰੀਆਂ ਅਸ਼ਰਫੀਆਂ ਮੋੜ ਦਿੱਤੀਆਂ।

ਕਾਮਰਾਨ ਆਪਣੀ ਮਿਹਨਤ ਦੀ ਕਮਾਈ ਹਾਸਲ ਕਰਕੇ ਬੜਾ ਖੁਸ਼ ਹੋਇਆ। ਉਸ ਨੇ ਸ਼ੇਖ ਅਤੇ ਵਪਾਰੀ ਦਾ ਧੰਨਵਾਦ ਕੀਤਾ ਅਤੇ ਖੁਸ਼ੀ-ਖੁਸ਼ੀ ਆਪਣੇ ਘਰ ਪਰਤ ਗਿਆ।

(ਨਿਰਮਲ ਪ੍ਰੇਮੀ)

# Sattar Hunar Vi Ghatt-Uzbek Lok Kahani

# ਸੱਤਰ ਹੁਨਰ ਵੀ ਘੱਟ-ਉਜ਼ਬੇਕ ਲੋਕ ਕਹਾਣੀ

ਪੁਰਾਣੇ ਜ਼ਮਾਨੇ ਦੀ ਗੱਲ ਹੈ। ਕਿਸੇ ਥਾਂ ਇੱਕ ਆਦਮੀ ਰਹਿੰਦਾ ਸੀ। ਉਸ ਕੋਲ ਤਿੰਨ ਸੌ ਅਸ਼ਰਫ਼ੀਆਂ ਸਨ। ਇੱਕ ਦਿਨ ਉਸ ਆਦਮੀ ਨੇ ਆਪਣੇ ਇਕਲੌਤੇ ਬੇਟੇ, ਜਿਸ ਦਾ ਨਾਂ ਅਲੀ ਸੀ, ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ: "ਬੇਟੇ! ਤੂੰ ਜਵਾਨ ਹੋ ਗਿਆ ਹੈਂ ਤੇ ਮੈਂ ਬੁੱਢਾ ਹੋ ਚੁੱਕਾ ਹਾਂ। ਮੈਂ ਚਾਹੁੰਦਾ ਹਾਂ ਕਿ ਮਰਨ ਤੋਂ ਪਹਿਲਾਂ ਤੈਨੂੰ ਵਪਾਰ ਦਾ ਕੰਮ ਸਿਖਾ ਦਿਆਂ। ਤੂੰ ਕੱਲ੍ਹ ਹੀ ਵਪਾਰੀਆਂ ਦੇ ਇੱਕ ਕਾਫ਼ਲੇ ਨਾਲ ਚਲਾ ਜਾ। ਮੈਂ ਤੈਨੂੰ ਸੌ ਅਸ਼ਰਫ਼ੀਆਂ ਦਿੰਦਾ ਹਾਂ। ਕਿਸੇ ਦੂਜੇ ਸ਼ਹਿਰ ਵਿੱਚ ਜਾ ਕੇ ਤੂੰ ਇਸ ਰਕਮ ਨੂੰ ਫ਼ਜ਼ੂਲ ਜਿਹੀਆਂ ਚੀਜ਼ਾਂ ਉਤੇ ਨਾ ਖਰਚ ਦੇਈਂ। ਇਸ ਨਾਲ ਚੰਗੀਆਂ ਚੰਗੀਆਂ ਚੀਜ਼ਾਂ ਖ਼ਰੀਦ ਲਈਂ ਤਾਂ ਕਿ ਉਨ੍ਹਾਂ ਨੂੰ ਇੱਥੇ ਲਿਆ ਕੇ ਚੰਗੇ ਭਾਅ ਵੇਚ ਸਕੇਂ।"

ਅਲੀ ਜਾਨ ਦੀ ਉਮਰ ਅਜੇ ਅਠਾਰਾਂ ਸਾਲ ਦੀ ਹੋਈ ਸੀ। ਉਹ ਬੜਾ ਨੇਕ, ਹੁਸ਼ਿਆਰ ਅਤੇ ਸਮਝਦਾਰ ਲੜਕਾ ਸੀ। ਵਪਾਰ ਦਾ ਉਸ ਨੂੰ ਕੋਈ ਸ਼ੌਕ ਨਹੀਂ ਸੀ। ਉਸ ਦੀ ਇੱਛਾ ਸੀ ਕਿ ਉਹ ਕੋਈ ਅਜਿਹਾ ਹੁਨਰ ਸਿੱਖ ਲਏ ਜਿਸ ਨਾਲ ਆਪਣੀਆਂ ਬਾਹਾਂ ਦੇ ਜ਼ੋਰ ਉਤੇ ਜ਼ਿੰਦਗੀ ਗੁਜ਼ਾਰ ਸਕੇ।

ਲੇਕਿਨ ਜਦੋਂ ਉਸ ਦੇ ਬੁੱਢੇ ਬਾਪ ਨੇ ਵਪਾਰ ਦਾ ਕੰਮ ਅਪਣਾਉਣ ਨੂੰ ਕਿਹਾ ਤਾਂ ਉਸ ਨਾਲ ਬਹਿਸ ਕਰਨ ਦੀ ਉਸ ਦੀ ਹਿੰਮਤ ਨਾ ਪਈ। ਮੁਕਦੀ ਗੱਲ, ਉਸ ਨੇ ਅਸ਼ਰਫ਼ੀਆਂ ਲੈ ਲਈਆਂ ਤੇ ਅਗਲੇ ਹੀ ਦਿਨ ਵਪਾਰੀਆਂ ਦੇ ਇੱਕ ਕਾਫ਼ਲੇ ਨਾਲ ਸਫ਼ਰ ਉਤੇ ਚੱਲ ਪਿਆ।

ਕਈ ਦਿਨਾਂ ਮਗਰੋਂ ਵਪਾਰੀਆਂ ਦਾ ਇਹ ਕਾਫ਼ਲਾ ਇੱਕ ਸ਼ਹਿਰ ਵਿੱਚ ਪਹੁੰਚਿਆ ਅਤੇ ਇੱਕ ਕਾਰਵਾਂ-ਸਰਾਂ ਵਿੱਚ ਠਹਿਰਿਆ। ਉਸ ਸ਼ਹਿਰ ਵਿੱਚ ਇੱਕ ਵੱਡਾ ਸਾਰਾ ਪਾਰਕ ਸੀ। ਉਸੇ ਰਾਤ ਅਲੀ ਜਾਨ ਉਸ ਪਾਰਕ ਦੀ ਸੈਰ ਕਰਨ ਗਿਆ ਅਤੇ ਉਥੇ ਪਹੁੰਚਿਆ ਤਾਂ ਕੀ ਦੇਖਦਾ ਹੈ ਕਿ ਹਜ਼ਾਰਾਂ ਬਲਬ ਜਗਮਗਾ ਰਹੇ ਹਨ। ਸਾਰਾ ਪਾਰਕ ਦਿਨ ਦੀ ਤਰ੍ਹਾਂ ਚਮਕ ਰਿਹਾ ਹੈ। ਇੱਕ ਪਾਸੇ ਦਰਖ਼ਤਾਂ ਹੇਠ ਇੱਕ ਇਮਾਰਤ ਹੈ, ਜੋ ਚਾਰੇ ਪਾਸਿਓਂ ਖੁੱਲ੍ਹੀ ਹੋਈ ਹੈ। ਉਸ ਦਾ ਫ਼ਰਸ਼ ਮਰ-ਮਰ ਦਾ ਹੈ ਅਤੇ ਕਈ ਉੱਚੇ-ਉੱਚੇ ਤੇ ਮੋਟੇ-ਮੋਟੇ ਥਮ੍ਹਲੇ ਛੱਤ ਨੂੰ ਸਹਾਰਾ ਦੇਈ ਖੜ੍ਹੇ ਹਨ। ਛੱਤ ਵਿੱਚ ਵੱਖ-ਵੱਖ ਰੰਗਾਂ ਵਿੱਚ ਚਿੱਤਰ ਬਣੇ ਹੋਏ ਹਨ। ਫ਼ਰਸ਼ ਉਤੇ ਕਾਲੀਨ ਵਿਛਿਆ ਹੈ ਅਤੇ ਉਸ ਉਤੇ ਥਾਂ-ਥਾਂ ਸੋਨੇ, ਚਾਂਦੀ ਅਤੇ ਲਾਲਾਂ ਨਾਲ ਜੜੀਆਂ ਛੋਟੀਆਂ-ਛੋਟੀਆਂ ਮੇਜ਼ਾਂ ਰੱਖੀਆਂ ਹੋਈਆਂ ਹਨ, ਜਿਨ੍ਹਾਂ ਉਤੇ ਜਵਾਹਰਾਤ ਦੀਆਂ ਬਣੀਆਂ ਹੋਈਆਂ ਵੱਖ-ਵੱਖ ਸ਼ਕਲਾਂ ਦੀਆਂ ਛੋਟੀਆਂ-ਛੋਟੀਆਂ ਚੀਜ਼ਾਂ ਚਿਣੀਆਂ ਹੋਈਆਂ ਹਨ। ਇੱਕੋ ਜਿਹੇ ਕਪੜੇ

ਪਹਿਨੇ ਹੋਏ ਕੋਈ ਸੌ ਤੋਂ ਜ਼ਿਆਦਾ ਨੌਜਵਾਨ ਦੋ-ਦੋ ਦੀਆਂ ਟੋਲੀਆਂ ਵਿੱਚ ਵੰਡੇ ਹੋਏ ਮੇਜ਼ਾਂ ਦੁਆਲੇ ਬੈਠੇ ਹਨ ਅਤੇ ਉਨ੍ਹਾਂ ਚਿਣੀਆਂ ਹੋਈਆਂ ਚੀਜ਼ਾਂ ਨੂੰ ਇੱਧਰ-ਉੱਧਰ ਸਰਕਾ ਰਹੇ ਹਨ। ਲੋਹੇ ਦੀਆਂ ਸਲਾਖਾਂ ਦੇ ਬਣੇ ਹੋਏ ਇੱਕ ਜੰਗਲੇ ਰਾਹੀਂ ਇਹ ਜਗ੍ਹਾ ਬਾਕੀ ਪਾਰਕ ਤੋਂ ਅਲੱਗ ਕਰ ਦਿੱਤੀ ਗਈ ਸੀ।

ਅਲੀ ਜਾਨ ਜੰਗਲੇ ਕੋਲ ਖੜ੍ਹਾ ਹੋ ਕੇ ਬੜੀ ਹੈਰਾਨੀ ਨਾਲ ਇਹ ਤਮਾਸ਼ਾ ਦੇਖਣ ਲੱਗਿਆ। ਕਈ ਘੰਟੇ ਲੰਘ ਗਏ, ਲੇਕਿਨ ਬੁੱਤ ਬਣਿਆ ਖੜ੍ਹਾ ਅਲੀ ਜਾਨ ਅਜੀਬੋ-ਗ਼ਰੀਬ ਤਮਾਸ਼ਾ ਦੇਖਦਾ ਰਿਹਾ।

ਅੰਤ ਵਿੱਚ ਪਾਰਕ ਦੀ ਦੇਖ-ਭਾਲ ਕਰਨ ਵਾਲੇ ਇੱਕ ਆਦਮੀ ਨੇ ਉਸ ਨੂੰ ਦੇਖ ਲਿਆ ਅਤੇ ਉਸ ਦੇ ਕੋਲ ਆ ਕੇ ਪੁੱਛਿਆ:

"ਸਾਹਬਜ਼ਾਦੇ! ਤੁਸੀਂ ਇੱਥੇ ਕਿਉਂ ਖੜ੍ਹੇ ਹੋ? ਆਖ਼ਰ ਕਿਹੜੀ ਗੱਲ 'ਤੇ ਹੈਰਾਨ ਹੋ ਰਹੇ ਹੋ?

"ਇਹ ਲੋਕ ਕੌਣ ਹਨ ਅਤੇ ਕੀ ਕਰ ਰਹੇ ਹਨ?" ਅਲੀ ਜਾਨ ਨੇ ਜੋਸ਼ ਨਾਲ ਪੁੱਛਿਆ।

"ਇਹ ਨੌਜਵਾਨ ਲੋਕ ਪੂਰੇ ਇੱਕ ਮਹੀਨੇ ਤੋਂ ਸ਼ਤਰੰਜਬਾਜ਼ੀ ਦੀ ਕਲਾ ਸਿੱਖ ਰਹੇ ਹਨ।" ਉਸ ਆਦਮੀ ਨੇ ਦੱਸਿਆ।

"ਕੀ ਮੈਂ ਵੀ ਇਸ ਦਰਗਾਹ ਵਿੱਚ ਦਾਖ਼ਲ ਹੋ ਸਕਦਾ ਹਾਂ? ਇਸ ਦਾ ਤਰੀਕਾ ਕੀ ਹੈ?" ਅਲੀ ਜਾਨ ਨੇ ਪੁੱਛਿਆ।

ਉਸ ਆਦਮੀ ਨੇ ਜਵਾਬ ਦਿੱਤਾ:

"ਸੌ ਅਸ਼ਰਫ਼ੀਆਂ ਦੇਣੀਆਂ ਪੈਣਗੀਆਂ ਤੇ ਬਸ।"

ਸੌ ਅਸ਼ਰਫ਼ੀਆਂ ਦੇ ਕੇ ਅਲੀ ਜਾਨ ਸ਼ਤਰੰਜਬਾਜ਼ੀ ਦੇ ਸਕੂਲ ਵਿੱਚ ਦਾਖ਼ਲ ਹੋ ਗਿਆ। ਥੋੜ੍ਹੇ ਹੀ ਦਿਨਾਂ ਵਿੱਚ ਉਹ ਸ਼ਤਰੰਜ ਖੇਡਣ ਵਿੱਚ ਇੰਨਾ ਮਾਹਰ ਹੋ ਗਿਆ ਕਿ ਉਸਤਾਦਾਂ ਤੋਂ ਵੀ ਅੱਗੇ ਨਿਕਲਣ ਲੱਗਾ। ਇੱਕ ਸਾਲ ਬਾਅਦ ਸ਼ਤਰੰਜਬਾਜ਼ੀ ਦੀ ਸਿਖਲਾਈ ਪੂਰੀ ਹੋ ਗਈ ਅਤੇ ਨੌਜਵਾਨ ਸਕੂਲ ਛੱਡ ਕੇ ਆਪਣੇ-ਆਪਣੇ ਘਰਾਂ ਨੂੰ ਜਾਣ ਲੱਗੇ। ਅਲੀ ਜਾਨ ਉਦਾਸ ਹੋ ਕੇ ਸੋਚਣ ਲੱਗਾ ਕਿ ਹੁਣ ਮੈਂ ਬਿਨਾਂ ਪੈਸਿਆਂ ਦੇ ਕਿੱਥੇ ਜਾਵਾਂਗਾ। ਉਸਤਾਦ ਨੂੰ ਉਸ ਉੱਪਰ ਰਹਿਮ ਆ ਗਿਆ ਤੇ ਉਸ ਨੇ ਇਕ ਅਸ਼ਰਫ਼ੀ ਦੇ ਕੇ ਉਸ ਨੂੰ ਇੱਕ ਕਾਫ਼ਲੇ ਨਾਲ ਘਰ ਨੂੰ ਤੋਰ ਦਿੱਤਾ।

ਅਲੀ ਜਾਨ ਖ਼ਾਲੀ ਹੱਥ ਘਰ ਪਰਤ ਆਇਆ, ਜਿਸ ਕਰਕੇ ਉਸ ਦੇ ਬਾਪ ਨੂੰ ਬੜਾ ਦੁੱਖ ਹੋਇਆ।

ਉਸ ਤੋਂ ਬਾਅਦ ਇੱਕ ਸਾਲ ਲੰਘ ਗਿਆ। ਇੱਕ ਦਿਨ ਬਾਪ ਨੇ ਅਲੀ ਜਾਨ ਨੂੰ ਫਿਰ ਆਪਣੇ ਕੋਲ ਬੁਲਾਇਆ। ਉਸ ਨੇ ਬੇਟੇ ਨੂੰ ਬਹੁਤ ਸਾਰੀਆਂ ਨਸੀਹਤਾਂ ਕੀਤੀਆਂ ਤੇ ਸੌ ਅਸ਼ਰਫ਼ੀਆਂ ਦੇ ਕੇ ਉਸ ਨੂੰ ਸੁਦਾਗਰਾਂ ਦੇ ਇੱਕ ਕਾਫ਼ਲੇ

ਨਾਲ ਭੇਜ ਦਿੱਤਾ।

ਸੁਦਾਗਰਾਂ ਦਾ ਇਹ ਕਾਫ਼ਲਾ ਫਿਰ ਉਸੇ ਸ਼ਹਿਰ ਵਿੱਚ ਆਇਆ। ਅਲੀ ਜਾਨ ਨੇ ਦਿਲ ਵਿੱਚ ਇਹ ਧਾਰ ਲਈ ਕਿ ਹੁਣ ਅਸ਼ਰਫ਼ੀਆਂ ਬੇਕਾਰ ਦੀਆਂ ਗੱਲਾਂ ਵਿੱਚ ਖ਼ਰਚ ਨਹੀਂ ਕਰਾਂਗਾ।

ਉਸੇ ਦਿਨ ਸ਼ਾਮ ਨੂੰ ਉਹ ਸ਼ਹਿਰ ਦੀ ਸੈਰ ਕਰਨ ਨਿਕਲਿਆ। ਘੁੰਮਦੇ ਫਿਰਦੇ ਉਹ ਉਸੇ ਪਾਰਕ ਤੱਕ ਪਹੁੰਚਿਆ। ਪਾਰਕ ਦੇ ਅੰਦਰੋਂ ਕੋਈ ਪਿਆਰਾ ਜਿਹਾ ਗੀਤ ਸੁਣਾਈ ਦੇ ਰਿਹਾ ਸੀ। ਅੰਦਰ ਜਾਣ ਉਤੇ ਅਲੀ ਜਾਨ ਨੇ ਦੇਖਿਆ ਕਿ ਜਿਸ ਜਗ੍ਹਾ ਉਸ ਨੇ ਇੱਕ ਸਾਲ ਪਹਿਲਾਂ ਸ਼ਤਰੰਜਬਾਜ਼ੀ ਦੀ ਕਲਾ ਸਿੱਖੀ ਸੀ, ਬਹੁਤ ਸਾਰੇ ਨੌਜਵਾਨ ਬੈਠੇ ਵੱਖ-ਵੱਖ ਵਾਜੇ ਵਜਾਉਣਾ ਸਿੱਖ ਰਹੇ ਹਨ। ਉਸ ਨੇ ਉਸੇ ਵੇਲੇ ਆਪਣੇ ਬਾਪ ਦੀਆਂ ਸਾਰੀਆਂ ਨਸੀਹਤਾਂ ਭੁਲਾ ਦਿੱਤੀਆਂ। ਸੌ ਦੀਆਂ ਸੌ ਅਸ਼ਰਫ਼ੀਆਂ ਜੇਬ ਵਿੱਚੋਂ ਕੱਢ ਕੇ ਸਕੂਲ ਚਲਾਉਣ ਵਾਲਿਆਂ ਦੇ ਹਵਾਲੇ ਕਰ ਦਿੱਤੀਆਂ ਅਤੇ ਸਾਜ਼ ਵਜਾਉਣ ਦੇ ਸਬਕ ਲੈਣ ਲੱਗਿਆ। ਥੋੜ੍ਹੇ ਹੀ ਦਿਨਾਂ ਵਿੱਚ ਉਸ ਨੇ ਏਨੀ ਮੁਹਾਰਤ ਹਾਸਲ ਕਰ ਲਈ ਕਿ ਆਪਣੇ ਉਸਤਾਦਾਂ ਤੋਂ ਵੀ ਅੱਗੇ ਨਿਕਲ ਗਿਆ।

ਇੱਕ ਸਾਲ ਮਗਰੋਂ ਜਦੋਂ ਸਿਖਲਾਈ ਖ਼ਤਮ ਹੋਈ ਅਤੇ ਸਕੂਲ ਬੰਦ ਹੋ ਗਿਆ ਤਾਂ ਅਲੀ ਜਾਨ ਉਦਾਸ ਹੋ ਕੇ ਸੋਚਣ ਲੱਗਾ ਕਿ ਹੁਣ ਘਰ ਪਿਤਾ ਜੀ ਕੋਲ ਕੀ ਮੂੰਹ ਲੈ ਕੇ ਜਾਵਾਂਗਾ ਤੇ ਪੈਸਿਆਂ ਬਗ਼ੈਰ ਪਹੁੰਚ ਵੀ ਕਿਵੇਂ ਸਕਾਂਗਾ ਲੇਕਿਨ ਉਸ ਉਤੇ ਰਹਿਮ ਖਾ ਕੇ ਉਸਤਾਦ ਨੇ ਉਸ ਨੂੰ ਦੋ ਅਸ਼ਰਫ਼ੀਆਂ ਦੇ ਦਿੱਤੀਆਂ ਅਤੇ ਉਸ ਨੂੰ ਵਪਾਰੀਆਂ ਦੇ ਇੱਕ ਕਾਫ਼ਲੇ ਨਾਲ ਘਰ ਨੂੰ ਭੇਜ ਦਿੱਤਾ।

ਅਲੀ ਜਾਨ ਵਾਪਸ ਘਰ ਆ ਗਿਆ। ਉਸ ਦੇ ਪਰਤ ਆਉਣ 'ਤੇ ਉਸ ਦਾ ਬਾਪ ਖ਼ੁਸ਼ ਤਾਂ ਹੋਇਆ, ਲੇਕਿਨ ਬੇਟੇ ਨੂੰ ਫਿਰ ਖਾਲੀ ਹੱਥ ਦੇਖ ਕੇ ਬੁੱਢੇ ਨੂੰ ਬਹੁਤ ਗ਼ੁੱਸਾ ਆਇਆ ਅਤੇ ਉਸ ਨੇ ਬੇਟੇ ਨੂੰ ਖ਼ੂਬ ਝਿੜਕਿਆ।

ਇੱਕ ਸਾਲ ਹੋਰ ਲੰਘ ਗਿਆ। ਬੁੱਢੇ ਨੇ ਆਪਣੀਆਂ ਬਚੀਆਂ-ਖੁਚੀਆਂ ਸੌ ਅਸ਼ਰਫ਼ੀਆਂ ਬੇਟੇ ਨੂੰ ਦੇ ਕੇ ਉਸ ਨੂੰ ਕਿਹਾ:

"ਦੇਖ ਪੁੱਤਰਾ, ਜੇ ਤੂੰ ਇਨ੍ਹਾਂ ਸੌ ਅਸ਼ਰਫ਼ੀਆਂ ਨੂੰ ਵੀ ਇੱਧਰ-ਉੱਧਰ ਉਡਾ ਦਿੱਤਾ ਤਾਂ ਅਸੀਂ ਬਿਲਕੁਲ ਕੰਗਾਲ ਹੋ ਜਾਵਾਂਗੇ। ਰੋਟੀ ਦੇ ਇੱਕ-ਇੱਕ ਟੁਕੜੇ ਨੂੰ ਤਰਸਾਂਗੇ। ਬੇਘਰ ਹੋ ਕੇ ਸੜਕਾਂ ਦੀ ਧੂੜ ਫੱਕਦੇ ਫਿਰਾਂਗੇ।"

ਅਲੀ ਜਾਨ ਨੇ ਸਹੁੰ ਖਾ ਕੇ ਕਿਹਾ:

"ਹੁਣ ਮੈਂ ਫ਼ਜ਼ੂਲ ਖ਼ਰਚੀ ਨਹੀਂ ਕਰਾਂਗਾ। ਸਾਰੀ ਰਕਮ ਨਾਲ ਚੰਗਾ ਜਿਹਾ ਮਾਲ ਖ਼ਰੀਦ ਕੇ ਲਿਆਵਾਂਗਾ।"

ਬੁੱਢੇ ਨੂੰ ਕੁਝ ਤਸੱਲੀ ਹੋਈ ਅਤੇ ਉਸ ਨੇ ਅਲੀ ਜਾਨ ਨੂੰ ਇੱਕ ਕਾਫ਼ਲੇ ਨਾਲ ਭੇਜ ਦਿੱਤਾ।

ਅਲੀ ਜਾਨ ਫਿਰ ਉਸੇ ਵੱਡੇ ਸ਼ਹਿਰ ਵਿੱਚ ਪਹੁੰਚਿਆ। ਉਥੇ ਉਹ ਸਭ ਤੋਂ ਪਹਿਲੇ ਹਮਾਮ ਵਿੱਚ ਵੜਿਆ ਤਾਂ ਕਿ ਰਾਹ ਦਾ ਸਾਰਾ ਮਿੱਟੀ ਘੱਟਾ ਆਪਣੇ ਸਰੀਰ ਤੋਂ ਧੋ ਦੇਵੇ।

ਹਮਾਮ ਤੋਂ ਮੁੜਦੇ ਸਮੇਂ ਜਦੋਂ ਜਾਣੇ ਪਛਾਣੇ ਬਾਗ਼ੋ ਕੋਲੋਂ ਲੰਘਣ ਲੱਗਾ ਤਾਂ ਉਸ ਨੇ ਸੋਚਿਆ ਕਿ ਚਲੋ, ਇੱਕ ਨਜ਼ਰ ਬਾਗ਼ ਨੂੰ ਦੇਖ ਲਈਏ। ਬਸ ਫਿਰ ਕੀ ਸੀ। ਉਸ ਨੇ ਆਪਣੇ ਆਪ ਨੂੰ ਬਾਗ਼ ਦੇ ਵਿਚਕਾਰ ਖੜ੍ਹਾ ਦੇਖਿਆ। ਉਥੇ ਦੇਖਦਾ ਹੈ ਕਿ ਉਸੇ ਮਰ-ਮਰ ਦੇ ਚਬੂਤਰੇ ਉਤੇ ਜਿੱਥੇ ਉਸ ਨੇ ਸ਼ਤਰੰਜ ਖੇਡਣਾ ਅਤੇ ਸਾਜ਼ ਵਜਾਉਣਾ ਸਿੱਖਿਆ ਸੀ, ਬਹੁਤ ਸਾਰੇ ਜਵਾਨ ਲੜਕੇ ਲਿਖਣ ਪੜ੍ਹਨ ਦਾ ਸਬਕ ਲੈ ਰਹੇ ਹਨ। ਉਸ ਨੇ ਸੋਚਿਆ: "ਸ਼ਤਰੰਜ ਅਤੇ ਵਾਜੇ ਵਜਾਉਣਾ ਤਾਂ ਮੈਂ ਸਿੱਖ ਗਿਆ ਹਾਂ, ਲੇਕਿਨ ਮੈਨੂੰ ਲਿਖਣਾ ਪੜ੍ਹਨਾ ਨਹੀਂ ਆਉਂਦਾ। ਭਾਵੇਂ ਕੰਗਾਲ ਹੀ ਕਿਉਂ ਨਾ ਹੋ ਜਾਵਾਂ ਮੈਂ ਲਿਖਣਾ ਪੜ੍ਹਨਾ ਜ਼ਰੂਰ ਸਿੱਖਾਂਗਾ।"

ਇਹ ਸੋਚ ਕੇ ਉਸ ਨੇ ਆਪਣੀਆਂ ਸੌ ਅਸ਼ਰਫ਼ੀਆਂ ਕੱਢ ਕੇ ਦੇ ਦਿੱਤੀਆਂ ਅਤੇ ਉਨ੍ਹਾਂ ਨਾਲ ਬੈਠ ਕੇ ਲਿਖਣਾ ਪੜ੍ਹਨਾ ਸਿੱਖਣ ਲੱਗਾ।

ਪਹਿਲਾਂ ਦੀ ਤਰ੍ਹਾਂ ਇਸ ਵਾਰ ਵੀ ਉਹ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਦਾ ਗਿਆ ਅਤੇ ਥੋੜ੍ਹੇ ਹੀ ਦਿਨਾਂ ਵਿੱਚ ਤਾਲੀਮ ਹਾਸਲ ਕਰ ਲਈ। ਲੇਕਿਨ ਇੱਕ ਵਾਰ ਫਿਰ ਉਹੋ ਸਵਾਲ ਖੜ੍ਹਾ ਹੋਇਆ ਕਿ ਪੈਸਿਆਂ ਬਿਨਾਂ ਹੁਣ ਕੀ ਕੀਤਾ ਜਾਏ। ਉਸਤਾਦ ਨੇ ਰਹਿਮ ਖਾ ਕੇ ਉਸ ਨੂੰ ਆਪਣੇ ਕੋਲੋਂ ਤਿੰਨ ਅਸ਼ਰਫ਼ੀਆਂ ਦਿੱਤੀਆਂ ਅਤੇ ਉਸ ਨੂੰ ਇੱਕ ਕਾਫ਼ਲੇ ਨਾਲ ਘਰ ਭੇਜ ਦਿੱਤਾ।

ਲੇਕਿਨ ਅਲੀ ਜਾਨ ਦੀ ਹੁਣ ਖ਼ਾਲੀ ਹੱਥ ਘਰ ਪਰਤਣ ਦੀ ਹਿੰਮਤ ਨਾ ਹੋਈ। ਇੱਕ ਸੁਦਾਗਰ ਦੂਰ ਦੇ ਕਿਸੇ ਸ਼ਹਿਰ ਨੂੰ ਜਾ ਰਿਹਾ ਸੀ ਅਤੇ ਆਪਣਾ ਸਾਰਾ ਸਮਾਨ ਊਠਾਂ ਉਤੇ ਲਦਵਾ ਚੁੱਕਿਆ ਸੀ। ਅਲੀ ਜਾਨ ਨੇ ਉਸ ਸੁਦਾਗਰ ਕੋਲ ਨੌਕਰੀ ਕਰ ਲਈ। ਮੂੰਹ ਹਨੇਰੇ ਕਾਫ਼ਲਾ ਚੱਲ ਪਿਆ। ਰਾਹੀ ਦਿਨ ਰਾਤ ਲਗਾਤਾਰ ਚਲਦੇ ਰਹੇ, ਪਰ ਕਿਤੇ ਪਾਣੀ ਦਿਖਾਈ ਨਾ ਦਿੱਤਾ। ਚਲਦੇ-ਚਲਦੇ ਆਖ਼ਰ ਉਹ ਇੱਕ ਖੂਹ ਤੱਕ ਪਹੁੰਚੇ। ਖੂਹ ਬਹੁਤ ਡੂੰਘਾ ਸੀ ਅਤੇ ਉਸ ਵਿੱਚ ਬਹੁਤ ਥੋੜ੍ਹਾ ਜਿਹਾ ਪਾਣੀ ਸੀ। ਆਪਣੇ ਮਾਲਕ ਦੇ ਕਹਿਣ ਉਤੇ ਅਲੀ ਜਾਨ ਕਿਸੇ ਤਰ੍ਹਾਂ ਉਸ ਖੂਹ ਵਿੱਚ ਹੇਠਾਂ ਉਤਰ ਗਿਆ। ਉਸ ਨੇ ਮਸ਼ਕ ਵਿੱਚ ਪਾਣੀ ਭਰ ਲਿਆ ਅਤੇ ਉਪਰ ਚੜ੍ਹਨ ਦੀ ਸੋਚ ਹੀ ਰਿਹਾ ਸੀ ਕਿ ਅਚਾਨਕ ਖੂਹ ਦੀ ਕੰਧ ਵਿੱਚ ਬਣੇ ਹੋਏ ਇੱਕ ਛੋਟੇ ਜਿਹੇ ਦਰਵਾਜ਼ੇ ਉਤੇ ਉਸ ਦੀ ਨਜ਼ਰ ਪਈ। ਉਸ ਨੇ ਮਸ਼ਕ ਉਥੇ ਹੀ ਰੱਖ ਦਿੱਤੀ ਅਤੇ ਦਰਵਾਜ਼ੇ ਨੂੰ ਥੋੜ੍ਹਾ ਜਿਹਾ ਖੋਲ੍ਹ ਕੇ ਅੰਦਰ ਝਾਕਿਆ। ਦੇਖਦਾ ਕੀ ਹੈ ਕਿ ਇੱਕ ਵੱਡਾ ਸਾਰਾ ਰੋਸ਼ਨੀ ਨਾਲ ਭਰਿਆ ਹੋਇਆ ਕਮਰਾ ਹੈ। ਫ਼ਰਸ਼ ਉਤੇ ਕਾਲੀਨ ਵਿਛਿਆ ਹੈ, ਜਿਸ ਉਤੇ ਇੱਕ ਬੁੱਢਾ ਆਦਮੀ

ਆਪਣਾ ਸਿਰ ਝੁਕਾਈ ਬਹੁਤ ਉਦਾਸ ਬੈਠਾ ਹੈ ਅਤੇ ਉਸ ਦੇ ਹੱਥ ਵਿੱਚ ਇੱਕ ਵਾਇਲਿਨ ਹੈ। ਇਹ ਸਭ ਦੇਖ ਕੇ ਅਲੀ ਜਾਨ ਜ਼ਰਾ ਵੀ ਨਾ ਘਬਰਾਇਆ। ਉਹ ਹੌਲੀ-ਹੌਲੀ ਬੁੱਢੇ ਕੋਲ ਗਿਆ ਅਤੇ ਉਸ ਦੇ ਹੱਥੋਂ ਵਾਇਲਿਨ ਲੈ ਕੇ ਉਸ ਨੂੰ ਵਜਾਉਣ ਲੱਗਿਆ। ਤਾਰਾਂ ਦੀ ਪਿਆਰੀ ਟੁਣਕਾਰ ਤੇ ਗੀਤ ਸੁਣ ਕੇ ਬੁੱਢੇ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਅਤੇ ਕਿਸੇ ਵੱਡੀ ਤਸੱਲੀ ਨਾਲ ਡੂੰਘਾ ਸਾਹ ਲਿਆ। ਉਸ ਨੇ ਇੱਧਰ-ਉੱਧਰ ਨਜ਼ਰ ਮਾਰੀ ਤੇ ਅਲੀ ਜਾਨ ਨੂੰ ਦੇਖਿਆ ਤਾਂ ਗੋਡਿਆਂ ਦੇ ਭਾਰ ਚਲਦਾ ਹੋਇਆ ਉਸ ਦੇ ਕੋਲ ਆਇਆ ਅਤੇ ਉਸ ਦੇ ਸਿਰ ਉਪਰ ਪਿਆਰ ਨਾਲ ਹੱਥ ਫੇਰਦੇ ਹੋਏ ਉਸ ਨੂੰ ਪੁੱਛਿਆ:

"ਐ ਆਦਮ ਜ਼ਾਤ! ਤੂੰ ਇੱਥੇ ਕਿਵੇਂ ਆ ਗਿਆ?"

ਅਲੀ ਜਾਨ ਨੇ ਉਸ ਨੂੰ ਸਾਰਾ ਕਿੱਸਾ ਕਹਿ ਸੁਣਾਇਆ। ਫਿਰ ਉਸ ਨੂੰ ਕਾਫ਼ਲਾ ਯਾਦ ਆ ਗਿਆ ਤੇ ਉਹ ਜਾਣ ਲੱਗਿਆ। ਬੁੱਢੇ ਨੇ ਉਸ ਨੂੰ ਰੋਕ ਕੇ ਕਿਹਾ:

"ਤੇਰੀ ਸਭ ਤੋਂ ਵੱਡੀ ਇੱਛਾ ਕੀ ਹੈ? ਮੈਂ ਤੇਰੀ ਖਾਤਰ ਸਭ ਕੁਝ ਕਰਨ ਨੂੰ ਤਿਆਰ ਹਾਂ।"

ਅਲੀ ਜਾਨ ਬੁੱਢੇ ਵੱਲ ਬੜੀ ਹੈਰਾਨੀ ਨਾਲ ਵੇਖਣ ਲੱਗਿਆ।

"ਮੇਰਾ ਇਕਲੌਤਾ ਬੇਟਾ ਮਰ ਗਿਆ ਹੈ" ਬੁੱਢੇ ਨੇ ਦੱਸਿਆ, "ਪੰਜ ਦਿਨ ਹੋਏ ਉਹ ਮੈਨੂੰ ਇਕੱਲਾ ਛੱਡ ਕੇ ਇਸ ਦੁਨੀਆਂ ਤੋਂ ਚਲਾ ਗਿਆ ਹੈ। ਮੈਂ ਗ਼ਮ ਵਿੱਚ ਡੁੱਬਿਆ ਖੁਦ ਵੀ ਮਰਨ ਨੂੰ ਤਿਆਰ ਹੋ ਗਿਆ। ਕਿਸੇ ਤਰ੍ਹਾਂ ਆਪਣਾ ਗ਼ਮ ਦੂਰ ਕਰਨ ਲਈ ਮੈਂ ਵਾਇਲਿਨ ਚੁੱਕ ਲਈ। ਲੇਕਿਨ ਇਸ ਨੂੰ ਵਜਾਉਣਾ ਮੈਨੂੰ ਨਹੀਂ ਆਉਂਦਾ। ਜੇ ਤੂੰ ਥੋੜ੍ਹਾ ਦੇਰ ਨਾਲ ਆਉਂਦਾ ਤਾਂ ਮੇਰੀ ਜਾਨ ਨਿਕਲ ਗਈ ਹੁੰਦੀ। ਤੇਰੇ ਜਾਦੂ ਭਰੇ ਗੀਤ ਨੇ ਮੇਰੀ ਜਾਨ ਬਚਾ ਲਈ। ਤੂੰ ਚਾਹੇਂ ਤਾਂ ਮੇਰੀ ਸਾਰੀ ਦੌਲਤ ਲੈ ਸਕਦਾ ਹੈਂ।"

"ਬਸ ਖੂਹ ਵਿੱਚੋਂ ਬਾਹਰ ਨਿਕਲਣ ਵਿੱਚ ਮੇਰੀ ਮਦਦ ਕਰ ਦਿਓ। ਮੈਨੂੰ ਹੋਰ ਕੁਝ ਨਹੀਂ ਚਾਹੀਦਾ" ਅਲੀ ਜਾਨ ਨੇ ਕਿਹਾ।

ਉਸ ਨੇ ਫਿਰ ਇੱਕ ਵਾਰ ਵਾਇਲਿਨ ਵਜਾਈ। ਉਸ ਮਗਰੋਂ ਬੁੱਢੇ ਜਾਦੂਗਰ ਨੇ ਸੋਨੇ ਨਾਲ ਭਰਿਆ ਇੱਕ ਥੈਲਾ ਅਲੀ ਜਾਨ ਨੂੰ ਦੇ ਕੇ ਉਸ ਨੂੰ ਕਿਹਾ:

"ਆਪਣੀਆਂ ਅੱਖਾਂ ਬੰਦ ਕਰ।"

ਅਲੀ ਜਾਨ ਨੇ ਅੱਖਾਂ ਮੀਚ ਲਈਆਂ ਅਤੇ ਇੱਕ ਪਲ ਮਗਰੋਂ ਜਦੋਂ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਕਿ ਉਹ

ਉਪਰ ਜ਼ਮੀਨ ‘ਤੇ ਖੜ੍ਹਾ ਹੈ ਅਤੇ ਕਾਫ਼ਲਾ ਗ਼ਾਇਬ ਹੈ। ਉਹ ਕਦਮਾਂ ਦੇ ਨਿਸ਼ਾਨ ਦੇਖਦਾ ਹੋਇਆ ਚੱਲ ਪਿਆ ਅਤੇ ਕਾਫ਼ਲੇ ਤੱਕ ਪਹੁੰਚ ਗਿਆ। ਸਾਰੇ ਬੜੇ ਹੈਰਾਨ ਹੋਏ ਅਤੇ ਪੁੱਛਣ ਲੱਗੇ ਕਿ ਤੂੰ ਖੂਹ ਵਿੱਚੋਂ ਬਾਹਰ ਕਿਵੇਂ ਨਿਕਲ ਆਇਆ? ਅਲੀ ਜਾਨ ਨੇ ਸਾਰਾ ਹਾਲ ਸੁਣਾ ਦਿੱਤਾ ਅਤੇ ਜਾਦੂਗਰ ਦਾ ਦਿੱਤਾ ਹੋਇਆ ਸੋਨੇ ਨਾਲ ਭਰਿਆ ਥੈਲਾ ਉਨ੍ਹਾਂ ਨੂੰ ਦਿਖਾਇਆ।

ਕਾਫ਼ਲਾ ਅਰਾਮ ਕਰਨ ਲਈ ਇੱਕ ਥਾਂ ਰੁਕਿਆ ਤਾਂ ਕਾਫ਼ਲੇ ਦੇ ਮਾਲਕ ਦੇ ਦਿਲ ਵਿੱਚ ਬੇਈਮਾਨੀ ਆ ਗਈ। ਉਸ ਨੇ ਕਾਗ਼ਜ਼ ਕਲਮ ਕੱਢ ਕੇ ਇੱਕ ਖ਼ਤ ਲਿਖਿਆ। ਉਸ ਨੂੰ ਇੱਕ ਲਿਫ਼ਾਫ਼ੇ ਵਿੱਚ ਬੰਦ ਕਰ ਕੇ, ਲਿਫ਼ਾਫ਼ਾ ਅਲੀ ਜਾਨ ਨੂੰ ਦਿੰਦੇ ਹੋਏ ਉਸ ਨੂੰ ਕਿਹਾ:

“ਮੇਰੀ ਇੱਕ ਬੇਟੀ ਹੈ, ਜੋ ਬਹੁਤ ਹੀ ਖ਼ੂਬਸੂਰਤ ਹੈ। ਮੈਂ ਉਸ ਦਾ ਤੇਰੇ ਨਾਲ ਵਿਆਹ ਕਰ ਦਿਆਂਗਾ। ਤੂੰ ਜਲਦੀ ਨਾਲ ਮੇਰੇ ਘਰ ਚਲਾ ਜਾ ਤੇ ਮੇਰੇ ਪਹੁੰਚਣ ਤੱਕ ਸ਼ਾਦੀ ਦੀ ਤਿਆਰੀ ਪੂਰੀ ਕਰ ਲੈ। ਪਰ ਦੇਖ, ਆਪਣਾ ਸੋਨੇ ਦਾ ਥੈਲਾ ਸੰਭਾਲ ਕੇ ਰੱਖਣਾ। ਤਿੰਨ ਦਿਨਾਂ ਦੇ ਅੰਦਰ ਮੈਂ ਘਰ ਪਹੁੰਚ ਜਾਵਾਂਗਾ।”

ਉਸ ਨੇ ਅਲੀ ਜਾਨ ਨੂੰ ਇੱਕ ਚੰਗਾ ਜਿਹਾ ਘੋੜਾ ਦੇ ਦਿੱਤਾ ਅਤੇ ਰਾਹ ਦੱਸ ਦਿੱਤਾ। ਅਲੀ ਜਾਨ ਘੋੜੇ ਉਤੇ ਸਵਾਰ ਹੋ ਕੇ ਚਲਾ ਗਿਆ।

ਅਲੀ ਜਾਨ ਬਹੁਤ ਦੇਰ ਤੱਕ ਬਿਨਾਂ ਰੁਕੇ ਚਲਦਾ ਗਿਆ। ਫਿਰ ਇੱਕ ਥਾਂ ਰੁਕ ਕੇ ਅਰਾਮ ਕਰਨ ਲੱਗਿਆ। ਬੈਠੇ-ਬੈਠੇ ਉਸ ਨੇ ਸੋਚਿਆ ਕਿ ਮੈਂ ਅਸ਼ਰਫ਼ੀਆਂ ਦੇ ਕੇ ਲਿਖਣਾ ਪੜ੍ਹਨਾ ਸਿਖਿਆ ਹੈ। ਜ਼ਰਾ ਪੜ੍ਹ ਕੇ ਦੇਖਾਂ ਕਿ ਖ਼ਤ ਵਿੱਚ ਕੀ ਲਿਖਿਆ ਹੈ। ਇਹ ਸੋਚ ਕੇ ਉਸ ਨੇ ਖ਼ਤ ਕੱਢਿਆ ਅਤੇ ਉਸ ਨੂੰ ਖੋਲ੍ਹ ਕੇ ਪੜ੍ਹਨ ਲੱਗਿਆ। ਖ਼ਤ ਨੂੰ ਪੜ੍ਹਿਆ ਸਾਰ ਉਹ ਘਬਰਾ ਗਿਆ। ਖ਼ਤ ਵਿੱਚ ਲਿਖਿਆ ਸੀ:

“ਮੇਰੀ ਅੱਛੀ ਘਰਵਾਲੀ! ਮੈਂ ਸੋਨੇ ਨਾਲ ਭਰਿਆ ਹੋਇਆ ਇੱਕ ਥੈਲਾ ਤੈਨੂੰ ਭੇਜ ਰਿਹਾ ਹਾਂ। ਉਹ ਇਸ ਨੌਕਰ ਦੇ ਕੋਲ ਹੈ। ਧੋਖਾ ਦੇਣ ਲਈ ਮੈਂ ਇਸ ਨੂੰ ਕਿਹਾ ਹੈ ਕਿ ਤੇਰੇ ਨਾਲ ਆਪਣੀ ਬੇਟੀ ਦੀ ਸ਼ਾਦੀ ਕਰ ਦਿਆਂਗਾ। ਤੂੰ ਇਸ ਦਾ ਸਿਰ ਫ਼ੌਰਨ ਕਟਵਾ ਦੇਣਾ। ਸਲਾਮ ਦੇ ਨਾਲ ਤੇਰਾ ਘਰਵਾਲਾ।”

ਅਲੀ ਜਾਨ ਨੇ ਇਹ ਖ਼ਤ ਪਾੜ ਕੇ ਸੁੱਟ ਦਿੱਤਾ ਅਤੇ ਉਸ ਦੇ ਬਦਲੇ ਇੱਕ ਦੂਜਾ ਖ਼ਤ ਲਿਖਿਆ, ਜੋ ਇਸ ਤਰ੍ਹਾਂ ਸੀ:

“ਮੇਰੀ ਅੱਛੀ ਬੇਗਮ! ਇਸ ਪਿਆਰੇ ਮਹਿਮਾਨ ਦਾ ਖ਼ੂਬ ਚੰਗੀ ਤਰ੍ਹਾਂ ਸਵਾਗਤ ਕਰਨਾ ਅਤੇ ਇਸ ਦੇ ਨਾਲ ਆਪਣੀ ਬੇਟੀ ਦਾ ਵਿਆਹ ਕਰ ਦੇਣਾ। ਮੇਰੇ ਆਉਣ ਦੀ ਉਡੀਕ ਕੀਤੇ ਬਿਨਾਂ ਸ਼ਾਦੀ ਫ਼ੌਰਨ ਕਰ ਦੇਣਾ। ਸਲਾਮ ਦੇ ਨਾਲ ਤੇਰਾ ਘਰਵਾਲਾ।”

ਅਲੀ ਜਾਨ ਨੇ ਇਸ ਖ਼ਤ ਨੂੰ ਲਿਫ਼ਾਫ਼ੇ ਵਿੱਚ ਬੰਦ ਕਰ ਕੇ ਜੇਬ ਵਿੱਚ ਪਾ ਲਿਆ ਅਤੇ ਅੱਗੇ ਚੱਲ ਪਿਆ। ਉਹ ਉਸ ਸ਼ਹਿਰ ਪਹੁੰਚਿਆ। ਉਸ ਸੁਦਾਗਰ ਦਾ ਘਰ ਲੱਭ ਲਿਆ। ਆਪਣੇ ਕੋਲੋਂ ਲਿਖਿਆ ਖ਼ਤ ਉਸ ਦੀ ਘਰਵਾਲੀ ਦੇ ਹਵਾਲੇ ਕਰ ਦਿੱਤਾ। ਖ਼ਤ ਪੜ੍ਹ ਕੇ ਸੁਦਾਗਰ ਦੀ ਘਰਵਾਲੀ ਨੇ ਆਉਣ ਵਾਲੇ ਮਹਿਮਾਨ ਦਾ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਉਸ ਦੀ ਦਿਲ ਖੋਲ੍ਹ ਕੇ ਖ਼ਾਤਰਦਾਰੀ ਕੀਤੀ। ਅਗਲੇ ਹੀ ਦਿਨ ਸੁਦਾਗਰ ਦੀ ਘਰਵਾਲੀ ਨੇ ਬੜੀ ਧੂਮ-ਧਾਮ ਨਾਲ ਅਲੀ ਜਾਨ ਨਾਲ ਆਪਣੀ ਬੇਟੀ ਦਾ ਵਿਆਹ ਕਰ ਦਿੱਤਾ।

ਤੀਜੇ ਦਿਨ ਸਵੇਰ ਹੁੰਦਿਆਂ ਹੀ ਅਲੀ ਜਾਨ ਆਪਣੇ ਘੋੜੇ ਉਤੇ ਸਵਾਰ ਹੋ ਕੇ ਚਲਾ ਗਿਆ। ਜਾਂਦੇ ਸਮੇਂ ਉਸ ਨੇ ਨੌਕਰਾਂ ਨੂੰ ਹਦਾਇਤ ਦਿੱਤੀ:

"ਮੈਂ ਵਪਾਰ ਦੇ ਸਿਲਸਲੇ ਵਿੱਚ ਬਾਹਰ ਜਾ ਰਿਹਾ ਹਾਂ। ਰਾਤ ਨੂੰ ਕੋਈ ਵੀ ਆਏ ਤਾਂ ਦਰਵਾਜ਼ਾ ਨਾ ਖੋਲ੍ਹਣਾ। ਜੇ ਕੋਈ ਕੰਧ ਟੱਪ ਕੇ ਅੰਦਰ ਆ ਜਾਏ ਤਾਂ ਉਸ ਨੂੰ ਫੜ ਲੈਣਾ ਅਤੇ ਕੁੱਟ ਕੁੱਟ ਕੇ ਉਸ ਦਾ ਕਚੂਮਰ ਕੱਢ ਦੇਣਾ। ਤੁਹਾਡੇ ਮਾਲਕ ਦਾ ਇਹੋ ਹੀ ਹੁਕਮ ਹੈ।"

ਰਾਤ ਨੂੰ ਸੁਦਾਗਰ ਆਪਣੇ ਕਾਫ਼ਲੇ ਨਾਲ ਆਪਣੇ ਘਰ ਆ ਪਹੁੰਚਿਆ ਅਤੇ ਦਰਵਾਜ਼ਾ ਖੜਕਾਇਆ। ਬੜੀ ਦੇਰ ਤੱਕ ਉਹ ਦਰਵਾਜ਼ਾ ਖੜਕਾਉਂਦਾ ਰਿਹਾ ਲੇਕਿਨ ਦਰਵਾਜ਼ਾ ਨਾ ਖੁੱਲ੍ਹਣਾ ਸੀ, ਨਾ ਖੁੱਲ੍ਹਿਆ। ਤਦ ਸੁਦਾਗਰ ਮਜਬੂਰਨ ਕੰਧ ਟੱਪ ਕੇ ਅੰਦਰ ਵਿਹੜੇ ਵਿੱਚ ਆ ਗਿਆ। ਉਧਰ ਨੌਕਰ ਇਸੇ ਝਾਕ ਵਿੱਚ ਬੈਠੇ ਸਨ। ਉਨ੍ਹਾਂ ਨੇ ਫ਼ੌਰਨ ਉਸ ਨੂੰ ਫੜ ਲਿਆ ਅਤੇ ਬਿਨਾਂ ਦੇਖੇ ਉਸ ਨੂੰ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿੱਤਾ। ਸੁਦਾਗਰ ਬਹੁਤ ਦੇਰ ਤੱਕ ਬੇਹੋਸ਼ ਪਿਆ ਰਿਹਾ। ਹੋਸ਼ ਆਈ ਤਾਂ ਉਹ ਕਿਸੇ ਤਰ੍ਹਾਂ ਆਪਣੇ ਕਮਰੇ ਤੱਕ ਪਹੁੰਚਿਆ। ਘਰਵਾਲੀ ਨੂੰ ਸਲਾਮ ਕਹੀ ਅਤੇ ਉਸ ਨੂੰ ਪੁੱਛਿਆ:

"ਕੋਈ ਮੇਰਾ ਖ਼ਤ ਲੈ ਕੇ ਆਇਆ ਸੀ? ਉਸ ਦਾ ਤੂੰ ਕੀ ਕੀਤਾ?"

"ਮੈਂ ਤੁਹਾਡਾ ਦਿੱਤਾ ਹੁਕਮ ਪੂਰਾ ਕਰ ਦਿੱਤਾ" ਘਰਵਾਲੀ ਨੇ ਜਵਾਬ ਦਿੱਤਾ।

"ਤੇ ਸੋਨੇ ਦਾ ਭਰਿਆ ਥੈਲਾ ਲੈ ਲਿਆ? ਕਿੱਥੇ ਹੈ ਉਹ?" ਸੁਦਾਗਰ ਨੇ ਜਾਣਨਾ ਚਾਹਿਆ।

"ਕਿਹੜਾ ਸੋਨੇ ਦਾ ਥੈਲਾ? ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ਤੁਸੀਂ?" ਘਰਵਾਲੀ ਨੇ ਹੈਰਾਨ ਹੋ ਕੇ ਪੁੱਛਿਆ।

"ਮੈਂ ਖ਼ਤ ਵਿੱਚ ਲਿਖ ਦਿੱਤਾ ਸੀ ਨਾ ਕਿ ਖ਼ਤ ਲੈ ਕੇ ਆਉਣ ਵਾਲੇ ਨੂੰ ਮਾਰ ਸੁੱਟਣਾ ਅਤੇ ਸੋਨੇ ਨਾਲ ਭਰਿਆ ਥੈਲਾ ਲੈ ਲੈਣਾ" ਸੁਦਾਗਰ ਨੇ ਕਿਹਾ।

"ਜੀ, ਤੁਹਾਨੂੰ ਹੋ ਕੀ ਗਿਆ ਹੈ? ਤੁਸੀਂ ਹੋਸ਼ ਵਿੱਚ ਤਾਂ ਹੋ? ਭਲਾ ਕੋਈ ਆਪਣੇ ਜਵਾਈ ਨੂੰ ਵੀ ਮਾਰ ਸੁੱਟਦਾ ਹੈ?" ਘਰਵਾਲੀ ਨੇ ਕਿਹਾ।

"ਜਵਾਈ? ਕਾਹਦਾ ਜਵਾਈ?" ਸੁਦਾਗਰ ਨੇ ਘਬਰਾ ਕੇ ਕਿਹਾ।

"ਜੀ ਹਾਂ, ਤੁਹਾਡੀ ਬੇਟੀ ਦੇ ਘਰ ਵਾਲਾ।" ਘਰਵਾਲੀ ਨੇ ਜਵਾਬ ਦਿੱਤਾ।

"ਮੇਰੀ ਬੇਟੀ ਦੇ ਘਰ ਵਾਲਾ? ਤੂੰ ਇਸ ਦੀ ਸ਼ਾਦੀ ਕਦੋਂ ਕਰ ਦਿੱਤੀ?" ਸੁਦਾਗਰ ਨੇ ਹੈਰਾਨ ਹੁੰਦਿਆਂ ਪੁੱਛਿਆ।

"ਦੋ ਦਿਨ ਹੋ ਗਏ ਨੇ" ਘਰਵਾਲੀ ਨੇ ਕਿਹਾ।

ਸੁਦਾਗਰ ਨੇ ਆਪਣੇ ਮੱਥੇ ਦੇ ਹੱਥ ਮਾਰਿਆ ਤੇ ਆਪਣੀ ਘਰਵਾਲੀ ਤੇ ਨੌਕਰਾਂ ਨੂੰ ਝਾੜਦਿਆਂ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗਾ। ਫਿਰ ਉਸ ਨੇ ਆਪਣੇ ਜਵਾਈ ਬਾਰੇ ਪੁੱਛਿਆ:

"ਤੇ ਉਹ ਆਪ ਕਿੱਥੇ ਹੈ?"

"ਉਹ ਤਾਂ ਸਵੇਰੇ-ਸਵੇਰੇ ਹੀ ਘੋੜੇ ਉਤੇ ਸਵਾਰ ਹੋ ਕੇ ਕਿਤੇ ਬਾਹਰ ਚਲਾ ਗਿਆ" ਨੌਕਰਾਂ ਨੇ ਦੱਸਿਆ, "ਤੇ ਸਾਨੂੰ ਕਹਿ ਗਿਆ ਕਿ ਕੋਈ ਵੀ ਰਾਤ ਨੂੰ ਆਏ ਦਰਵਾਜ਼ਾ ਨਹੀਂ ਖੋਲ੍ਹਣਾ ਤੇ ਜੇ ਕੋਈ ਕੰਧ ਟੱਪ ਕੇ ਅੰਦਰ ਆ ਵੜੇ ਤਾਂ ਮਾਰ-ਮਾਰ ਕੇ ਉਸ ਦਾ ਕਚੂਮਰ ਕੱਢ ਦੇਣਾ।"

ਸੁਦਾਗਰ ਸਮਝ ਗਿਆ ਕਿ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਗਈ ਹੈ ਅਤੇ ਉਸ ਨੇ ਆਪਣੇ ਜਵਾਈ ਨਾਲ ਸੁਲ੍ਹਾ ਕਰਨ ਦਾ ਫ਼ੈਸਲਾ ਕਰ ਲਿਆ।

ਹੁਣ ਸੁਦਾਗਰ ਅਤੇ ਉਸ ਦੀ ਘਰਵਾਲੀ ਨੂੰ ਇੱਥੇ ਛੱਡ ਕੇ ਜ਼ਰਾ ਅਲੀ ਜਾਨ ਦਾ ਹਾਲ ਸੁਣਦੇ ਹਾਂ।

ਅਲੀ ਜਾਨ ਚਲਦੇ-ਚਲਦੇ ਇੱਕ ਵੱਡੇ ਸ਼ਹਿਰ ਵਿੱਚ ਪਹੁੰਚਿਆ। ਬਜ਼ਾਰ ਦਾ ਦਿਨ ਸੀ ਅਤੇ ਬਜ਼ਾਰ ਵਿੱਚ ਢੰਡੋਰਚੀ ਇਹ ਐਲਾਨ ਕਰ ਰਿਹਾ ਸੀ:

"ਐ ਲੋਕੋ ਸੁਣੋ! ਫਿਰ ਨਾ ਕਹਿਣਾ ਕਿ ਸੁਣਿਆ ਨਹੀਂ। ਜੋ ਕੋਈ ਸ਼ਤਰੰਜ ਵਧੀਆ ਖੇਡ ਲੈਂਦਾ ਹੋਵੇ ਸ਼ਾਹੀ ਮਹੱਲ ਵਿੱਚ ਪਹੁੰਚ ਜਾਏ। ਜਿਹੜਾ ਕੋਈ ਬਾਦਸ਼ਾਹ ਨਾਲ ਖੇਡ ਕੇ ਤਿੰਨ ਬਾਜ਼ੀਆਂ ਜਿੱਤ ਲਏਗਾ ਉਸ ਨੂੰ ਬਾਦਸ਼ਾਹ ਆਪਣੇ ਤਖ਼ਤ ਉਤੇ ਬਿਠਾਏਗਾ ਅਤੇ ਜੋ ਤਿੰਨੇ ਬਾਜ਼ੀਆਂ ਹਾਰ ਜਾਏਗਾ, ਬਾਦਸ਼ਾਹ ਉਸ ਦਾ ਸਿਰ ਕਟਵਾ ਦੇਵੇਗਾ।"

ਅਲੀ ਜਾਨ ਦਰਬਾਰ ਵਿੱਚ ਪਹੁੰਚਿਆ ਅਤੇ ਕਿਹਾ ਕਿ ਮੈਂ ਬਾਦਸ਼ਾਹ ਨਾਲ ਸ਼ਤਰੰਜ ਖੇਡਣਾ ਚਾਹੁੰਦਾ ਹਾਂ।

ਖੇਡ ਸ਼ੁਰੂ ਹੋਈ। ਅਲੀ ਜਾਨ ਇੱਕ ਬਾਜ਼ੀ ਹਾਰ ਗਿਆ ਅਤੇ ਦੋ ਬਾਜ਼ੀਆਂ ਜਿੱਤ ਗਿਆ। ਦੋਵੇਂ ਫਿਰ ਖੇਡਣ ਲੱਗੇ। ਇਸ ਵਾਰ ਬਾਦਸ਼ਾਹ ਦੋ ਵਾਰ ਜਿੱਤ ਗਿਆ ਤੇ ਇੱਕ ਵਾਰ ਹਾਰ ਗਿਆ। ਫਿਰ ਤੀਜੀ ਵਾਰ ਖੇਡਣ ਲੱਗੇ। ਇਸ ਵਾਰ ਅਲੀ ਜਾਨ ਨੇ ਤਿੰਨੇ ਬਾਜ਼ੀਆਂ ਜਿੱਤ ਲਈਆਂ।

ਬਾਦਸ਼ਾਹ ਨੇ ਆਪਣਾ ਤਖ਼ਤ ਅਲੀ ਜਾਨ ਦੇ ਹਵਾਲੇ ਕਰ ਦਿੱਤਾ ਅਤੇ ਝੁਕ ਕੇ ਉਸ ਨੂੰ ਕਿਹਾ:

"ਲੈ, ਹੁਣ ਤੂੰ ਬਾਦਸ਼ਾਹ ਬਣ ਗਿਆ ਏਂ। ਤਖ਼ਤ ਉਪਰ ਬੈਠ ਜਾ।"

"ਨਹੀਂ, ਬਾਦਸ਼ਾਹ ਬਣਨ ਦੀ ਮੇਰੀ ਕੋਈ ਇੱਛਾ ਨਹੀਂ।" ਅਲੀ ਜਾਨ ਨੇ ਕਿਹਾ, "ਮੈਂ ਤਾਂ ਆਪਣੇ ਸ਼ਹਿਰ ਜਾ ਕੇ ਲੋਕਾਂ ਨੂੰ ਲਿਖਣਾ ਪੜ੍ਹਨਾ ਅਤੇ ਵਾਜੇ ਵਜਾਉਣਾ ਸਿਖਾਉਣਾ ਚਾਹੁੰਦਾ ਹਾਂ।"

ਅਲੀ ਜਾਨ ਉਥੋਂ ਚੱਲ ਕੇ ਪਹਿਲਾਂ ਉਸ ਸ਼ਹਿਰ ਗਿਆ ਜਿਥੇ ਉਸ ਸੁਦਾਗਰ ਦਾ ਘਰ ਸੀ। ਉਥੋਂ ਉਸ ਨੇ ਆਪਣੀ ਘਰ ਵਾਲੀ ਨੂੰ ਨਾਲ ਲਿਆ ਅਤੇ ਆਪਣੇ ਸ਼ਹਿਰ ਵੱਲ ਚੱਲ ਪਿਆ।

ਘਰ ਆਉਣ 'ਤੇ ਜਦੋਂ ਉਸ ਨੇ ਆਪਣੀ ਸਾਰੀ ਆਪ-ਬੀਤੀ ਆਪਣੇ ਬਾਪ ਨੂੰ ਸੁਣਾਈ ਤਾਂ ਬੁੱਢਾ ਬਹੁਤ ਖ਼ੁਸ਼ ਹੋਇਆ ਤੇ ਬੇਟੇ ਨੂੰ ਕਿਹਾ:

"ਤੂੰ ਸੱਚਮੁੱਚ ਬਹੁਤ ਹੁਸ਼ਿਆਰ ਹੈਂ। ਤੂੰ ਕਿੰਨੇ ਹੀ ਹੁਨਰ ਸਿਖ ਲਏ ਹਨ ਤੇ ਕਿੰਨੀ ਹੀ ਵਾਰ ਮੌਤ ਤੋਂ ਬਚ ਨਿਕਲਿਆ ਏਂ!"

ਅਲੀ ਜਾਨ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ:

"ਪਿਤਾ ਜੀ! ਇੱਕ ਜਵਾਨ ਆਦਮੀ ਲਈ ਸੱਤਰ ਹੁਨਰ ਵੀ ਘੱਟ ਹੁੰਦੇ ਹਨ।"

(ਹਰਮਿੰਦਰ ਕਾਲੜਾ)

# Kato Di Dosti-Mangolian Lok Kahani

# ਕਾਟੋ ਦੀ ਦੋਸਤੀ-ਮੰਗੋਲੀਆਈ ਲੋਕ ਕਹਾਣੀ

ਬੜੇ ਚਿਰਾਂ ਦੀ ਗੱਲ ਹੈ। ਮੰਗੋਲੀਆ ਦੇ ਜੰਗਲ ਵਿੱਚ ਰਿੱਛ ਅਤੇ ਕਾਟੋ ਵਿੱਚ ਬੜੀ ਗੂੜ੍ਹੀ ਦੋਸਤੀ ਸੀ। ਦੋਵੇਂ ਜਣੇ ਸਾਰਾ ਕੰਮ, ਇੱਥੋਂ ਤਕ ਕਿ ਸ਼ਿਕਾਰ ਵੀ ਰਲ ਕੇ ਕਰਦੇ ਸਨ। ਰਿੱਛ ਆਪਣੇ ਨਾਲ-ਨਾਲ ਕਾਟੋ ਦੇ ਲਈ ਵੀ ਖਾਣਾ ਲਿਆਉਂਦਾ ਸੀ। ਕਾਟੋ ਨੂੰ ਖਾਣ ਲਈ ਜੋ ਵੀ ਮਿਲਦਾ, ਉਸ ਵਿੱਚੋਂ ਉਹ ਅੱਧਾ ਰਿੱਛ ਨੂੰ ਦੇ ਦਿੰਦੀ ਸੀ।

ਜੰਗਲ ਵਿੱਚ ਰਹਿਣ ਵਾਲੇ ਲੂੰਬੜ ਨੂੰ ਦੋਵਾਂ ਦੀ ਐਨੀ ਗੂੜ੍ਹੀ ਮਿੱਤਰਤਾ ਬਿਲਕੁਲ ਵੀ ਚੰਗੀ ਨਹੀਂ ਲੱਗਦੀ ਸੀ। ਉਸ ਨੇ ਮਨ ਹੀ ਮਨ ਦੋਵਾਂ ਵਿੱਚ ਫੁੱਟ ਪਾਉਣ ਦੀ ਵਿਉਂਤ ਬਣਾ ਲਈ। ਇੱਕ ਦਿਨ ਮੌਕਾ ਦੇਖ ਕੇ ਲੂੰਬੜ ਨੇ ਕਾਟੋ ਨੂੰ ਕਿਹਾ, "ਕਿਉਂ ਭੈਣ, ਤੇਰੇ ਦੋਸਤ ਰਿੱਛ ਦਾ ਕੀ ਹਾਲ-ਚਾਲ ਹੈ?"

ਕਾਟੋ ਖ਼ੁਸ਼ ਹੋ ਕੇ ਆਪਣੀ ਅਤੇ ਰਿੱਛ ਦੀ ਮਿੱਤਰਤਾ ਦੀਆਂ ਗੱਲਾਂ ਕਰਨ ਲੱਗੀ। ਰਿੱਛ ਦੀ ਸਿਫ਼ਤ ਸੁਣ ਕੇ ਲੂੰਬੜ ਗੁੱਸੇ ਨਾਲ ਲਾਲ ਹੋਣ ਲੱਗਾ। ਉਹ ਸਾਰਿਆਂ ਨਾਲ ਚਲਾਕੀ ਕਰਦਾ ਸੀ। ਸਾਰਿਆਂ ਨੂੰ ਧੋਖਾ ਦਿੰਦਾ ਸੀ। ਇਸ ਲਈ ਕੋਈ ਵੀ ਉਸ ਦਾ ਦੋਸਤ ਬਣਨਾ ਪਸੰਦ ਨਹੀਂ ਕਰਦਾ ਸੀ।

ਲੂੰਬੜ ਬੋਲਿਆ,"ਭੈਣ ਤੂੰ ਬੜੀ ਭੋਲੀ ਏਂ। ਤੂੰ ਨਹੀਂ ਜਾਣਦੀ ਕਿ ਰਿੱਛ ਤੈਨੂੰ ਬੁੱਧੂ ਬਣਾਉਂਦਾ ਰਹਿੰਦਾ ਹੈ?"

"ਮੈਨੂੰ ਬੁੱਧੂ ਬਣਾਉਂਦਾ ਹੈ..." ਕਾਟੋ ਨੇ ਪੁੱਛਿਆ, "ਉਹ ਕਿਵੇਂ?"

ਲੂੰਬੜ ਨੇ ਕਿਹਾ,"ਰਿੱਛ ਜਦ ਸ਼ਿਕਾਰ ਲਿਆਉਂਦਾ ਹੈ ਤਦ ਖਾਣ ਤੋਂ ਪਹਿਲਾਂ ਉਸ ਨੂੰ ਸਾਫ਼ ਕੌਣ ਕਰਦਾ ਹੈ?"

"ਸਫ਼ਾਈ ਤਾਂ ਰਿੱਛ ਹੀ ਕਰਦਾ ਹੈ," ਕਾਟੋ ਨੇ ਜਵਾਬ ਦਿੱਤਾ।

"ਕੀ ਤੂੰ ਜਾਣਦੀ ਏਂ ਕਿ ਉਹ ਅਜਿਹਾ ਕਿਉਂ ਕਰਦਾ ਹੈ? ਉਹ ਸਾਰਾ ਵਧੀਆ ਮਾਸ ਪਹਿਲਾਂ ਆਪ ਖਾ ਲੈਂਦਾ ਹੈ, ਬਚਿਆ-ਖੁਚਿਆ ਤੈਨੂੰ ਦੇ ਦਿੰਦਾ ਹੈ। ਵਧੀਆ ਖਾਣਾ ਖਾ-ਖਾ ਕੇ ਉਹ ਮੋਟਾ ਹੁੰਦਾ ਜਾ ਰਿਹਾ ਹੈ, ਤੂੰ ਛੋਟੀ ਦੀ ਛੋਟੀ ਹੈਂ।" ਲੂੰਬੜ ਨੇ ਲੰਮਾ ਸਾਹ ਲਿਆ, "ਵੈਸੇ ਮੈਂ ਇਸ ਗੱਲ ਤੋਂ ਕੀ ਲੈਣਾ! ਜਾਣਦਾ ਹਾਂ ਕਿ ਇਹ ਗੱਲ ਦੱਸਣ ਦਾ ਕੋਈ ਲਾਭ ਨਹੀਂ...।"

ਲੂੰਬੜ ਕਾਟੋ ਦੇ ਮਨ ਵਿੱਚ ਸ਼ੱਕ ਦਾ ਬੀਜ, ਬੀਜ ਕੇ ਤੁਰਦਾ ਹੋਇਆ। ਕਾਟੋ ਸੋਚਣ ਲੱਗੀ, "ਲੂੰਬੜ ਕਿਤੇ ਠੀਕ ਹੀ

ਤਾਂ ਨਹੀਂ ਕਹਿ ਰਿਹਾ ਸੀ। ਮੈਂ ਤਾਂ ਰਿੱਛ ਨੂੰ ਆਪਣਾ ਮਿੱਤਰ ਸਮਝਦੀ ਹਾਂ ਅਤੇ ਹੋ ਸਕਦਾ ਹੈ ਕਿ ਉਹ ਮੈਨੂੰ ਬੁੱਧੂ ਬਣਾ ਰਿਹਾ ਹੋਵੇ।"

ਅਗਲੇ ਦਿਨ ਰਿੱਛ ਨੇ ਕਾਟੋ ਨਾਲ ਜੰਗਲ 'ਚੋਂ ਫਲ ਇਕੱਠੇ ਕੀਤੇ, ਉਨ੍ਹਾਂ ਨੂੰ ਸਾਫ਼ ਕੀਤਾ ਅਤੇ ਖਾਣ ਲੱਗਾ। ਉਸ ਨੇ ਕਾਟੋ ਨੂੰ ਵੀ ਖਾਣ ਨੂੰ ਕਿਹਾ ਪਰ ਕਾਟੋ ਨੇ ਫਲ ਨਹੀਂ ਖਾਧੇ। ਰਿੱਛ ਹੈਰਾਨ ਸੀ। ਕਾਟੋ ਸੋਚ ਰਹੀ ਸੀ, "ਸ਼ਾਇਦ ਲੂੰਬੜ ਸੱਚ ਕਹਿ ਰਿਹਾ ਸੀ।"

ਥੋੜ੍ਹੀ ਦੂਰ ਜਾਣ 'ਤੇ ਰਿੱਛ ਨੂੰ ਸ਼ਹਿਦ ਦੀਆਂ ਮੱਖੀਆਂ ਦਾ ਛੱਤਾ ਦਿਖਾਈ ਦਿੱਤਾ। ਰਿੱਛ ਨੇ ਉਸ ਵਿੱਚ ਆਪਣਾ ਮੂੰਹ ਦੇ ਕੇ ਢਿੱਡ ਭਰ ਕੇ ਸ਼ਹਿਦ ਖਾਧਾ। ਸ਼ਹਿਦ ਖਾਣ ਦੇ ਬਾਅਦ ਮੁੱਛਾਂ ਸਾਫ਼ ਕਰਦੇ ਹੋਏ ਉਸ ਨੇ ਕਾਟੋ ਨੂੰ ਸ਼ਹਿਦ ਖਾਣ ਲਈ ਸੱਦਿਆ। ਕਾਟੋ ਦੇਖ ਰਹੀ ਸੀ ਕਿ ਰਿੱਛ ਨੇ ਪਹਿਲਾਂ ਹੀ ਸਾਰਾ ਕੁਝ ਖਾ ਲਿਆ ਸੀ। ਉਸ ਨੂੰ ਲੂੰਬੜ ਦੀ ਗੱਲ 'ਤੇ ਪੂਰੀ ਤਰ੍ਹਾਂ ਵਿਸ਼ਵਾਸ ਹੋ ਗਿਆ ਸੀ।

"ਕੋਈ ਗੱਲ ਨਹੀਂ, ਰਿੱਛ ਨੂੰ ਹੁਣ ਮੈਂ ਸਬਕ ਸਿਖਾਊਂਗੀ।" ਦੂਜੇ ਦਿਨ ਰਿੱਛ ਅਤੇ ਕਾਟੋ ਦੋਵੇਂ ਜਣੇ ਸ਼ਿਕਾਰ ਕਰਨ ਗਏ। ਰਿੱਛ ਦੇ ਹੱਥ ਵਿੱਚ ਇੱਕ ਬੱਕਰੀ ਦੀ ਟੰਗ ਆ ਗਈ, ਉਹ ਉਸ ਨੂੰ ਫੜ ਕੇ ਖਿੱਚਣ ਲੱਗਾ। ਤਦ ਉਸ ਨੂੰ ਮਹਿਸੂਸ ਹੋਇਆ ਕਿ ਉਸ ਦੇ ਸਿਰਾਂ 'ਤੇ ਕੋਈ ਚੀਜ਼ ਘੁੰਮ ਰਹੀ ਸੀ। ਅਸਲ ਵਿੱਚ ਉਹ ਕਾਟੋ ਸੀ। ਕਾਟੋ ਨੇ ਰਿੱਛ ਦੇ ਸਿਰ 'ਤੇ ਚੜ੍ਹ ਕੇ ਸ਼ਿਕਾਰ ਨੂੰ ਪਹਿਲਾਂ ਖਾਣ ਦਾ ਫ਼ੈਸਲਾ ਕਰ ਲਿਆ ਸੀ। ਰਿੱਛ ਇਸ ਬਾਰੇ ਕੁਝ ਨਹੀਂ ਜਾਣਦਾ ਸੀ। ਬੱਕਰੀ ਉਸ ਦੇ ਹੱਥਾਂ 'ਚੋਂ ਨਿਕਲ ਕੇ ਭੱਜ ਗਈ। ਬੇਚਾਰਾ ਰਿੱਛ।

ਅੱਗੇ ਰਿੱਛ ਨੂੰ ਖ਼ਰਗੋਸ਼ ਦਿਸਿਆ। ਉਸ ਨੂੰ ਫੜਨ ਲਈ ਉਹ ਦੱਬੇ ਪੈਰੀਂ ਉਸ ਵੱਲ ਵਧਿਆ। ਇਸ ਵਾਰ ਤਾਂ ਕਾਟੋ ਨੇ ਹੱਦ ਹੀ ਕਰ ਦਿੱਤੀ। ਉਹ ਰਿੱਛ ਦੀਆਂ ਅੱਖਾਂ ਦੇ ਸਾਹਮਣੇ ਫੁਰਤੀ ਨਾਲ ਸਿਰ 'ਤੇ ਚੜ੍ਹ ਕੇ ਬੈਠ ਗਈ। ਰਿੱਛ ਡਰ ਨਾਲ ਥਰ-ਥਰ ਕੰਬਣ ਲੱਗਾ। ਖਰਗੋਸ਼ ਵੀ ਝਾੜੀਆਂ ਵਿੱਚ ਜਾ ਲੁਕਿਆ।

ਕਾਟੋ ਨੇ ਰਿੱਛ ਨਾਲ ਗੱਲ ਕਰਨੀ ਹੀ ਬੰਦ ਕਰ ਦਿੱਤੀ। ਉਸ ਦਾ ਢਿੱਡ ਹੀ ਕਿੰਨਾ ਸੀ? ਕੁਝ ਵੀ ਖਾ ਕੇ ਢਿੱਡ ਭਰ ਲੈਂਦੀ। ਰਿੱਛ ਸ਼ਿਕਾਰ 'ਤੇ ਇਕੱਲਾ ਹੀ ਜਾਣ ਲੱਗਾ ਸੀ ਪਰ ਕਾਟੋ ਪਿੱਛੋਂ ਜਾ ਕੇ ਉਸ ਨੂੰ ਪ੍ਰੇਸ਼ਾਨ ਕਰਨਾ ਕਦੇ ਨਾ ਭੁੱਲਦੀ।

ਇੱਕ ਦਿਨ ਰਿੱਛ ਨੂੰ ਇੱਕ ਛੋਟਾ ਸੂਰ ਦਿਖਾਈ ਦਿੱਤਾ। ਕਈ ਦਿਨਾਂ ਤੋਂ ਰਿੱਛ ਕੋਈ ਸ਼ਿਕਾਰ ਨਹੀਂ ਸੀ ਕਰ ਸਕਿਆ। ਭਲਾ ਫਲ-ਫੁੱਲ ਨਾਲ ਉਸ ਦਾ ਢਿੱਡ ਕਿੱਥੇ ਭਰਦਾ? ਉਸ ਨੂੰ ਅੰਤਾਂ ਦੀ ਭੁੱਖ ਲੱਗੀ ਸੀ। ਉਸ ਨੇ ਸੂਰ ਨੂੰ ਫੜਨ ਲਈ ਛਾਲ ਮਾਰੀ। ਕਾਟੋ ਵੀ ਦੇਖ ਰਹੀ ਸੀ। ਉਹ ਵੀ ਟਪੂਸੀ ਮਾਰ ਕੇ ਰਿੱਛ ਦੇ ਸਿਰ 'ਤੇ ਚੜ੍ਹ ਕੇ ਬੈਠ

ਗਈ। ਅੱਜ ਕਿਸੇ ਵੀ ਕੀਮਤ ‘ਤੇ ਰਿੱਛ ਸੂਰ ਨੂੰ ਹੱਥ ‘ਚੋਂ ਨਿਕਲ ਜਾਣ ਦਾ ਮੌਕਾ ਨਹੀਂ ਦੇਣਾ ਚਾਹੁੰਦਾ ਸੀ। ਉਹ ਗੁੱਸੇ ਵਿੱਚ ਉੱਚੀ ਦੇਣੀ ਬੋਲਿਆ, "ਤੂੰ ਮੈਥੋਂ ਬਚ ਕੇ ਭੱਜ ਨਹੀਂ ਸਕਦਾ।" ਉਹ ਸੂਰ ਨੂੰ ਫੜਨ ਲਈ ਤੇਜ਼ੀ ਨਾਲ ਭੱਜਿਆ।

ਰਿੱਛ ਨੂੰ ਫਿਰ ਆਪਣੀ ਪਿੱਠ ‘ਤੇ ਕੋਈ ਚੀਜ਼ ਤੁਰਦੀ ਹੋਈ ਮਹਿਸੂਸ ਹੋਈ। ਕਾਟੋ ਤਾਂ ਉਸ ਨੂੰ ਦਿਖਾਈ ਨਹੀਂ ਦੇ ਰਹੀ ਸੀ। ਉਸ ਨੇ ਗੁੱਸੇ ਵਿੱਚ ਆਪਣਾ ਇੱਕ ਪੰਜਾ ਜ਼ੋਰ ਨਾਲ ਪਿੱਠ ‘ਤੇ ਕੱਢ ਮਾਰਿਆ। ਪੰਜੇ ਨਹੁੰ ਕਾਟੋ ਦੇ ਸਿਰ ਤੋਂ ਪੂਛ ਤਕ ਖੁੱਭ ਗਏ ਸਨ। ਕਾਟੋ ਦਰਦ ਨਾਲ ਤੜਪ ਉੱਠੀ। ਰਿੱਛ ਕਿਤੇ ਪਛਾਣ ਨਾ ਲਏ। ਇਸ ਲਈ ਕਾਟੋ ਨੇ ਬੜੀ ਮੁਸ਼ਕਲ ਨਾਲ ਮੂੰਹੋਂ ਆਵਾਜ਼ ਕੱਢੀ। ਛੇਤੀ ਨਾਲ ਰਿੱਛ ਨੇ ਆਪਣਾ ਪੰਜਾ ਪਿੱਠ ਤੋਂ ਪਰ੍ਹਾਂ ਕਰ ਲਿਆ। ਨਹੁੰ ਬਾਹਰ ਕੱਢਦਿਆਂ ਹੀ ਕਾਟੋ ਭੱਜ ਤੁਰੀ। ਦਰਦ ਤੋਂ ਬੈਚੇਨ ਹੋ ਕੇ ਉਹ ਇੱਕ ਦਰੱਖਤ ਤੋਂ ਦੂਜੇ ਦਰੱਖਤ ‘ਤੇ ਕੁੱਦਣ ਲੱਗੀ। ਰਿੱਛ ਨੇ ਦੌੜ ਕੇ ਸੂਰ ਫੜ ਲਿਆ।

ਸੂਰ ਦੇ ਸ਼ਿਕਾਰ ਤੋਂ ਰਿੱਛ ਕਾਫ਼ੀ ਖ਼ੁਸ਼ ਸੀ। ਕਈ ਦਿਨਾਂ ਮਗਰੋਂ ਢਿੱਡ ਭਰ ਖਾਣਾ ਮਿਲਿਆ ਸੀ। ਹਮੇਸ਼ਾਂ ਦੀ ਤਰ੍ਹਾਂ ਰਿੱਛ ਨੇ ਕਾਟੋ ਨੂੰ ਆਵਾਜ਼ ਮਾਰੀ। ਕਾਟੋ ਨਹੀਂ ਆਈ। ਉਹ ਤਾਂ ਰਿੱਛ ਨੂੰ ਆਪਣਾ ਦੁਸ਼ਮਣ ਸਮਝਣ ਲੱਗੀ ਸੀ। ਕਾਫ਼ੀ ਉਡੀਕ ਕਰਨ ਤੋਂ ਬਾਅਦ ਰਿੱਛ ਇਕੱਲਾ ਵਾਪਸ ਪਰਤ ਗਿਆ।

ਕਾਟੋ ਦਰੱਖਤਾਂ ਦੇ ਝੁਰਮਟ ਵਿੱਚ ਬੈਠੀ ਸੀ। ਉਸ ਦੀ ਪਿੱਠ ਦੇ ਜ਼ਖ਼ਮ ਠੀਕ ਹੋ ਗਏ ਸਨ ਪਰ ਉਹ ਕਾਲੇ ਰੰਗ ਦੀਆਂ ਧਾਰੀਆਂ ਵਿੱਚ ਬਦਲ ਗਏ ਸਨ। ਅੱਜ ਵੀ ਇਹ ਕਾਲੀਆਂ ਧਾਰੀਆਂ ਕਾਟੋ ਨੂੰ ਦੋਸਤ ਨੂੰ ਧੋਖਾ ਦੇਣ ਦੀ ਯਾਦ ਦਿਵਾਉਂਦੀਆਂ ਹਨ।

ਲੂੰਬੜ ਵਾਂਗ ਹੁਣ ਉਸ ਦਾ ਵੀ ਕੋਈ ਦੋਸਤ ਨਹੀਂ ਸੀ। ਉਹ ਇਕੱਲੀ ਦਰੱਖਤਾਂ ‘ਤੇ ਘੁੰਮਦੀ ਰਹਿੰਦੀ। ਉਸ ਨੇ ਮਾਸ ਖਾਣਾ ਵੀ ਛੱਡ ਦਿੱਤਾ। ਰਿੱਛ ਨੂੰ ਦੇਖ ਕੇ ਉਹ ਦਰੱਖਤਾਂ ਦੇ ਵਿਚਾਲੇ ਲੁਕ ਜਾਂਦੀ ਹੈ। ਰਿੱਛ ਅਤੇ ਕਾਟੋ ਦੀ ਦੋਸਤੀ ਨੂੰ ਦੁਸ਼ਮਣੀ ਵਿੱਚ ਬਦਲਣ ਲਈ ਲੂੰਬੜ ਅੱਜ ਵੀ ਆਪਣੀਆਂ ਚਲਾਕੀਆਂ ਕਾਰਨ ਬਦਨਾਮ ਹੈ।

(ਨਿਰਮਲ ਪ੍ਰੇਮੀ)

# Vadda Khazana-Arabi Lok Kahani

# ਵੱਡਾ ਖ਼ਜ਼ਾਨਾ-ਅਰਬੀ ਲੋਕ ਕਹਾਣੀ

ਉਮਾਨ ਵਿੱਚ ਅਬਦੁੱਲਾ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹ ਬੜਾ ਪਾਪੀ ਸੀ ਪਰ ਉਹ ਹਮੇਸ਼ਾਂ ਚੰਗੇ ਹੋਣ ਦਾ ਦਿਖਾਵਾ ਕਰਦਾ। ਭਾਵੇਂ ਉਹ ਬਹੁਤ ਅਮੀਰ ਸੀ ਪਰ ਉਸ ਨੂੰ ਸਬਰ ਨਹੀਂ ਸੀ। ਉਹ ਅਜੇ ਵੀ ਹੋਰ ਧਨ ਦੌਲਤ ਲਈ ਲਾਲਚ ਕਰ ਰਿਹਾ ਸੀ। ਇਸ ਲਾਲਚ ਕਰਕੇ ਹੀ ਉਸ ਨੇ ਵਿਆਹ ਵੀ ਨਹੀਂ ਕਰਾਇਆ। ਉਸ ਦਾ ਖਿਆਲ ਸੀ ਕਿ ਉਸ ਨੂੰ ਪਤਨੀ ਅਤੇ ਬੱਚਿਆਂ 'ਤੇ ਖਰਚਾ ਕਰਨਾ ਪਵੇਗਾ। ਇਹੀ ਵਿਚਾਰ ਉਹ ਆਪਣੀ ਮਾਤਾ ਸਬੰਧੀ ਰੱਖਦਾ ਸੀ। ਉਹ ਬੀਮਾਰ ਸੀ। ਇਸ ਕਰਕੇ ਰਾਜੇ ਨੇ ਉਸ ਨੂੰ ਹਨੇਰ ਕੋਠੜੀ ਵਿੱਚ ਬੰਦ ਕਰ ਰੱਖਿਆ ਸੀ, ਜਿੱਥੇ ਉਸ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਸੀ। ਮਾਤਾ ਨੇ ਉਸ ਦੇ ਪਾਲਣ ਪੋਸ਼ਣ ਲਈ ਅਨੇਕਾਂ ਮੁਸ਼ਕਲਾਂ ਝੱਲੀਆਂ ਪਰ ਅੱਜ ਉਸ ਦੀ ਸੁਣਨ ਵਾਲਾ ਕੋਈ ਵੀ ਨਹੀਂ ਸੀ। ਰਾਜ ਦਰਬਾਰ ਵਿੱਚ ਇਸ ਬਾਰੇ ਕਿਸੇ ਨੂੰ ਕੁਝ ਨਹੀਂ ਸੀ ਪਤਾ। ਉਸ ਨੇ ਸਭ ਨੂੰ ਦੱਸਿਆ ਹੋਇਆ ਸੀ ਕਿ ਉਸ ਦੀ ਮਾਤਾ ਮਰ ਚੁੱਕੀ ਹੈ। ਉਮਾਨ ਵਿੱਚ ਕਾਨੂੰਨ ਸੀ ਕਿ ਜੇ ਰਾਜਾ ਕੋਈ ਗਲਤੀ ਕਰੇ ਤਾਂ ਉਸ ਨੂੰ ਬਦਲਿਆ ਜਾ ਸਕਦਾ ਸੀ।

ਉਸ ਦੇ ਰਾਜ ਵਿੱਚ ਜਾਫਰ ਨਾਮੀ ਆਦਮੀ ਆਇਆ। ਉਹ ਮੋਚੀ ਸੀ ਅਤੇ ਕੰਮ ਦੀ ਭਾਲ ਕਰ ਰਿਹਾ ਸੀ। ਇੱਕ ਦਿਨ ਉਹ ਕੰਮ ਦੀ ਭਾਲ ਵਿੱਚ ਰਾਜੇ ਦੇ ਦਰਬਾਰ ਵਿੱਚ ਪਹੁੰਚਿਆ। ਉਸ ਨੇ ਦੱਸਿਆ ਕਿ ਉਹ ਮੋਚੀ ਹੈ ਤੇ ਰਾਜੇ ਨੇ ਉਸ ਨੂੰ ਸੱਦਿਆ ਹੈ। ਜਦੋਂ ਜਾਫਰ ਅੰਦਰ ਦਾਖਲ ਹੋਇਆ ਤਾਂ ਰਾਜਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ। ਉਹ ਕਹਿ ਰਿਹਾ ਸੀ ਕਿ ਉਸ ਦੀ ਮਾਂ ਬਾਰੇ ਉਸ ਤੋਂ ਕਿਸੇ ਨੇ ਕੁਝ ਨਹੀਂ ਪੁੱਛਿਆ। ਜਾਫਰ ਰਾਜੇ ਦੇ ਮਾਂ ਪ੍ਰਤੀ ਰਵੱਈਏ ਬਾਰੇ ਸੁਣ ਕੇ ਬੜਾ ਦੁਖੀ ਹੋਇਆ। ਉਹ ਉਦਾਸ ਹੋ ਗਿਆ ਕਿਉਂਕਿ ਉਸ ਦੀ ਮਾਂ ਉਸ ਨੂੰ ਨਿੱਕੇ ਹੁੰਦੇ ਨੂੰ ਛੱਡ ਕੇ ਮਰ ਗਈ ਸੀ। ਉਸ ਨੇ ਮਾਤਾ ਦੀ ਮਦਦ ਕਰਨ ਬਾਰੇ ਸੋਚਿਆ। ਕੁਝ ਸਮੇਂ ਬਾਅਦ ਉਹ ਰਾਜੇ ਦੇ ਕਮਰੇ ਵਿੱਚ ਗਿਆ ਤੇ ਝੁਕਦੇ ਹੋਏ ਕਿਹਾ, "ਹੇ ਮਹਾਰਾਜ ਮੈਂ ਸਾਊਦੀ ਅਰਬ ਤੋਂ ਕੰਮ ਦੀ ਭਾਲ ਵਿੱਚ ਆਇਆ ਹਾਂ, ਮੈਂ ਇੱਕ ਮੋਚੀ ਹਾਂ। ਸੋ ਮੇਰੇ 'ਤੇ ਕ੍ਰਿਪਾ ਕਰੋ।" ਰਾਜੇ ਨੇ ਆਖਿਆ, "ਹਾਂ ਮੈਂ ਤੈਨੂੰ ਕੰਮ ਦੇ ਸਕਦਾ ਹਾਂ। ਗੇਟ 'ਤੇ ਗਾਰਡ ਦੀ ਡਿਊਟੀ ਕਰਿਆ ਕਰ।" ਜਾਫਰ ਨੇ ਬੜੀ ਪ੍ਰਸੰਨਤਾ ਨਾਲ ਇਹ ਕੰਮ ਲੈ ਲਿਆ। ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲੱਗ ਪਿਆ। ਹੁਣ ਸਾਰੇ ਖੁਸ਼ ਸਨ।

ਕੁਝ ਦਿਨਾਂ ਬਾਅਦ ਉਸ ਨੇ ਰਾਜੇ ਨੂੰ ਦੱਸਿਆ ਕਿ ਉਸ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਖ਼ਜ਼ਾਨਾ ਹੈ ਪਰ ਉਹ ਉਸ ਦੀ ਸਹੀ ਢੰਗ ਨਾਲ ਦੇਖ-ਭਾਲ ਨਹੀਂ ਕਰ ਰਿਹਾ। ਰਾਜੇ ਨੇ ਦੱਸਿਆ ਕਿ ਉਸ ਦੇ ਖ਼ਜ਼ਾਨੇ ਦੀ ਉਸ ਦੇ ਨੌਕਰਾਂ

ਦੁਆਰਾ ਸਹੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਰਾਜਾ ਜਾਫਰ ਦੀ ਗੱਲ ਨੂੰ ਸਮਝ ਨਾ ਸਕਿਆ।

ਦੂਜੇ ਦਿਨ ਰਾਜੇ ਨੂੰ ਕਿਸੇ ਆਦਮੀ ਨੇ ਦੱਸਿਆ ਕਿ ਅਫ਼ਗ਼ਾਨਿਸਤਾਨ 'ਚ ਖ਼ਜ਼ਾਨਾ ਪਿਆ ਹੈ। ਜਿਹੜਾ ਉਸ ਨੂੰ ਲੱਭ ਲਵੇਗਾ ਉਹ ਉਸ ਦਾ ਹੋ ਜਾਵੇਗਾ। ਰਾਜਾ ਇਸ ਬਾਰੇ ਸੁਣ ਕੇ ਉਤੇਜਿਤ ਹੋ ਗਿਆ। ਕੁਝ ਘੰਟਿਆਂ ਬਾਅਦ ਹੀ ਉਹ ਆਪਣੇ ਆਦਮੀਆਂ ਨਾਲ ਉਸ ਖ਼ਜ਼ਾਨੇ ਦੀ ਭਾਲ ਵਿੱਚ ਨਿਕਲ ਗਿਆ। ਜਦੋਂ ਰਾਜਾ ਅਫ਼ਗ਼ਾਨਿਸਤਾਨ ਵਿੱਚ ਸੀ, ਕੁਝ ਡਾਕੂਆਂ ਨੇ ਉਸ ਦੇ ਮਹਿਲ 'ਤੇ ਹਮਲਾ ਕਰ ਦਿੱਤਾ। ਜਾਫਰ ਨੇ ਉਨ੍ਹਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਭਜਾ ਦਿੱਤਾ। ਜਦੋਂ ਰਾਜਾ ਵਾਪਸ ਆਇਆ ਤਾਂ ਉਸ ਨੂੰ ਡਾਕੂਆਂ ਦੀ ਕਹਾਣੀ ਬਾਰੇ ਪਤਾ ਲੱਗਿਆ। ਉਹ ਜਾਫਰ ਦੀ ਬਹਾਦਰੀ 'ਤੇ ਬੜਾ ਖ਼ੁਸ਼ ਹੋਇਆ ਤੇ ਕਹਿਣ ਲੱਗਾ ਕਿ ਉਹ ਜਿਹੜੀ ਮੰਗ ਕਰੇਗਾ, ਰਾਜਾ ਉਸ ਨੂੰ ਪੂਰੀ ਕਰੇਗਾ। ਜਾਫਰ ਨੇ ਕਿਹਾ ਕਿ ਉਹ ਸਮਾਂ ਆਉਣ 'ਤੇ ਆਪਣੀ ਮੰਗ ਉਸ ਨੂੰ ਦੱਸ ਦੇਵੇਗਾ।

ਅਗਲੀ ਸਵੇਰ ਰਾਜਾ ਦਰਬਾਰ ਲਾਈ ਬੈਠਾ ਸੀ ਤਾਂ ਜਾਫਰ ਆਇਆ। ਉਸ ਨੇ ਸਭ ਨੂੰ ਕਿਹਾ ਕਿ ਰਾਜੇ ਦੀ ਮਾਂ ਜਿਉਂਦੀ ਹੈ ਅਤੇ ਉਹ ਹਨੇਰੇ ਕਮਰੇ ਵਿੱਚ ਬੰਦ ਪਈ ਹੈ। ਇਹ ਸੁਣ ਕੇ ਸਾਰੇ ਹੱਕੇ-ਬੱਕੇ ਰਹਿ ਗਏ। ਉਹ ਸਾਰੇ ਆਪਣੀਆਂ ਸੀਟਾਂ ਤੋਂ ਉੱਠ ਖਲੋਤੇ ਤੇ ਇੱਕ ਸਾਹ ਕਹਿਣ ਲੱਗੇ, "ਇਹ ਕਿਵੇਂ ਹੋ ਸਕਦਾ ਹੈ?" ਜਾਫਰ ਨੇ ਸਾਰੀ ਵਾਰਤਾ ਸੁਣਾ ਦਿੱਤੀ। ਇਸ ਤੋਂ ਦੁਖੀ ਹੋ ਕੇ ਰਾਜ ਦੇ ਲੋਕਾਂ ਨੇ ਰਾਜੇ ਨੂੰ ਬਦਲਣ ਦਾ ਫ਼ੈਸਲਾ ਕਰ ਲਿਆ ਕਿਉਂਕਿ ਉਸ ਨੇ ਲਾਲਚਵੱਸ ਜਨਤਾ ਨੂੰ ਝੂਠ ਬੋਲਿਆ ਸੀ। ਉਨ੍ਹਾਂ ਨੇ ਜਾਫਰ ਨੂੰ ਆਪਣਾ ਨਵਾਂ ਰਾਜਾ ਐਲਾਨ ਦਿੱਤਾ। ਅਗਲੀ ਸਵੇਰ ਰਾਜੇ ਨੂੰ ਇੱਕ ਝੌਂਪੜੀ ਵਿੱਚ ਭੇਜ ਦਿੱਤਾ ਗਿਆ ਤੇ ਜਾਫਰ ਨੂੰ ਤਖ਼ਤ ਦਾ ਮਾਲਕ ਬਣਾ ਦਿੱਤਾ ਗਿਆ। ਉਸ ਨੂੰ ਅਬਦੁੱਲਾ ਨੂੰ ਸਜ਼ਾ ਦੇਣ ਲਈ ਕਿਹਾ ਗਿਆ। ਜਾਫਰ ਨੇ ਅਬਦੁੱਲਾ ਨੂੰ ਕਿਹਾ, "ਮੈਂ ਤੈਨੂੰ ਮਾਤਾ ਦੇ ਇਲਾਜ ਲਈ ਦੋ ਹਜ਼ਾਰ ਰੁਪਏ ਦਿੰਦਾ ਹਾਂ। ਉਸ ਦੀ ਦੇਖ-ਭਾਲ ਕਰੋ ਅਤੇ ਇਲਾਜ ਕਰਾਓ।" ਉਹ ਆਪਣੀ ਮਾਤਾ ਨੂੰ ਲੈ ਕੇ ਝੌਂਪੜੀ ਵਿੱਚ ਪਹੁੰਚ ਗਿਆ। ਅਗਲੇ ਦਿਨ ਉਹ ਮਾਤਾ ਦੇ ਇਲਾਜ ਲਈ ਇੱਕ ਵੈਦ ਕੋਲ ਗਿਆ। ਉਸ ਨੇ ਕਿਹਾ ਕਿ ਮਾਤਾ ਦਾ ਇਲਾਜ ਇੱਕ ਹਜ਼ਾਰ ਵਿੱਚ ਹੋ ਸਕਦਾ ਹੈ।

ਇੱਕ ਹਫ਼ਤੇ ਬਾਅਦ ਉਸ ਦੀ ਮਾਤਾ ਰਾਜ਼ੀ ਹੋਣ ਲੱਗ ਪਈ। ਹੁਣ ਉਸ ਕੋਲ ਕੋਈ ਪੈਸਾ ਨਹੀਂ ਸੀ। ਉਹ ਕੰਮ ਦੀ ਭਾਲ ਵਿੱਚ ਨਿਕਲ ਪਿਆ ਪਰ ਪਹਿਲੇ ਦਿਨ ਉਸ ਨੂੰ ਕੋਈ ਕੰਮ ਨਾ ਮਿਲਿਆ। ਅਗਲੇ ਦਿਨ ਵੀ ਉਸ ਦੀ ਹਾਲਤ 'ਤੇ ਕਿਸੇ ਨੂੰ ਤਰਸ ਨਾ ਆਇਆ। ਉਹ ਉਦਾਸ ਹੋ ਗਿਆ। ਉਸ ਦੀ ਮਾਤਾ ਨੇ ਕਿਹਾ, "ਪਰਮਾਤਮਾ ਤੈਨੂੰ ਮੁਆਫ਼ ਕਰ ਦੇਵੇ। ਉਹ ਤੈਨੂੰ ਸਭ ਕੁਝ ਦੇਵੇ ਜੋ ਤੂੰ ਚਾਹੁੰਦਾ ਏ।" ਅਬਦੁੱਲਾ ਇਹ ਸੁਣ ਕੇ ਹੈਰਾਨ ਹੋ ਗਿਆ। ਉਹ ਸੋਚ ਰਿਹਾ ਸੀ ਕਿ ਉਸ ਨੇ ਤਾਂ ਉਸ ਨਾਲ ਸਦਾ ਮਾੜਾ ਵਰਤਾਓ ਕੀਤਾ ਪਰ ਉਹ ਉਸ ਦੇ ਕੰਮ ਲਈ ਮੁਆਫ਼ੀ ਮੰਗਦੀ ਹੋਈ ਰੱਬ ਦੇ ਅਸ਼ੀਰਵਾਦ ਲਈ ਦੁਆ ਕਰ ਰਹੀ ਹੈ। ਅਗਲੇ ਦਿਨ ਅਬਦੁੱਲਾ ਨੂੰ ਕੰਮ ਵੀ ਮਿਲ ਗਿਆ ਅਤੇ ਰੋਟੀ ਦਾ ਮਸਲਾ ਵੀ ਹੱਲ ਹੋ ਗਿਆ। ਉਹ ਵਾਪਸ ਆਪਣੀ ਮਾਤਾ ਕੋਲ ਗਿਆ ਤੇ ਚਰਨੀ ਪੈਂਦਾ ਹੋਇਆ

ਕਹਿਣ ਲੱਗਾ, "ਮਾਤਾ ਜੀ ਮੈਨੂੰ ਮੁਆਫ਼ ਕਰ ਦਿਓ। ਜਾਫਰ ਸੱਚ ਹੀ ਆਖਦਾ ਸੀ ਕਿ ਮੇਰੇ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਖ਼ਜ਼ਾਨਾ ਹੈ ਪਰ ਮੈਂ ਇਸ ਦਾ ਆਦਰ ਸਤਿਕਾਰ ਨਹੀਂ ਕੀਤਾ ਤੇ ਤੁਸੀਂ ਹੀ ਦੁਨੀਆਂ ਦੇ ਸਭ ਤੋਂ ਵੱਡੇ ਖ਼ਜ਼ਾਨੇ ਹੋ।"

ਅਬਦੁੱਲਾ ਦੀ ਮਾਂ ਨੇ ਉਸ ਨੂੰ ਸੀਨੇ ਲਾਉਂਦਿਆਂ ਮੁਆਫ਼ ਕਰ ਦਿੱਤਾ। ਜਦੋਂ ਜਾਫਰ ਨੂੰ ਇਸ ਗੱਲ ਬਾਰੇ ਪਤਾ ਲੱਗਿਆ ਤਾਂ ਉਸ ਨੇ ਦੋਵਾਂ ਨੂੰ ਦਰਬਾਰ ਵਿੱਚ ਬੁਲਾਇਆ। ਜਾਫਰ ਨੇ ਅਬਦੁੱਲਾ ਨੂੰ ਸੰਬੋਧਨ ਹੁੰਦਿਆਂ ਕਿਹਾ, "ਇੱਥੇ ਸਭ ਨਾਲ ਵਾਅਦਾ ਕਰ ਕਿ ਤੰੂ ਕਦੀ ਆਪਣੀ ਮਾਤਾ ਦਾ ਤ੍ਰਿਸਕਾਰ ਨਹੀਂ ਕਰੇਂਗਾ ਅਤੇ ਨਾ ਹੀ ਕਿਸੇ ਦੇਸ਼ ਵਾਸੀ ਦਾ ਦਿਲ ਦੁਖਾਵੇਂਗਾ।" ਉਸ ਨੇ ਇਹ ਸਹੁੰ ਖਾਧੀ ਤਾਂ ਜਾਫਰ ਨੇ ਉਸ ਨੂੰ ਮੁੜ ਰਾਜਾ ਬਣਾਉਣ ਦਾ ਐਲਾਨ ਕਰ ਦਿੱਤਾ। ਜਾਫਰ ਨੇ ਕਿਹਾ, "ਉਹ ਉਨੇ ਸਮੇਂ ਵਾਸਤੇ ਹੀ ਰਾਜਾ ਸੀ ਜਿੰਨਾ ਚਿਰ ਅਸਲੀ ਰਾਜੇ ਨੂੰ ਆਪਣੀ ਗਲਤੀ ਦਾ ਅਹਿਸਾਸ ਨਹੀਂ ਸੀ। ਹੁਣ ਰਾਜੇ ਨੇ ਆਪਣੀ ਗਲਤੀ ਸੁਧਾਰ ਲਈ ਹੈ। ਸੋ ਹੁਣ ਅਬਦੁੱਲਾ ਰਾਜਾ ਹੈ।" ਇਸ ਐਲਾਨ ਨਾਲ ਸਾਰੇ ਦੇਸ਼ ਵਾਸੀ ਖ਼ੁਸ਼ ਹੋ ਗਏ ਤੇ ਉਨ੍ਹਾਂ ਨੇ ਜਾਫਰ ਦੀ ਕੁਰਬਾਨੀ ਦੀ ਜੈ ਜੈ ਕਾਰ ਕੀਤੀ।

(ਬਲਜਿੰਦਰ ਮਾਨ)

# Ameer Ate Ghareeb Di Patni

# ਅਮੀਰ ਅਤੇ ਗ਼ਰੀਬ ਦੀ ਪਤਨੀ-ਅਫ਼ਰੀਕੀ ਲੋਕ ਕਹਾਣੀ

ਅਫ਼ਰੀਕਾ ਦੇ ਇੱਕ ਸ਼ਹਿਰ ਵਿੱਚ ਇੱਕ ਬਹੁਤ ਗ਼ਰੀਬ ਆਦਮੀ ਰਹਿੰਦਾ ਸੀ, ਜਿਸ ਦਾ ਨਾਂ ਸੀ ਅਨਾਨਸੀ। ਉਸ ਦੇ ਘਰ ਕੋਲ ਇੱਕ ਬਹੁਤ ਹੀ ਅਮੀਰ ਆਦਮੀ ਰਹਿੰਦਾ ਸੀ, ਜਿਸ ਦਾ ਨਾਂ 'ਕੁਝ ਨਹੀਂ' ਸੀ।

ਇੱਕ ਦਿਨ ਅਨਾਨਸੀ ਅਤੇ ਕੁਝ ਨਹੀਂ ਨੇ ਤੈਅ ਕੀਤਾ ਕਿ ਉਹ ਕਿਸੇ ਵੱਡੇ ਸ਼ਹਿਰ ਵਿੱਚ ਜਾ ਕੇ ਆਪਣੇ ਲਈ ਪਤਨੀਆਂ ਚੁਣ ਕੇ ਲਿਆਉਣਗੇ।

ਕੁਝ ਨਹੀਂ ਪੈਸੇ ਵਾਲਾ ਆਦਮੀ ਸੀ। ਇਸ ਲਈ ਉਸ ਨੇ ਯਾਤਰਾ 'ਤੇ ਜਾਣ ਤੋਂ ਪਹਿਲਾਂ ਮਲਮਲ ਦਾ ਸ਼ਾਨਦਾਰ ਕੁੜਤਾ ਪਹਿਨਿਆ। ਗ਼ਰੀਬ ਅਨਾਨਸੀ ਕੋਲ ਪਹਿਨਣ ਲਈ ਸਿਰਫ਼ ਇੱਕ ਪਾਟਿਆ ਹੋਇਆ ਕੁੜਤਾ ਸੀ।

ਤੁਰਦੇ-ਤੁਰਦੇ ਰਾਹ ਵਿੱਚ ਅਨਾਨਸੀ ਨੇ ਕੁਝ ਨਹੀਂ ਤੋਂ ਠੰਢ ਲੱਗਣ ਦਾ ਬਹਾਨਾ ਕਰਦਿਆਂ ਉਸ ਦਾ ਕੁੜਤਾ ਮੰਗਿਆ ਅਤੇ ਕਿਹਾ ਕਿ ਉਹ ਸ਼ਹਿਰ ਪੁੱਜਣ ਤੋਂ ਪਹਿਲਾਂ ਉਸ ਨੂੰ ਵਾਪਸ ਕਰ ਦੇਵੇਗਾ। ਇਸ ਤਰ੍ਹਾਂ ਦੋਵਾਂ ਨੇ ਇੱਕ-ਦੂਜੇ ਨਾਲ ਕੁੜਤੇ ਬਦਲ ਲਏ ਪਰ ਸ਼ਹਿਰ ਪੁੱਜਣ ਮਗਰੋਂ ਵੀ ਅਨਾਨਸੀ ਨੇ ਕੁਝ ਨਹੀਂ ਨੂੰ ਉਸ ਦਾ ਕੁੜਤਾ ਵਾਪਸ ਨਾ ਦਿੱਤਾ। ਅਨਾਨਸੀ ਨਾਲ ਦੋਸਤੀ ਨਾਤੇ ਕੁਝ ਨਹੀਂ ਨੇ ਆਪਣਾ ਕੁੜਤਾ ਮੰਗਣਾ ਹੀ ਬੰਦ ਕਰ ਦਿੱਤਾ ਅਤੇ ਉਸ ਨੇ ਅਨਾਨਸੀ ਦਾ ਪਾਟਿਆ ਹੋਇਆ ਕੁੜਤਾ ਹੀ ਪਹਿਨੀ ਰੱਖਿਆ।

ਅਨਾਨਸੀ ਨੇ ਮਲਮਲ ਦਾ ਸ਼ਾਨਦਾਰ ਕੁੜਤਾ ਪਾਇਆ ਹੋਇਆ ਸੀ। ਇਸ ਲਈ ਉਸ ਨੂੰ ਪਤਨੀ ਲੱਭਣ ਵਿੱਚ ਕੋਈ ਦਿੱਕਤ ਪੇਸ਼ ਨਾ ਆਈ। ਦੂਜੇ ਪਾਸੇ ਕੁਝ ਨਹੀਂ ਵੱਲ ਕਿਸੇ ਨੇ ਵੀ ਝਾਤ ਨਹੀਂ ਮਾਰੀ ਅਤੇ ਉਸ ਦੀ ਬੜੀ ਬੇਇੱਜ਼ਤੀ ਕੀਤੀ।

ਇੱਕ ਬੁੱਢੀ ਔਰਤ ਨੂੰ ਕੁਝ ਨਹੀਂ 'ਤੇ ਰਹਿਮ ਆ ਗਿਆ। ਉਸ ਨੇ ਆਪਣੀ ਧੀ ਨੂੰ ਉਸ ਦੇ ਲੜ ਲਾ ਦਿੱਤਾ। ਅਨਾਨਸੀ ਦੀ ਪਤਨੀ ਨੇ ਕੁਝ ਨਹੀਂ ਦੀ ਪਤਨੀ ਦਾ ਬਹੁਤ ਮਜ਼ਾਕ ਉਡਾਇਆ ਕਿਉਂਕਿ ਉਸ ਨੂੰ ਕੁਝ ਨਹੀਂ ਬਹੁਤ ਗ਼ਰੀਬ ਲੱਗ ਰਿਹਾ ਸੀ। ਕੁਝ ਨਹੀਂ ਦੀ ਪਤਨੀ ਨੇ ਉਸ ਦੀਆਂ ਗੱਲਾਂ ਵੱਲ ਉੱਕਾ ਧਿਆਨ ਨਾ ਦਿੱਤਾ।

ਜਦ ਉਹ ਦੋਵੇਂ ਆਪਣੀਆਂ ਪਤਨੀਆਂ ਸਮੇਤ ਆਪਣੇ ਸ਼ਹਿਰ ਪੁੱਜੇ ਤਾਂ ਦੋਵਾਂ ਦੀਆਂ ਪਤਨੀਆਂ ਨੂੰ ਬੜੀ ਹੈਰਾਨੀ ਹੋਈ। ਅਨਾਨਸੀ ਦੇ ਘਰ ਨੂੰ ਜਾਣ ਵਾਲਾ ਰਾਹ ਤਾਂ ਉੱਚਾ-ਨੀਵਾਂ ਸੀ ਅਤੇ ਕੁਝ ਨਹੀਂ ਦੇ ਮਹੱਲ ਵਰਗੇ ਘਰ ਨੂੰ

ਜਾਣ ਵਾਲਾ ਰਾਹ ਪੱਕਾ ਸੀ। ਕੁਝ ਨਹੀਂ ਦੇ ਨੌਕਰਾਂ ਨੇ ਰਾਹ ਵਿੱਚ ਫੁੱਲ ਤੇ ਕਾਲੀਨ ਵਿਛਾਏ ਹੋਏ ਸਨ। ਉਸ ਦੇ ਨੌਕਰ ਖ਼ੁਦ ਆਪਣੀਆਂ ਪਤਨੀਆਂ ਨਾਲ ਚੰਗੇ ਕੱਪੜੇ ਪਾ ਕੇ ਸਵਾਗਤ ਲਈ ਖੜ੍ਹੇ ਸਨ। ਅਨਾਨਸੀ ਲਈ ਕੋਈ ਇੰਤਜ਼ਾਰ ਨਹੀਂ ਕਰ ਰਿਹਾ ਸੀ।

ਕੁਝ ਨਹੀਂ ਦੀ ਪਤਨੀ ਪੂਰੇ ਸ਼ਹਿਰ ਦੀ ਰਾਣੀ ਵਾਂਗ ਰਹਿੰਦੀ ਸੀ ਅਤੇ ਜੋ ਚਾਹੇ ਖਰੀਦ ਸਕਦੀ ਸੀ। ਅਨਾਨਸੀ ਦੀ ਪਤਨੀ ਨੂੰ ਤਾਂ ਖਾਣ ਦੇ ਲਾਲੇ ਪਏ ਹੋਏ ਸਨ। ਉਹ ਪਤੀ-ਪਤਨੀ ਲੂਣ ਲਗਾ ਕੇ ਕੱਚੇ ਕੇਲੇ ਖਾਂਦੇ ਸਨ। ਕੁਝ ਨਹੀਂ ਦੀ ਪਤਨੀ ਨੂੰ ਜਦ ਅਨਾਨਸੀ ਦੀ ਪਤਨੀ ਦੀ ਦੁਰਦਸ਼ਾ ਬਾਰੇ ਪਤਾ ਲੱਗਾ ਤਾਂ ਉਸ ਨੇ ਉਸ ਨੂੰ ਆਪਣੇ ਮਹੱਲ ਵਿੱਚ ਸੱਦ ਲਿਆ। ਅਨਾਨਸੀ ਦੀ ਪਤਨੀ ਕੁਝ ਨਹੀਂ ਦੇ ਮਹੱਲ ਵਿੱਚ ਪੁੱਜ ਕੇ ਖ਼ੁਸ਼ ਹੋਈ ਤੇ ਉਸ ਨੇ ਅਨਾਨਸੀ ਦੀ ਝੌਂਪੜੀ ਵਿੱਚ ਵਾਪਸ ਜਾਣ ਤੋਂ ਮਨ੍ਹਾ ਕਰ ਦਿੱਤਾ।

ਇਹ ਦੇਖ ਕੇ ਅਨਾਨਸੀ ਨੂੰ ਬੜਾ ਗੁੱਸਾ ਆਇਆ। ਉਸ ਨੇ ਕੁਝ ਨਹੀਂ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ। ਉਸ ਨੇ ਆਪਣੇ ਕੁਝ ਚੂਹੇ ਦੋਸਤਾਂ ਨੂੰ ਵਰਗਲਾ ਕੇ ਕੁਝ ਨਹੀਂ ਦੇ ਮਹੱਲ ਦੇ ਦਰਵਾਜ਼ੇ ਤੱਕ ਸੁਰੰਗ ਪੁੱਟਣ ਨੂੰ ਰਾਜ਼ੀ ਕਰ ਲਿਆ। ਜਦ ਸੁਰੰਗ ਪੂਰੀ ਬਣ ਗਈ ਤਾਂ ਉਸ ਨੇ ਸੁਰੰਗ ਅੰਦਰ ਚਾਕੂ ਅਤੇ ਕੱਚ ਦੀਆਂ ਬੋਤਲਾਂ ਦੇ ਟੁਕੜੇ ਵਿਛਾ ਦਿੱਤੇ। ਉਸ ਨੇ ਕੁਝ ਨਹੀਂ ਦੇ ਮਹੱਲ ਦੇ ਦਰਵਾਜ਼ੇ ਸਾਹਮਣੇ ਬਹੁਤ ਸਾਰਾ ਸਾਬਣ ਵੀ ਮਲ ਦਿੱਤਾ ਜਿਸ ਨਾਲ ਰਾਹ ਤਿਲਕਣਾ ਹੋ ਗਿਆ।

ਰਾਤ ਨੂੰ ਜਦ ਉਸ ਨੂੰ ਲੱਗਿਆ ਕਿ ਕੁਝ ਨਹੀਂ ਆਰਾਮ ਨਾਲ ਸੌਂ ਗਿਆ ਹੈ ਤਦ ਉਸ ਨੇ ਕੁਝ ਨਹੀਂ ਨੂੰ ਬਾਹਰ ਆ ਕੇ ਕੋਈ ਗੱਲ ਕਰਨ ਲਈ ਆਵਾਜ਼ ਮਾਰੀ। ਕੁਝ ਨਹੀਂ ਦੀ ਪਤਨੀ ਨੇ ਉਸ ਨੂੰ ਐਨੀ ਰਾਤ ਨੂੰ ਬਾਹਰ ਜਾਣ ਤੋਂ ਮਨ੍ਹਾ ਕਰ ਦਿੱਤਾ। ਅਨਾਨਸੀ ਨੇ ਵਾਰ-ਵਾਰ ਕੁਝ ਨਹੀਂ ਨੂੰ ਆਵਾਜ਼ਾਂ ਦਿੱਤੀਆਂ। ਕੁਝ ਨਹੀਂ ਦੀ ਪਤਨੀ ਉਸ ਨੂੰ ਬਾਹਰ ਜਾਣ ਤੋਂ ਰੋਕਦੀ ਰਹੀ। ਅੰਤ ਕੁਝ ਨਹੀਂ ਆਪਣੀ ਪਤਨੀ ਦੀ ਗੱਲ ਅਣਸੁਣੀ ਕਰਦਿਆਂ ਅਨਾਨਸੀ ਨਾਲ ਗੱਲ ਕਰਨ ਲਈ ਬਾਹਰ ਆ ਗਿਆ।

ਸਰਦਲ 'ਤੇ ਪੈਰ ਧਰਦਿਆਂ ਹੀ ਉਹ ਤਿਲਕ ਕੇ ਸਿੱਧਾ ਸੁਰੰਗ ਵਿੱਚ ਜਾ ਡਿੱਗਿਆ ਅਤੇ ਜ਼ਖ਼ਮੀ ਹੋ ਕੇ ਮਰ ਗਿਆ। ਕੁਝ ਨਹੀਂ ਦੀ ਪਤਨੀ ਨੂੰ ਆਪਣੇ ਪਤੀ ਦੀ ਮੌਤ ਦਾ ਬੜਾ ਦੁੱਖ ਹੋਇਆ। ਉਸ ਨੇ ਬਹੁਤ ਸਾਰੇ ਸਾਬੂਦਾਣੇ ਦੀ ਲਪਸੀ ਬਣਾਈ ਅਤੇ ਸਾਰੇ ਸ਼ਹਿਰ ਦੇ ਬੱਚਿਆਂ ਨੂੰ ਵੰਡੀ ਤਾਂ ਕਿ ਉਹ ਉਸ ਦੇ ਪਤੀ ਲਈ ਰੋਣ।

ਅੱਜ ਵੀ ਅਫ਼ਰੀਕਾ ਵਿੱਚ ਜਦੋਂ ਅਸੀਂ ਕਦੀ ਬੱਚਿਆਂ ਨੂੰ ਰੋਂਦੇ ਹੋਏ ਦੇਖਦੇ ਹਾਂ ਤਾਂ ਰੋਣ ਦਾ ਕਾਰਨ ਪੁੱਛਣ 'ਤੇ ਇਹੀ ਜਵਾਬ ਮਿਲਦਾ ਹੈ ਕਿ ਉਹ ਕੁਝ ਨਹੀਂ ਲਈ ਰੋ ਰਹੇ ਹਨ।

(ਨਿਰਮਲ ਪ੍ਰੇਮੀ)

# Billi Da Sheesha-Chini Lok Kahani

# ਬਿੱਲੀ ਦਾ ਸ਼ੀਸ਼ਾ-ਚੀਨੀ ਲੋਕ ਕਹਾਣੀ

ਇੱਕ ਦਿਨ ਸ਼ੇਰ ਨੇ ਜੰਗਲ ਵਿੱਚ ਇੱਕ ਬਿੱਲੀ ਫੜ ਲਈ। ਸ਼ੇਰ ਉਸ ਨੂੰ ਖਾਣ ਬਾਰੇ ਸੋਚ ਹੀ ਰਿਹਾ ਸੀ ਤਾਂ ਬਿੱਲੀ ਨੇ ਪੁੱਛਿਆ, "ਤੁਸੀਂ ਮੈਨੂੰ ਕਿਉਂ ਖਾਣਾ ਚਾਹੁੰਦੇ ਹੋ?"

ਸ਼ੇਰ ਨੇ ਕਿਹਾ, "ਮੈਂ ਵੱਡਾ ਹਾਂ ਤੇ ਤੂੰ ਛੋਟੀ ਏਂ?" ਬਿੱਲੀ ਨੇ ਅੱਖਾਂ ਇਧਰ ਉਧਰ ਘੁੰਮਾਉਂਦਿਆਂ ਕਿਹਾ, "ਨਹੀਂ ਨਹੀਂ, ਵੱਡੀ ਤਾਂ ਮੈਂ ਹਾਂ, ਆਪ ਛੋਟੇ ਹੋ। ਤੁਸੀਂ ਕਿਸ ਤਰ੍ਹਾਂ ਕਹਿ ਰਹੇ ਹੋ ਕਿ ਮੈਂ ਵੱਡਾ ਹਾਂ?" ਬਿੱਲੀ ਦੀ ਇਹ ਗੱਲ ਸੁਣ ਕੇ ਸ਼ੇਰ ਉਲਝਣ ਵਿੱਚ ਪੈ ਗਿਆ।

ਸ਼ੇਰ ਨੇ ਮਨ ਹੀ ਮਨ ਸੋਚਿਆ, "ਗੱਲ ਤਾਂ ਇਸ ਦੀ ਠੀਕ ਹੈ ਕਿ ਮੈਂ ਕਿਸ ਤਰ੍ਹਾਂ ਸਾਬਤ ਕਰ ਸਕਦਾ ਹਾਂ ਕਿ ਮੈਂ ਕਿੰਨਾ ਵੱਡਾ ਹਾਂ?"

ਬਿੱਲੀ ਨੇ ਕਿਹਾ, "ਮੇਰੇ ਘਰ ਇੱਕ ਸ਼ੀਸ਼ਾ ਹੈ ਉਸ ਵਿੱਚ ਮੂੰਹ ਦੇਖਣ ਨਾਲ ਪਤਾ ਲੱਗ ਜਾਏਗਾ ਕਿ ਕੌਣ ਛੋਟਾ ਹੈ।"

ਸ਼ੇਰ ਨੇ ਸ਼ੀਸ਼ਾ ਕਦੀ ਵੀ ਦੇਖਿਆ ਨਹੀਂ ਸੀ। ਉਹ ਸ਼ੀਸ਼ਾ ਦੇਖਣ ਲਈ ਬਿੱਲੀ ਦੇ ਘਰ ਜਾਣ ਲਈ ਤਿਆਰ ਹੋ ਗਿਆ।

ਬਿੱਲੀ ਦਾ ਸ਼ੀਸ਼ਾ ਵੀ ਅਜੀਬ ਸੀ। ਉਸ ਦੀ ਉਪਰ ਵਾਲੀ ਤਹਿ ਤਾਂ ਉੱਭਰੀ ਹੋਈ ਸੀ ਪਰ ਪਿਛਲਾ ਹਿੱਸਾ ਵਿੱਚ ਨੂੰ ਧੱਸਿਆ ਹੋਇਆ ਸੀ। ਬਿੱਲੀ ਨੇ ਸ਼ੀਸ਼ੇ ਦਾ ਉਭਰਿਆ ਹੋਇਆ ਹਿੱਸਾ ਸ਼ੇਰ ਸਾਹਮਣੇ ਕਰ ਦਿੱਤਾ।

ਸ਼ੇਰ ਜਦੋਂ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ ਤਾਂ ਦੁਬਲਾ-ਪਤਲਾ ਗਲਹਿਰੀ ਵਰਗਾ ਲੱਗ ਰਿਹਾ ਸੀ। ਬਿੱਲੀ ਨੇ ਕਿਹਾ, "ਪਤਾ ਲੱਗ ਗਿਆ ਕਿ ਤੁਸੀਂ ਕਿੰਨੇ ਵੱਡੇ ਹੋ? ਸ਼ੀਸ਼ੇ ਵਿੱਚ ਅਸਲ ਨਾਲੋਂ ਤਾਂ ਵੱਡਾ ਹੀ ਦਿੱਖਦਾ ਹੈ ਪਰ ਕੁਝ ਸਾਲ ਪਹਿਲਾਂ ਤਾਂ ਤੁਸੀਂ ਹੋਰ ਵੀ ਛੋਟੇ ਸੀ।" ਸ਼ੇਰ ਡਰ ਗਿਆ। ਉਸ ਨੇ ਸਿਰ ਝੁਕਾ ਲਿਆ ਤੇ ਬਿੱਲੀ ਨੇ ਹੌਲੀ ਦੇਣੀ ਸ਼ੀਸ਼ਾ ਘੁੰਮਾ ਦਿੱਤਾ।

ਫਿਰ ਬਿੱਲੀ ਬੋਲੀ, "ਹੁਣ ਜ਼ਰਾ ਮੈਨੂੰ ਆਪਣਾ ਆਪ ਦੇਖਣ ਦੇ।" ਜਦੋਂ ਬਿੱਲੀ ਸ਼ੀਸ਼ੇ ਮੂਹਰੇ ਖੜ੍ਹੀ ਹੋਈ ਤਾਂ ਸ਼ੇਰ ਨੇ ਵੀ ਅੱਖ ਚੁਰਾ ਕੇ ਦੇਖਿਆ ਤਾਂ ਬਿੱਲੀ ਵੱਡੀ ਅਤੇ ਭਿਆਨਕ ਨਜ਼ਰ ਆ ਰਹੀ ਸੀ। ਬਿੱਲੀ ਦਾ ਮੂੰਹ ਵੀ ਬਹੁਤ ਵੱਡਾ ਲੱਗ ਰਿਹਾ ਸੀ, ਕਦੀ ਖੁੱਲ੍ਹਦਾ ਸੀ ਤਾਂ ਕਦੀ ਬੰਦ ਹੋ ਰਿਹਾ ਸੀ ਅਤੇ ਬੜਾ ਡਰਾਵਣਾ ਲੱਗ ਰਿਹਾ ਸੀ। ਸ਼ੇਰ ਨੇ

ਸੋਚਿਆ ਕਿ ਬਿੱਲੀ ਮੈਨੂੰ ਖਾਣਾ ਚਾਹੁੰਦੀ ਹੈ। ਸ਼ੇਰ ਹੌਲੀ ਦੇਣੀ ਉੱਥੋਂ ਖਿਸਕਿਆ ਤੇ ਜੰਗਲ ਵੱਲ ਨੂੰ ਦੌੜ ਗਿਆ।

(ਅਮਰਜੀਤ ਚੰਦਰ)

# Lalchi Bhara-Mangolian Lok Kahani

# ਲਾਲਚੀ ਭਰਾ-ਮੰਗੋਲੀਆਈ ਲੋਕ ਕਹਾਣੀ

ਮੰਗੋਲੀਆ ਦੇ ਇੱਕ ਨਿੱਕੇ ਜਿਹੇ ਪਿੰਡ ਵਿੱਚ ਇੱਕ ਗ਼ਰੀਬ ਮਜ਼ਦੂਰ ਸੈਮ ਅਤੇ ਉਸ ਦਾ ਪਰਿਵਾਰ ਰਹਿੰਦਾ ਸੀ। ਪਰਿਵਾਰ ਨੂੰ ਪਾਲਣ ਲਈ ਸੈਮ ਅਤੇ ਉਸ ਦੀ ਘਰਵਾਲੀ ਮੌਲੀ ਨੂੰ ਬੜੀ ਸਖ਼ਤ ਮਿਹਨਤ ਕਰਨੀ ਪੈਂਦੀ। ਸੈਮ ਸੁਵੱਖਤੇ ਹੀ ਮਜ਼ਦੂਰੀ ਕਰਨ ਨਿਕਲ ਜਾਂਦਾ ਅਤੇ ਹਨੇਰਾ ਹੋਣ ਤਕ ਹੱਡ-ਭੰਨਵੀਂ ਮਿਹਨਤ ਕਰਦਾ। ਮੌਲੀ ਵੀ ਸਾਰਾ ਦਿਨ ਘਰ ਦੇ ਕੰਮਾਂ ਵਿੱਚ ਲੱਗੀ ਰਹਿੰਦੀ। ਖਾਣਾ ਪਕਾਉਣ ਲਈ ਲੱਕੜੀਆਂ ਇਕੱਠੀਆਂ ਕਰਨੀਆਂ ਅਤੇ ਨਦੀ ਤੋਂ ਪਾਣੀ ਲਿਆਉਣਾ ਉਸ ਦੇ ਜ਼ਿੰਮੇ ਸੀ।

ਸੈਮ ਦੇ ਪੰਜ ਪੁੱਤਰ ਸਨ ਪਰ ਸਾਰੇ ਹੀ ਅੱਵਲ ਦਰਜੇ ਦੇ ਨਖੱਟੂ। ਘਰ ਦੀ ਗ਼ਰੀਬੀ ਨੂੰ ਦੇਖਦੇ ਹੋਏ ਵੀ ਉਹ ਆਪਣੇ ਮਾਪਿਆਂ ਦੇ ਕੰਮ ਵਿੱਚ ਹੱਥ ਨਹੀਂ ਵਟਾਉਂਦੇ ਸਨ। ਮੌਲੀ ਰੱਬ ਤੋਂ ਦਿਨ-ਰਾਤ ਮਿਹਰ ਭਰਿਆ ਹੱਥ ਰੱਖਣ ਦੀ ਦੁਆ ਮੰਗਦੀ। ਉਹ ਰੋਜ਼ ਨਹਾ-ਧੋ ਕੇ ਪਾਠ-ਪੂਜਾ ਕਰਦੀ ਅਤੇ ਕਹਿੰਦੀ, “ਹੇ ਰੱਬਾ! ਮੈਨੂੰ ਇੱਕ ਅਜਿਹਾ ਪੁੱਤਰ ਦੇ ਜੋ ਸਾਡੀ ਸੇਵਾ ਕਰ ਸਕੇ।”

ਪਿੰਡ ਦੇ ਕਈ ਜੋਤਸ਼ੀ ਵੀ ਮੌਲੀ ਨੂੰ ਇਹੋ ਆਖਦੇ ਰਹਿੰਦੇ ਕਿ ਉਸ ਦਾ ਛੇਵਾਂ ਪੁੱਤਰ ਬਹੁਤ ਹੀ ਭਾਗਾਂ ਵਾਲਾ ਹੋਵੇਗਾ। ਹੁਣ ਸੈਮ ਤੇ ਮੌਲੀ ਨੂੰ ਪੂਰਾ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਹੋਣ ਵਾਲਾ ਪੁੱਤਰ ਜ਼ਰੂਰ ਹੋਣਹਾਰ ਹੋਵੇਗਾ। ਕਹਿੰਦੇ ਨੇ ‘ਰੱਬ ਦੇ ਰੰਗ ਨਿਆਰੇ’। ਉਨ੍ਹਾਂ ਦੇ ਘਰ ਬੱਚੇ ਦੀ ਬਜਾਏ ਇੱਕ ਅਜਗਰ ਨੇ ਜਨਮ ਲਿਆ।

ਜਨਮ ਲੈਂਦਿਆਂ ਹੀ ਉਸ ਅਜਗਰ ਨੇ ਕਿਹਾ, “ਮਾਂ, ਤੂੰ ਮੈਨੂੰ ਆਪਣੇ ਘਰ ਦੇ ਪਿੱਛੇ ਜੰਗਲ ਵਿੱਚ ਛੱਡ ਆ। ਜੇ ਮੈਂ ਇੱਥੇ ਰਿਹਾ ਤਾਂ ਲੋਕ ਮੈਨੂੰ ਮਾਰ ਮੁਕਾਵਣਗੇ।” ਮੌਲੀ ਤਾਂ ਪਹਿਲਾਂ ਹੀ ਡਾਹਢੀ ਦੁਖੀ ਸੀ ਕਿ ਉਸ ਦਾ ਬੱਚਾ, ਬੱਚਾ ਨਾ ਹੋ ਕੇ ਇੱਕ ਅਜਗਰ ਹੈ। ਜੰਗਲ ’ਚ ਛੱਡ ਆਉਣ ਦੀ ਗੱਲ ਨੇ ਤਾਂ ਉਸ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਦੁਖੀ ਕਰ ਦਿੱਤਾ। ਆਪਣੀ ਮਾੜੀ ਕਿਸਮਤ ਨੂੰ ਰੋਂਦੀ ਮੌਲੀ ਭਾਰੀ ਮਨ ਨਾਲ ਆਖਰ ਆਪਣੇ ਅਜਗਰ ਪੁੱਤਰ ਨੂੰ ਜੰਗਲ ਛੱਡ ਆਈ।

ਰਾਤ ਨੂੰ ਉਹ ਰੋਂਦੀ-ਰੋਂਦੀ ਸੌਂ ਗਈ। ਸੁਪਨੇ ਵਿੱਚ ਉਸ ਨੂੰ ਆਪਣਾ ਪੁੱਤਰ ਅਜਗਰ ਦਿਖਾਈ ਦਿੱਤਾ। ਉਹ ਉਸ ਦੀ ਗੋਦ ਵਿੱਚ ਪਿਆ ਕਹਿ ਰਿਹਾ ਸੀ, “ਮਾਂ ਤੂੰ ਮੇਰਾ ਫ਼ਿਕਰ ਨਾ ਕਰ। ਮੈਂ ਸੱਪ ਬਣ ਕੇ ਜਨਮ ਲਿਆ ਉਸ ਦਾ ਇੱਕ ਕਾਰਨ ਸਰਾਪ ਹੈ।” “ਸਰਾਪ? ਕਿਹੋ ਜਿਹਾ ਸਰਾਪ? ਕੀਹਨੇ ਦਿੱਤਾ ਤੈਨੂੰ ਸਰਾਪ?” ਮਾਂ ਨੇ ਸਵਾਲਾਂ ਦੀ ਝੜੀ ਲਾ

ਦਿੱਤੀ।

ਅਜਗਰ ਕਹਿਣ ਲੱਗਾ, "ਮਾਂ, ਮੈਂ ਪਿਛਲੇ ਜਨਮ ਵਿੱਚ ਬਹੁਤ ਅਮੀਰ ਆਦਮੀ ਸੀ। ਮੇਰੇ ਕੋਲ ਕਈ ਮਣ ਸੋਨਾ ਸੀ ਪਰ ਮੈਂ ਆਪਣੇ ਧਨ 'ਚੋਂ ਫੁੱਟੀ ਕੌਡੀ ਵੀ ਕਿਸੇ ਨੂੰ ਨਹੀਂ ਦਿੰਦਾ ਸੀ। ਇੱਥੋਂ ਤਕ ਕਿ ਮੇਰੀ ਮਾਂ ਭੁੱਖੀ-ਤਿਹਾਈ ਮਰ ਗਈ ਪਰ ਉਸ ਨੂੰ ਵੀ ਇੱਕ ਧੇਲਾ ਨਹੀਂ ਦਿੱਤਾ। ਮੇਰਾ ਇਹ ਪਾਪ ਇੰਨਾ ਵੱਡਾ ਸੀ ਕਿ ਇਸ ਜਨਮ ਵਿੱਚ ਮੈਨੂੰ ਸੱਪ ਦੇ ਰੂਪ ਵਿੱਚ ਇਨਸਾਨ ਦੇ ਘਰ ਜਨਮ ਲੈਣਾ ਪਿਆ। ਮੈਂ ਆਪਣੇ ਕੀਤੇ ਦੀ ਭੁੱਲ ਬਖ਼ਸ਼ਾਵਾਂਗਾ ਅਤੇ ਤੈਨੂੰ ਹਰ ਰੋਜ਼ ਦੋ ਉਂਗਲ ਸੋਨਾ ਦੇਵਾਂਗਾ।" "ਦੋ ਉਂਗਲ ਸੋਨਾ?" ਮਾਂ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ, ਰੋਜ਼ ਦੋ ਉਂਗਲ ਸੋਨਾ ਦੇਵਾਂਗਾ। ਕੱਲ੍ਹ ਤੋਂ ਮੈਂ ਰੋਜ਼ ਇੱਕ ਕਟੋਰਾ ਦੁੱਧ ਪੀਣ ਘਰ ਆਵਾਂਗਾ। ਜਦ ਮੈਂ ਦੁੱਧ ਪੀ ਹਟਾਂ, ਤੂੰ ਮੇਰੀ ਪੂਛ ਨਾਲੋਂ ਦੋ ਉਂਗਲਾਂ ਜਿੰਨਾ ਟੁਕੜਾ ਲਾਹ ਲਵੀਂ। ਉਹ ਟੁਕੜਾ ਤੁਰੰਤ ਸੋਨਾ ਬਣ ਜਾਵੇਗਾ," ਅਜਗਰ ਸਮਝਾਉਣ ਲੱਗਾ।

"ਨਹੀਂ... ਨਹੀਂ... ਮੇਰੇ ਬੱਚੇ, ਮੈਂ ਇੰਜ ਨਹੀਂ ਕਰ ਸਕਦੀ। ਤੂੰ ਨਹੀਂ ਜਾਣਦਾ ਕਿ ਇਉਂ ਤੇਰੇ ਨਾਲ-ਨਾਲ ਮੈਨੂੰ ਵੀ ਤਕਲੀਫ਼ ਹੋਵੇਗੀ," ਘਬਰਾਈ ਹੋਈ ਮੌਲੀ ਨੇ ਕਿਹਾ।

"ਨਹੀਂ ਮਾਂ, ਮੈਨੂੰ ਭੋਰਾ ਵੀ ਤਕਲੀਫ਼ ਨਹੀਂ ਹੋਵੇਗੀ।" ਅਜਗਰ ਨੇ ਕਿਹਾ।

ਸੁਪਨਾ ਖ਼ਤਮ ਹੋ ਗਿਆ। ਇਕਦਮ ਮੌਲੀ ਦੀ ਅੱਖ ਖੁੱਲ੍ਹ ਗਈ। ਉੱਠ ਕੇ ਉਹ ਇੱਧਰ-ਉਧਰ ਦੇਖਣ ਲੱਗੀ। ਉਸ ਨੂੰ ਜਾਪਿਆ ਜਿਵੇਂ ਉਸ ਦਾ ਅਜਗਰ ਪੁੱਤਰ ਇੱਥੇ ਕਿਤੇ ਘਰ 'ਚ ਹੀ ਹੋਵੇ ਪਰ ਉੱਥੇ ਕੁਝ ਵੀ ਨਹੀਂ ਸੀ। ਫਿਰ ਵੀ ਪਤਾ ਨਹੀਂ ਕਿਉਂ ਮੌਲੀ ਨੂੰ ਸੁਪਨਾ ਸੱਚ ਹੋਣ ਦਾ ਯਕੀਨ ਸੀ। ਅਗਲੇ ਦਿਨ ਉਸ ਨੇ ਕਟੋਰਾ ਦੁੱਧ ਨਾਲ ਭਰ ਕੇ ਕਮਰੇ ਵਿੱਚ ਰੱਖ ਦਿੱਤਾ ਅਤੇ ਅਜਗਰ ਨੂੰ ਉਡੀਕਣ ਲੱਗੀ। ਕੁਝ ਚਿਰ ਪਿੱਛੋਂ ਅਜਗਰ ਆਇਆ ਅਤੇ ਕਟੋਰੇ 'ਚੋਂ ਦੁੱਧ ਪੀਣ ਲੱਗਾ। ਦੁੱਧ ਪੀ ਕੇ ਉਸ ਨੇ ਆਪਣੀ ਮਾਂ ਵੱਲ ਦੇਖਿਆ।

ਮੌਲੀ ਸਮਝ ਗਈ ਕਿ ਉਸ ਦਾ ਪੁੱਤਰ ਪੂਛ ਨਾਲੋਂ ਦੋ ਉਂਗਲ ਟੋਟਾ ਕੱਟਣ ਨੂੰ ਕਹਿ ਰਿਹਾ ਹੈ। ਉਸ ਨੇ ਇੱਕ ਤਿੱਖੀ ਛੁਰੀ ਚੁੱਕ ਲਈ ਪਰ ਪੂਛ ਕੱਟਣ ਲਈ ਉਸ ਦਾ ਹੀਆ ਨਾ ਪਿਆ। ਮਾਂ ਦਾ ਦਿਲ ਜੋ ਹੋਇਆ। ਉਸ ਦੇ ਹੱਥ ਕੰਬਣ ਲੱਗੇ ਕਿ ਕਿਤੇ ਪੁੱਤਰ ਨੂੰ ਦੁਖ ਨਾ ਲੱਗੇ। ਉਸੇ ਵਕਤ ਉਹਨੂੰ ਸੁਪਨੇ ਦੀ ਗੱਲ ਯਾਦ ਆਈ। ਉਸ ਨੇ ਫਟਾਫਟ ਅਜਗਰ ਦੀ ਦੋ ਉਂਗਲਾਂ ਪੂਛ ਕੱਟ ਲਈ। ਟੁਕੜਾ ਪੂਛ ਨਾਲੋਂ ਅੱਡ ਹੁੰਦਿਆ ਹੀ ਸੋਨੇ ਵਿੱਚ ਬਦਲ ਗਿਆ। ਅਜਗਰ ਵਾਪਸ ਜੰਗਲ ਵਿੱਚ ਚਲਾ ਗਿਆ।

ਉਸ ਦਿਨ ਮਗਰੋਂ ਅਜਗਰ ਪੁੱਤਰ ਰੋਜ਼ਾਨਾ ਆਉਂਦਾ, ਦੁੱਧ ਪੀਂਦਾ ਤੇ ਮਾਂ ਮੌਲੀ ਉਸ ਦੀ ਪੂਛ ਨਾਲੋਂ ਦੋ ਉਂਗਲ

ਟੁਕੜਾ ਕੱਟ ਲੈਂਦੀ। ਸੈਮ ਦੇ ਪਰਿਵਾਰ ਦੀ ਮਾਲੀ ਹਾਲਤ ਸੁਧਰਨ ਲੱਗ ਪਈ। ਹੁਣ ਸਾਰੇ ਪਰਿਵਾਰ ਨੂੰ ਤਿੰਨ ਡੰਗ ਦੀ ਰੋਟੀ ਅਤੇ ਪਾਉਣ ਨੂੰ ਵਧੀਆ ਕੱਪੜੇ ਨਸੀਬ ਹੋਣ ਲੱਗੇ। ਉਨ੍ਹਾਂ ਦੇ ਪੰਜੇ ਆਲਸੀ ਤੇ ਨਖੱਟੂ ਪੁੱਤਰਾਂ ਨੂੰ ਹੁਣ ਮੌਜ ਲੱਗ ਗਈ। ਉਨ੍ਹਾਂ ਦੀ ਮੌਜ-ਮਸਤੀ ਤੇ ਫ਼ਜ਼ੂਲ ਖ਼ਰਚੀ ਦਿਨ-ਬ-ਦਿਨ ਵਧਦੀ ਗਈ। ਕੁਝ ਦਿਨਾਂ ਬਾਅਦ ਮੁੰਡਿਆਂ ਨੂੰ ਲੱਗਾ ਕਿ ਰੋਜ਼ ਮਿਲਣ ਵਾਲਾ ਦੋ ਉਂਗਲ ਸੋਨਾ ਘੱਟ ਹੈ। ਉਹ ਆਪਣੀ ਮਾਂ ਕੋਲ ਗਏ ਤੇ ਖਰਚਣ ਲਈ ਵਧੇਰੇ ਪੈਸਿਆਂ ਦੀ ਮੰਗ ਕਰਨ ਲੱਗੇ।

"ਸਾਨੂੰ ਜਿਹੜਾ ਦੋ ਉਂਗਲ ਸੋਨਾ ਮਿਲਦਾ ਹੈ ਉਹਦੇ ਵਿੱਚ ਹੀ ਗੁਜ਼ਾਰਾ ਕਰਨਾ ਚਾਹੀਦਾ ਹੈ। ਪੁੱਤਰੋ, ਬਹੁਤਾ ਲਾਲਚ ਠੀਕ ਨਹੀਂ ਹੁੰਦਾ।" ਮਾਂ ਨੇ ਆਲਸੀ ਪੁੱਤਰਾਂ ਨੂੰ ਸਮਝਾਉਣ ਲਈ ਆਖਿਆ।

ਪਰ ਉਹ ਜ਼ਿੱਦੀ ਮੁੰਡੇ ਭਲਾ ਕਿੱਥੇ ਸਮਝਣ ਵਾਲੇ ਸਨ। ਉਲਟਾ ਉਹ ਆਪਣੀ ਮਾਂ ਨੂੰ ਸਮਝਾਉਣ ਲੱਗੇ, "ਜੇਕਰ ਤੂੰ ਸਾਡੇ ਅਜਗਰ ਭਰਾ ਦੀ ਪੂਛ ਨਾਲੋਂ ਦੋ ਉਂਗਲ ਟੁਕੜਾ ਵੱਧ ਕੱਟ ਲਵੇਂਗੀ ਤਾਂ ਉਹ ਬੁਰਾ ਨਹੀਂ ਮਨਾਵੇਗਾ। ਸਾਨੂੰ ਇਸ ਗੱਲ ਦਾ ਪੂਰਾ ਯਕੀਨ ਹੈ। ਆਖਰ ਉਹ ਸਾਡਾ ਭਰਾ ਹੈ ਅਤੇ ਸਾਡੀ ਗ਼ਰੀਬੀ ਤੇ ਦੁੱਖ-ਦਰਦ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਸਗੋਂ ਸਾਡੀ ਮਦਦ ਕਰਕੇ ਉਹਨੂੰ ਖ਼ੁਸ਼ੀ ਹੋਵੇਗੀ।" "ਨਹੀਂ... ਮੈਂ ਇਹ ਨਹੀਂ ਕਰ ਸਕਦੀ। ਮੈਂ ਰਤੀ ਭਰ ਵੀ ਵੱਧ ਪੂਛ ਨਹੀਂ ਕੱਟਾਂਗੀ," ਮਾਂ ਨੇ ਜਵਾਬ ਦਿੱਤਾ।

ਪਰ ਮੌਲੀ ਦੇ ਪੁੱਤਰਾਂ ਨੇ ਉਸ ਦਾ ਖਹਿੜਾ ਨਾ ਛੱਡਿਆ। ਆਖਰ ਤੰਗ ਆ ਕੇ ਉਸ ਨੂੰ ਉਨ੍ਹਾਂ ਦੀ ਜ਼ਿਦ ਮੰਨਣੀ ਹੀ ਪਈ। ਉਹਨੇ ਆਪਣੇ ਮਨ ਨੂੰ ਸਮਝਾਇਆ: 'ਪੁੱਤਰ ਠੀਕ ਹੀ ਤਾਂ ਕਹਿੰਦੇ ਨੇ। ਭਲਾ ਦੋ ਉਂਗਲਾਂ ਵੱਧ ਪੂਛ ਦਾ ਟੁਕੜਾ ਕੱਟਣ 'ਚ ਕੀ ਹਰਜ਼ ਹੈ। ਮੇਰੇ ਅਜਗਰ ਪੁੱਤਰ ਨੂੰ ਇਤਰਾਜ਼ ਵੀ ਕੀ ਹੋ ਸਕਦਾ ਹੈ? ਉਸ ਦੇ ਭਰਾਵਾਂ ਨੂੰ ਹੀ ਤਾਂ ਇਹ ਸੋਨਾ ਚਾਹੀਦਾ ਹੈ?'

ਅਗਲੇ ਦਿਨ ਜਦ ਅਜਗਰ ਆਇਆ ਤਾਂ ਮਾਂ ਨੇ ਦੁੱਧ ਦਾ ਕਟੋਰਾ ਉਹਦੇ ਸਾਹਮਣੇ ਰੱਖ ਦਿੱਤਾ। ਸਾਰਾ ਦੁੱਧ ਪੀਣ ਮਗਰੋਂ ਉਹ ਮਾਂ ਵੱਲ ਦੇਖਣ ਲੱਗਾ।

ਮੌਲੀ ਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਉਸ ਦੇ ਹੱਥ ਵਿੱਚ ਚਾਕੂ ਸੀ। ਉਸ ਨੇ ਇੱਕੋ ਝਟਕੇ 'ਚ ਅਜਗਰ ਦੀ ਪੂਛ ਨਾਲੋਂ ਚਾਰ ਉਂਗਲ ਟੁਕੜਾ ਕੱਟ ਲਿਆ। ਪਰ ਇਹ ਕੀ? ਅੱਜ ਪੂਛ ਦਾ ਟੁਕੜਾ ਸੋਨਾ ਨਾ ਬਣਿਆ ਸਗੋਂ ਅਜਗਰ ਦੀ ਪੂਛ 'ਚੋਂ ਖ਼ੂਨ ਵਗਣ ਲੱਗ ਪਿਆ। ਕੁਝ ਹੀ ਪਲਾਂ ਵਿੱਚ ਉਹ ਤੜਪ-ਤੜਪ ਕੇ ਮਰ ਗਿਆ। ਮੌਲੀ ਦੇਖਦੀ ਹੀ ਰਹਿ ਗਈ। ਉਸ ਦੇ ਦੁੱਖ ਦੀ ਕੋਈ ਥਾਹ ਨਹੀਂ ਸੀ।

ਆਪਣੀ ਮਾਂ ਨੂੰ ਰੋਂਦਿਆਂ ਦੇਖ ਉਹ ਪੰਜੇ ਨਖੱਟੂ ਮੁੰਡੇ ਵੀ ਆ ਗਏ। ਕੋਲ ਹੀ ਮਰਿਆ ਹੋਇਆ ਅਜਗਰ ਪਿਆ

ਸੀ। ਉਨ੍ਹਾਂ 'ਚੋਂ ਇੱਕ ਨੇ ਪੂਛ ਨਾਲੋਂ ਕੱਟਿਆ ਹੋਇਆ ਟੁਕੜਾ ਚੁੱਕ ਕੇ ਦੇਖਿਆ ਜੋ ਸੋਨੇ ਦਾ ਨਾ ਹੋ ਕੇ ਮਾਸ ਦਾ ਟੋਟਾ ਸੀ।

ਉਹ ਪੰਜੇ ਭਰਾ ਆਪਣੇ ਸਿਰ ਫੜ ਕੇ ਰੋਣ ਲੱਗੇ। ਉਨ੍ਹਾਂ ਦੇ ਹੱਥ ਸੋਨਾ ਵੀ ਨਾ ਲੱਗਾ ਅਤੇ ਅਜਗਰ ਵੀ ਮਰ ਗਿਆ। ਉਨ੍ਹਾਂ ਦੇ ਲਾਲਚ ਨੇ ਸੈਮ ਅਤੇ ਮੌਲੀ ਨੂੰ ਇੱਕ ਵਾਰ ਫਿਰ ਗ਼ਰੀਬੀ 'ਚ ਧੱਕ ਦਿੱਤਾ।

(ਨਿਰਮਲ ਪ੍ਰੇਮੀ)

# Daria Vehnda Riha-Italian Lok Kahani

# ਦਰਿਆ ਵਹਿੰਦਾ ਰਿਹਾ-ਇਤਾਲਵੀ ਲੋਕ ਕਹਾਣੀ

ਉਹ ਇੱਕ ਅਤਿ ਸੁੰਦਰ ਦਰਿਆ ਸੀ ਜਿਹੜਾ ਹਜ਼ਾਰਾਂ ਮੀਲਾਂ ਵਿੱਚ ਵਹਿ ਰਿਹਾ ਸੀ, ਕਈ ਦੇਸ਼ਾਂ ਵਿੱਚੋਂ ਦੀ, ਪੂਰੇ ਦੇ ਪੂਰੇ ਮਹਾਂਦੀਪ ਵਿੱਚੋਂ ਦੀ। ਉਹ ਮੰਬੇ ਕੋਲੋਂ ਇੱਕ ਮੀਲ ਤੋਂ ਵੀ ਵੱਧ ਚੁੜੇਰਾ ਸੀ। ਉਸ ਦੇ ਅੱਧ ਵਿੱਚ ਘਾਹ ਵਾਲੇ ਛੋਟੇ -ਛੋਟੇ ਜਜ਼ੀਰੇ ਸਨ ਤੇ ਦੂਜੇ ਬੰਨੇ ਜੰਗਲ ਹੀ ਜੰਗਲ।

ਇੱਕ ਦਿਨ ਪੱਛਮ ਵਿੱਚ ਕਈ ਮਹੀਨਿਆਂ ਤੋਂ ਘੁੰਮ ਰਿਹਾ ਇੱਕ ਫਿਰਤੂ ਨੀਲਾ ਕਬੀਲਾ ਇਸ ਦਰਿਆ ’ਤੇ ਆ ਉਤਰਿਆ। ਉਹ ਕਿਸੇ ਉਪਜਾਊ ਧਰਤੀ ਨੂੰ ਵਸਣ ਵਾਸਤੇ ਲੱਭ ਰਹੇ ਸਨ।

ਨੀਲੇ ਕਬੀਲੇ ਦਾ ਸਰਦਾਰ ਨੀਲੇ ਚੋਗੇ ਤੇ ਲਾਲ ਰੰਗ ਦੀ ਟੋਪੀ ਨਾਲ ਅਤਿ ਸੁੰਦਰ ਤੇ ਬਹਾਦਰ ਵਿਖਾਈ ਦੇ ਰਿਹਾ ਸੀ। ਉਸ ਨੇ ਦਰਿਆ ਦੇ ਕਲਕਲ ਕਰਦੇ ਪਾਣੀ ਵੱਲ ਇਸ਼ਾਰਾ ਕਰਕੇ ਆਖਿਆ, “ਵੇਖੋ ਮਿੱਤਰੋ! ਇੱਕ ਦਰਿਆ, ਅਨੋਖਾ ਦਰਿਆ, ਸਮੁੰਦਰ ਜਿੰਨਾ ਚੌੜਾ। ਹੁਣ ਤੋਂ ਇਹ ਸਾਡਾ ਹੈ। ਮੈਂ ਇਸ ਨੂੰ ਨੀਲੇ ਸਾਗਰ ਦਾ ਨਾਂ ਦਿੰਦਾ ਹਾਂ। ਤੰਬੂ ਗੱਡ ਦਿਓ! ਅੱਗਾਂ ਬਾਲੋ ਤੇ ਜਸ਼ਨ ਮਨਾਓ।” ਉਸ ਦੇ ਬੋਲਾਂ ਵਿੱਚੋਂ ਖ਼ੁਸ਼ੀ ਝਲਕ ਰਹੀ ਸੀ।

ਉਸੇ ਵੇਲੇ ਇੱਕ ਹੋਰ ਫਿਰਤੂ ਕਬੀਲਾ- ਹਰਾ ਕਬੀਲਾ- ਦਰਿਆ ਦੇ ਦੂਜੇ ਕੰਢੇ ’ਤੇ ਆ ਉਤਰਿਆ। ਉਹ ਵੀ ਵਸਣ ਲਈ ਕਿਸੇ ਸੁਹਾਵਣੀ ਧਰਤੀ ਦੀ ਭਾਲ ਵਿੱਚ ਸਨ। ਉਨ੍ਹਾਂ ਨੂੰ ਵੀ ਇਹ ਥਾਂ ਪਸੰਦ ਆ ਗਈ।

ਹਰੇ ਕਬੀਲੇ ਦਾ ਸਰਦਾਰ ਹਰੇ ਚੋਗੇ ਤੇ ਹਰੀ ਟੋਪੀ ਨਾਲ ਅਤਿ ਸੁੰਦਰ ਤੇ ਬਹਾਦਰ ਵਿਖਾਈ ਦੇ ਰਿਹਾ ਸੀ। ਉਸ ਨੇ ਦਰਿਆ ਦੇ ਵਹਿੰਦੇ ਪਾਣੀ ਵੱਲ ਇਸ਼ਾਰਾ ਕਰਕੇ ਆਖਿਆ, “ਵੇਖੋ ਦੋਸਤੋ! ਇੱਕ ਦਰਿਆ! ਹੁਣ ਤੋਂ ਹੀ ਇਹ ਸਾਡਾ ਦਰਿਆ ਹੈ। ਮੈਂ ਇਸ ਨੂੰ ਹਰਾ ਦਰਿਆ ਆਖਾਂਗਾ। ਤੁਸੀਂ ਤੰਬੂ ਗੱਡ ਦਿਓ। ਅੱਗਾਂ ਜਲਾ ਦਿਓ ਤੇ ਖ਼ੂਬ ਜਸ਼ਨ ਮਨਾਓ।”

ਦੋਵੇਂ ਕਬੀਲੇ ਇੱਕ ਦੂਜੇ ਨੂੰ ਆਹਮੋ ਸਾਹਮਣੇ ਦੇਖ ਕੇ ਹੈਰਾਨ ਹੋ ਗਏ। ਦੋਵੇਂ ਸਰਦਾਰ ਆਪਸ ਵਿੱਚ ਮਿਲੇ ਤੇ ਗੱਲਬਾਤ ਕੀਤੀ। ਜਿਉਂ-ਜਿਉਂ ਉਹ ਗੱਲਾਂ ਕਰਨ ਤਿਉਂ ਤਿਉਂ ਵਧੇਰੇ ਗੁੱਸੇ ਹੁੰਦੇ ਜਾਣ। ਹਰ ਕੋਈ ਉਸ ਦਰਿਆ ਉੱਤੇ ਆਪਣਾ ਹੱਕ ਜਤਾਉਂਦਾ ਸੀ। ਜਦੋਂ ਉਹ ਆਪਣਾ ਹੱਕ ਸਾਬਿਤ ਕਰਨ ਲਈ ਦਲੀਲਾਂ ਦੇਣ ਲੱਗੇ ਤਾਂ ਉਨ੍ਹਾਂ ਦੀਆਂ ਗੁੱਸੇ ਭਰੀਆਂ ਆਵਾਜ਼ਾਂ ਬਹੁਤ ਉੱਚੀਆਂ ਹੋ ਗਈਆਂ। ਅੰਤ ਨੀਲਾ ਸਰਦਾਰ ਆਪਣੀ ਕਿਸ਼ਤੀ ਵਿੱਚ ਖੜ੍ਹਾ

ਹੋ ਗਿਆ। ਕਿਸ਼ਤੀ ਡੋਲ ਗਈ। ਨੀਲਾ ਸਰਦਾਰ ਮੁੱਕਾ ਵੱਟਦਾ ਹੋਇਆ ਹਰੇ ਸਰਦਾਰ ਨੂੰ ਬੋਲਿਆ:

"ਇਹ ਦਰਿਆ ਮੇਰਾ ਹੈ। ਇਹ ਨੀਲਾ ਦਰਿਆ ਹੈ।"

"ਨਹੀਂ, ਇਹ ਮੇਰਾ ਹੈ!" ਹਰੇ ਸਰਦਾਰ ਨੇ ਪਰਤਵਾਂ ਜਵਾਬ ਦਿੱਤਾ, "ਇਹ ਹਰਾ ਦਰਿਆ ਹੈ।"

"ਮੈਂ ਤੁਹਾਡੇ ਲੋਕਾਂ ਨਾਲ ਜੰਗ ਕਰਨ ਦਾ ਐਲਾਨ ਕਰਦਾ ਹਾਂ।" ਨੀਲੇ ਸਰਦਾਰ ਨੇ ਗਰਜ ਕੇ ਆਖਿਆ, "ਜੰਗ ਹੀ ਅੰਤਮ ਫ਼ੈਸਲਾ ਕਰੇਗੀ।"

"ਅਸੀਂ ਵੀ ਲੜਨ ਲਈ ਤਿਆਰ ਹਾਂ।" ਹਰੇ ਸਰਦਾਰ ਨੇ ਆਪਣਾ ਫ਼ੈਸਲਾ ਦੇ ਦਿੱਤਾ।

ਦੋਵੇਂ ਸਰਦਾਰ ਆਪੋ ਆਪਣੇ ਪਾਸੇ ਪਰਤ ਗਏ ਤੇ ਆਪਣੇ ਸਾਥੀਆਂ ਨਾਲ ਮਸ਼ਵਰਾ ਕਰਕੇ ਲੜਾਈ ਲੜਨ ਦਾ ਫ਼ੈਸਲਾ ਪੱਕਾ ਕਰ ਲਿਆ।

"ਸਾਨੂੰ ਦਰਿਆ ਦੇ ਚੜ੍ਹਦੇ ਵੱਲ ਵਧਣਾ ਚਾਹੀਦਾ ਹੈ। ਜਦੋਂ ਤੀਕਰ ਸਾਨੂੰ ਪਾਰ ਕਰਨ ਲਈ ਤੰਗ ਥਾਂ ਨਹੀਂ ਲੱਭ ਪੈਂਦੀ," ਨੀਲੇ ਸਰਦਾਰ ਨੇ ਫ਼ੈਸਲਾ ਸੁਣਾਇਆ, "ਉਦੋਂ ਅਸੀਂ ਇੱਕ ਦੂਜੇ ਨਾਲ ਨਿਪਟ ਲਵਾਂਗੇ ਤੇ ਹਰੇ ਸਰਦਾਰ ਨੂੰ ਦੱਸ ਦਿਆਂਗੇ ਕਿ ਇਸ ਦਰਿਆ ਦਾ ਮਾਲਕ ਕੌਣ ਹੈ।"

ਦੂਜੇ ਬੰਨੇ ਹਰੇ ਸਰਦਾਰ ਨੇ ਵੀ ਅਜਿਹਾ ਹੀ ਫ਼ੈਸਲਾ ਕਰ ਲਿਆ। ਦੋਵੇਂ ਕਬੀਲੇ ਦਰਿਆ ਦੇ ਚੜ੍ਹਦੇ ਪਾਸੇ ਨੂੰ ਦੋਵੇਂ ਕਿਨਾਰਿਆਂ 'ਤੇ ਇੱਕ ਦੂਜੇ ਦੇ ਆਹਮੋ ਸਾਹਮਣੇ ਛੇਤੀ ਛੇਤੀ ਵਧਣ ਲੱਗ ਪਏ। ਸਫ਼ਰ ਦਾ ਪਹਿਲਾ ਹਿੱਸਾ ਮੈਦਾਨੀ ਹੋਣ ਕਰਕੇ ਉਨ੍ਹਾਂ ਲਈ ਸੁਖਾਵਾਂ ਸੀ ਤੇ ਇਹ ਛੇਤੀ ਦੇਣੀ ਮੁੱਕ ਗਿਆ। ਇਸ ਸਮੇਂ ਇਹ ਸ਼ਾਨਦਾਰ ਦਰਿਆ ਉਨ੍ਹਾਂ ਵਿਚਕਾਰ ਬੜੀ ਸ਼ਾਨ ਨਾਲ ਵਹਿੰਦਾ ਰਿਹਾ। ਹੁਣ ਪਹਾੜੀਆਂ ਆਉਣੀਆਂ ਸ਼ੁਰੂ ਹੋ ਗਈਆਂ- ਉੱਚੀਆਂ ਤੇ ਨੰਗੀਆਂ, ਉਹ ਪਹਾੜੀਆਂ ਜਿੱਥੇ ਨਾ ਜਾਨਵਰ ਸਨ, ਨਾ ਕੁਝ ਖਾਣ ਲਈ ਸੀ ਤੇ ਨਾ ਪੀਣ ਲਈ। ਦੋਵੇਂ ਕਬੀਲਿਆਂ ਦੇ ਬੰਦਿਆਂ ਨੂੰ ਔਕੜਾਂ ਆਉਣ ਲੱਗੀਆਂ। ਜਿਉਂ-ਜਿਉਂ ਉਪਰ ਵਧਦੇ ਰਹੇ, ਤਿਉਂ ਤਿਉਂ ਦਰਿਆ ਦਾ ਪਾਟ ਤੰਗ ਹੁੰਦਾ ਗਿਆ। ਏਧਰ ਰਾਹ ਪਥਰੀਲਾ ਤੇ ਢਲਵਾਂ, ਹੁਣ ਦਰਿਆ ਦਾ ਪਾਣੀ ਚਟਾਨਾਂ ਵਿਚਦੀ ਝੱਗ ਸੁੱਟਦਾ ਤੇ ਉਬਾਲੇ ਖਾਂਦਾ ਵਹਿ ਰਿਹਾ ਸੀ।

ਅੰਤ ਵਿੱਚ ਦੋਵੇਂ ਕਬੀਲੇ ਸਫ਼ਰ ਦੀਆਂ ਔਕੜਾਂ ਸਹਾਰਦੇ ਹੋਏ ਦਰਿਆ ਦੇ ਮੰਬੇ 'ਤੇ ਪੁੱਜ ਗਏ ਤੇ ਚਸ਼ਮੇ ਦੇ ਆਹਮੋ ਸਾਹਮਣੇ ਹੋ ਕੇ ਖੜ੍ਹੋ ਗਏ। ਦੋਵਾਂ ਕਬੀਲਿਆਂ ਦੇ ਸਰਦਾਰ ਲੜਨ ਵਾਸਤੇ ਅੱਗੇ ਵਧੇ।

"ਇਹ ਦਰਿਆ ਮੇਰਾ ਹੈ।" ਨੀਲਾ ਸਰਦਾਰ ਬੋਲਿਆ, "ਵੇਖੋ, ਮੈਂ ਆਪਣਾ ਪੈਰ ਇਸ ਦੇ ਪਾਣੀ ਵਿੱਚ ਪਾ ਦਿੱਤਾ ਹੈ।"

"ਨਹੀਂ! ਇਹ ਸਾਡਾ ਹੈ।" ਹਰੇ ਸਰਦਾਰ ਨੇ ਮੂੰਹ ਮੋੜਵਾਂ ਉੱਤਰ ਦਿੱਤਾ, "ਵੇਖੋ, ਮੈਂ ਵੀ ਇਸ ਦੇ ਪਾਣੀ ਨੂੰ ਛੂਹ ਦਿੱਤਾ ਹੈ।"

ਦੋਵੇਂ ਕਬੀਲਿਆਂ ਦੇ ਪੁਰਸ਼ਾਂ ਨੇ ਆਪਣੀਆਂ ਆਪਣੀਆਂ ਤਲਵਾਰਾਂ ਮਿਆਨਾਂ ਵਿੱਚੋਂ ਸੂਤ ਲਈਆਂ ਤੇ ਲੜਨ ਲਈ ਅੱਗੇ ਵਧੇ, ਪਰ ਅਚਾਨਕ ਹੀ ਦਰਿਆ ਵਿੱਚੋਂ ਥਰਥਰਾਉਂਦੀ ਹੋਈ ਆਵਾਜ਼ ਆਈ ਤੇ ਲੜਾਈ ਰੁਕ ਗਈ: "ਇਸ ਮੂਰਖਤਾ ਤੋਂ ਬਾਜ਼ ਆ ਜਾਓ," ਦਰਿਆ ਬੋਲਿਆ, "ਤੁਸੀਂ ਜਿੰਨਾ ਮਰਜ਼ੀ ਲੜ ਲਵੋ, ਤੁਹਾਡੇ ਵਿੱਚੋਂ ਕੋਈ ਵੀ ਮੈਨੂੰ ਆਪਣਾ ਨਹੀਂ ਬਣਾ ਸਕਦਾ। ਮੈਂ ਸਾਰੇ ਸੰਸਾਰ ਦੀ ਮਲਕੀਅਤ ਹਾਂ, ਮੈਂ ਸਾਰਿਆਂ ਦਾ ਹਾਂ, ਪਰ ਕੋਈ ਮੈਨੂੰ ਫੜ ਨਹੀਂ ਸਕਦਾ। ਸਾਲ ਦੇ ਸਾਲ, ਸਦੀਆਂ ਦੀਆਂ ਸਦੀਆਂ ਮੈਂ ਆਪਣੇ ਪਹਾੜੀ ਝੂਲੇ ਵਿੱਚੋਂ ਵਗਦਾ ਹਾਂ ਤੇ ਸਮੁੰਦਰ ਵਿੱਚ ਜਾ ਪੁੱਜਦਾ ਹਾਂ। ਮੇਰਾ ਕਿਤੇ ਅੰਤ ਨਹੀਂ। ਮੈਂ ਬੁੱਢਾ ਹਾਂ, ਪਰ ਤੁਸੀਂ ਚਸ਼ਮਿਆਂ ਤੋਂ ਮੇਰਾ ਪਾਣੀ ਪੀ ਸਕਦੇ ਹੋ ਜਿਹੜਾ ਸਦਾ ਤਾਜ਼ਾ ਹੁੰਦਾ ਹੈ। ਇਸ ਤਰ੍ਹਾਂ ਮੈਂ ਸਦਾ ਜਵਾਨ ਰਹਿੰਦਾ ਹਾਂ। ਭਲਾ ਕਿਸ ਤਰ੍ਹਾਂ ਤੁਹਾਡੇ ਵਿੱਚੋਂ ਕੋਈ ਹਰਾ ਜਾਂ ਨੀਲਾ ਸਰਦਾਰ ਮੈਨੂੰ ਚੁੱਕ ਕੇ ਕਿਤੇ ਹੋਰ ਥਾਂ ਲੈ ਜਾਣ ਦੀ ਆਸ ਰੱਖ ਸਕਦਾ ਹੈ? ਮੈਂ ਹੁਣ ਤੁਹਾਥੋਂ ਇਹ ਮੂਰਖਤਾ ਹੋਰ ਸੁਣਨਾ ਨਹੀਂ ਚਾਹੁੰਦਾ। ਤੁਸੀਂ ਮੈਨੂੰ ਸਾਂਝਾ ਸਮਝੋ ਤੇ ਅਮਨ ਨਾਲ ਰਹੋ।"

ਇਸ ਆਵਾਜ਼ ਨੇ ਦੋਵਾਂ ਕਬੀਲਿਆਂ ਦਾ ਗੁੱਸਾ ਠੰਢਾ ਕਰ ਦਿੱਤਾ। ਉਨ੍ਹਾਂ ਨੇ ਇੱਕ ਦੂਜੇ ਨੂੰ ਗਲਵੱਕੜੀਆਂ ਵਿੱਚ ਲੈ ਲਿਆ। ਦੋਵਾਂ ਸਰਦਾਰਾਂ ਨੇ ਖ਼ੁਸ਼ੀ ਦੇ ਜਾਮ ਪੀਤੇ ਤੇ ਇਸ ਸ਼ਾਨਦਾਰ ਦਰਿਆ 'ਤੇ ਅਮਨ ਚੈਨ ਨਾਲ ਵੱਸਣ ਲੱਗ ਪਏ। ...ਤੇ ਦਰਿਆ ਵਹਿੰਦਾ ਰਿਹਾ, ਵਹਿੰਦਾ ਰਿਹਾ।

(ਸੁਖਦੇਵ ਮਾਦਪੁਰੀ)

# Kismet Di Bhaal-Lok Kahani

# ਕਿਸਮਤ ਦੀ ਭਾਲ-ਲੋਕ ਕਹਾਣੀ

ਕਿਸੇ ਪਿੰਡ ਵਿੱਚ ਇੱਕ ਲੜਕਾ ਰਹਿੰਦਾ ਸੀ। ਅਮੀਰ ਬਣਨ ਦੀ ਲਾਲਸਾ ਹਰ ਵੇਲੇ ਉਸ ਦੇ ਮਨ ਵਿੱਚ ਉਸਲਵੱਟੇ ਲੈਂਦੀ ਰਹਿੰਦੀ ਸੀ। ਆਪਣੀ ਇਸੇ ਲਾਲਸਾ ਨੂੰ ਪੂਰੀ ਕਰਨ ਲਈ ਉਹ ਇੱਕ ਸ਼ਹਿਰ ਵਿੱਚ ਜਾ ਕੇ ਨੌਕਰੀ ਕਰਨ ਲੱਗ ਪਿਆ ਪਰ ਉਹ ਆਪਣੀ ਕਮਾਈ ਤੋਂ ਸੰਤੁਸ਼ਟ ਨਹੀਂ ਸੀ। ਉਹ ਕੁਝ ਅਜਿਹਾ ਕਰਨਾ ਲੋਚਦਾ ਸੀ, ਜਿਸ ਨਾਲ ਉਸ ਦੀ ਕਿਸਮਤ ਯਕਦਮ ਬਦਲ ਜਾਵੇ। ਉਹ ਥੋੜ੍ਹਾ ਆਲਸੀ ਇਨਸਾਨ ਸੀ। ਜਦੋਂ ਦੇਖੋ ਉਹ ਵੱਡੇ-ਵੱਡੇ ਸੁਪਨੇ ਦੇਖਦਾ ਰਹਿੰਦਾ ਸੀ।

ਇੱਕ ਦਿਨ ਉਹ ਇੱਕ ਸਾਧੂ ਕੋਲ ਗਿਆ। ਉਸ ਨੇ ਸਾਧੂ ਨੂੰ ਆਪਣੀ ਪੂਰੀ ਕਹਾਣੀ ਸੁਣਾਈ ਅਤੇ ਪੁੱਛਿਆ, "ਸਾਧੂ ਮਹਾਰਾਜ, ਕ੍ਰਿਪਾ ਕਰਕੇ ਮੈਨੂੰ ਇਹ ਦੱਸੋ ਕਿ ਆਖਰ ਮੇਰੀ ਕਿਸਮਤ ਕਿੱਥੇ ਹੈ?"

ਸਾਧੂ ਉਸ ਨੌਜਵਾਨ ਦੀ ਗੱਲ ਸਮਝ ਗਿਆ ਕਿ ਉਹ ਬੜਾ ਆਲਸੀ ਹੈ ਅਤੇ ਬਿਨਾਂ ਕੋਈ ਕੰਮ ਕੀਤੇ ਅਮੀਰ ਬਣਨਾ ਚਾਹੁੰਦਾ ਹੈ। ਥੋੜ੍ਹੀ ਦੇਰ ਨੌਜਵਾਨ ਨੂੰ ਦੇਖਣ ਤੋਂ ਬਾਅਦ ਸਾਧੂ ਨੇ ਕਿਹਾ, "ਪੁੱਤਰ, ਤੇਰੀ ਕਿਸਮਤ ਇੱਥੇ ਕਿਤੇ ਨਹੀਂ ਹੈ। ਉਹ ਤਾਂ ਸਮੁੰਦਰ ਦੇ ਪਰਲੇ ਪਾਸੇ ਹੈ। ਆਪਣੀ ਕਿਸਮਤ ਨੂੰ ਲੱਭਣ ਲਈ ਤੈਨੂੰ ਸਮੁੰਦਰ ਦੇ ਦੂਜੇ ਪਾਸੇ ਜਾਣਾ ਪਵੇਗਾ।"

ਉਹ ਤੁਰੰਤ ਆਪਣੀ ਕਿਸਮਤ ਨੂੰ ਹਾਸਲ ਕਰਨ ਲਈ ਕਾਹਲਾ ਪੈ ਗਿਆ ਅਤੇ ਸਮੁੰਦਰ ਦੇ ਦੂਜੇ ਪਾਸੇ ਜਾਣ ਲਈ ਸਫ਼ਰ 'ਤੇ ਨਿਕਲ ਤੁਰਿਆ। ਤੁਰਦਿਆਂ-ਤੁਰਦਿਆਂ ਉਸ ਨੇ ਕਈ ਪਹਾੜ ਲੰਘੇ, ਕਈ ਨਦੀਆਂ ਪਾਰ ਕੀਤੀਆਂ। ਅੰਤ ਉਹ ਇੱਕ ਸੁਰਮਈ ਮੈਦਾਨ ਵਿੱਚ ਜਾ ਪੁੱਜਾ, ਜਿੱਥੇ ਇੱਕ ਪਾਸੇ ਝਰਨਾ ਵਗ ਰਿਹਾ ਸੀ। ਉਸ ਨੇ ਝਰਨੇ ਤੋਂ ਪਾਣੀ ਪੀਤਾ ਅਤੇ ਹਰੇ ਘਾਹ 'ਤੇ ਲੰਮਾ ਪੈ ਗਿਆ।

ਘਾਹ 'ਤੇ ਪੈਂਦਿਆਂ ਸਾਰ ਉਹ ਨੀਂਦ ਦੀ ਬੁੱਕਲ ਵਿੱਚ ਚਲਾ ਗਿਆ। ਕਾਫ਼ੀ ਚਿਰ ਸੌਣ ਤੋਂ ਬਾਅਦ ਜਦੋਂ ਉਸ ਦੀ ਜਾਗ ਖੁੱਲ੍ਹੀ ਤਾਂ ਉਸ ਦੀ ਨਜ਼ਰ ਮੈਦਾਨ ਵਿੱਚ ਇੱਕ ਸੁੰਦਰ ਲੜਕੀ 'ਤੇ ਪਈ। ਲੜਕੀ ਨੇ ਉਸ ਨੂੰ ਪੁੱਛਿਆ, "ਤੁਸੀਂ ਕਿੱਥੇ ਜਾ ਰਹੇ ਹੋ?" ਨੌਜਵਾਨ ਨੇ ਜਵਾਬ ਦਿੱਤਾ, "ਮੈਂ ਤਾਂ ਆਪਣੀ ਕਿਸਮਤ ਦੀ ਭਾਲ ਵਿੱਚ ਨਿਕਲਿਆ ਹਾਂ।" ਇਸ 'ਤੇ ਲੜਕੀ ਬੋਲੀ, "ਮੈਨੂੰ ਵੀ ਆਪਣੀ ਕਿਸਮਤ ਦੀ ਉਡੀਕ ਹੈ। ਮੇਰਾ ਵਿਆਹ ਨਹੀਂ ਹੋ ਰਿਹਾ। ਜੇ ਤੁਹਾਨੂੰ ਮੇਰੀ ਕਿਸਮਤ ਮਿਲੇ ਤਾਂ ਉਸ ਨੂੰ ਪੁੱਛਣਾ ਕਿ ਮੇਰਾ ਵਿਆਹ ਕਦੋਂ ਹੋਵੇਗਾ?"

"ਅੱਛਾ, ਮੈਂ ਜ਼ਰੂਰ ਪੁੱਛਾਂਗਾ ਅਤੇ ਵਾਪਸੀ 'ਤੇ ਦੱਸ ਦੇਵਾਂਗਾ ਪਰ ਤੂੰ ਮੈਨੂੰ ਕਿੱਥੇ ਮਿਲੇਂਗੀ?" ਨੌਜਵਾਨ ਨੇ ਪੁੱਛਿਆ।
"ਮੈਂ ਤੈਨੂੰ ਇੱਥੇ ਹੀ ਮਿਲਾਂਗੀ।" ਲੜਕੀ ਨੇ ਕਿਹਾ।

ਉਹ ਉੱਥੋਂ ਅਗਾਂਹ ਤੁਰ ਪਿਆ। ਕੁਝ ਹੀ ਦੂਰ ਜਾਣ 'ਤੇ ਉਸ ਨੂੰ ਇੱਕ ਸੋਹਣਾ ਸੁਨੱਖਾ ਘੋੜਾ ਦਿਖਾਈ ਦਿੱਤਾ। ਘੋੜੇ ਨੂੰ ਦੇਖ ਕੇ ਉਸ ਨੇ ਮਨ ਹੀ ਮਨ ਸੋਚਿਆ, "ਕਾਸ਼! ਮੇਰੇ ਕੋਲ ਵੀ ਇਹੋ ਜਿਹਾ ਘੋੜਾ ਹੁੰਦਾ, ਤਾਂ ਅੱਖ ਝਮੱਕੇ 'ਚ ਹੀ ਮੈਂ ਸਮੁੰਦਰ ਦੇ ਕੰਢੇ ਪਹੁੰਚ ਜਾਂਦਾ।" ਅਜੇ ਉਹ ਇਹ ਗੱਲ ਸੋਚ ਹੀ ਰਿਹਾ ਸੀ ਕਿ ਘੋੜਾ ਉਹਦੇ ਨੇੜੇ ਆ ਕੇ ਪੁੱਛਣ ਲੱਗਿਆ, "ਐ ਨੌਜਵਾਨ, ਤੂੰ ਕੌਣ ਹੈਂ ਅਤੇ ਕਿੱਥੇ ਜਾ ਰਿਹਾ ਹੈਂ? ਨੌਜਵਾਨ ਨੇ ਜਵਾਬ ਦਿੱਤਾ, "ਮੈਂ ਕਿਸਮਤ ਦਾ ਮਾਰਿਆ ਹੋਇਆ ਹਾਂ ਅਤੇ ਆਪਣੀ ਕਿਸਮਤ ਦੀ ਭਾਲ ਵਿੱਚ ਨਿਕਲਿਆ ਹਾਂ।"

ਇਹ ਸੁਣ ਕੇ ਘੋੜਾ ਕਹਿਣ ਲੱਗਿਆ, "ਭਰਾਵਾ, ਮੈਂ ਵੀ ਤਾਂ ਕਿਸਮਤ ਦਾ ਮਾਰਿਆ ਹਾਂ। ਮੈਨੂੰ ਕੋਈ ਸਵਾਰ ਨਹੀਂ ਮਿਲਦਾ। ਤੂੰ ਮੇਰੀ ਕਿਸਮਤ ਦਾ ਪਤਾ ਕਰੀਂ। ਜੇ ਉਹ ਤੈਨੂੰ ਮਿਲ ਗਈ ਤਾਂ ਉਸ ਨੂੰ ਪੁੱਛੀਂ ਕਿ ਮੈਨੂੰ ਸਵਾਰ ਕਦੋਂ ਮਿਲੇਗਾ?"

ਘੋੜੇ ਦੀ ਗੱਲਬਾਤ ਤੋਂ ਬਾਅਦ ਉਹ ਫਿਰ ਅੱਗੇ ਹੋ ਤੁਰਿਆ। ਅੱਗੇ ਜਾ ਕੇ ਉਸ ਨੂੰ ਇੱਕ ਰੁੱਖ ਮਿਲਿਆ। ਦੇਖਣ ਵਿੱਚ ਰੁੱਖ ਸੀ ਤਾਂ ਬਹੁਤ ਵੱਡਾ ਪਰ ਅੱਧਾ ਸੁੱਕਿਆ ਹੋਇਆ ਸੀ। ਉਹ ਥੋੜ੍ਹਾ ਚਿਰ ਆਰਾਮ ਕਰਨ ਲਈ ਰੁੱਖ ਹੇਠਾਂ ਬੈਠ ਗਿਆ। ਅਜੇ ਉਹ ਬੈਠਾ ਹੀ ਸੀ ਕਿ ਰੁੱਖ ਉਸ ਤੋਂ ਪੁੱਛਣ ਲੱਗਿਆ, "ਐਂ ਮੁਸਾਫ਼ਿਰ ਤੂੰ ਕਿੱਥੇ ਜਾ ਰਿਹਾ ਹੈਂ? ਬਹੁਤ ਥੱਕਿਆ ਹੋਇਆ ਲੱਗ ਰਿਹਾ ਹੈਂ?" ਨੌਜਵਾਨ ਨੇ ਜਵਾਬ ਦਿੱਤਾ, "ਹਾਂ ਭਰਾ, ਬਹੁਤ ਦੂਰ ਤੋਂ ਆਇਆ ਹਾਂ ਅਤੇ ਸਮੁੰਦਰ ਪਾਰ ਤੋਂ ਆਪਣੀ ਕਿਸਮਤ ਲਿਆਉਣ ਜਾ ਰਿਹਾ ਹਾਂ।"

"ਅੱਛਾ ਕਿਸਮਤ ਨੂੰ ਲਿਆਉਣ ਜਾ ਰਿਹਾ ਏਂ। ਬੜੀ ਚੰਗੀ ਗੱਲ ਹੈ ਭਰਾ। ਮੈਂ ਤਾਂ ਤੁਰ ਨਹੀਂ ਸਕਦਾ, ਨਹੀਂ ਤਾਂ ਮੈਂ ਵੀ ਤੇਰੇ ਨਾਲ ਤੁਰ ਪੈਂਦਾ। ਤੂੰ ਦੇਖ ਰਿਹਾ ਹੈਂ ਕਿ ਮੇਰਾ ਇੱਕ ਪਾਸਾ ਬਿਲਕੁਲ ਸੁੱਕ ਗਿਆ ਹੈ। ਤੂੰ ਮੇਰੀ ਕਿਸਮਤ ਬਾਰੇ ਪਤਾ ਕਰੀਂ ਕਿ ਮੁੜ ਕਦੋਂ ਹਰਿਆ-ਭਰਿਆ ਹੋਵਾਂਗਾ?"

ਤੁਰਦਿਆਂ-ਤੁਰਦਿਆਂ ਆਖਰ ਉਹ ਸਮੁੰਦਰ ਕੰਢੇ ਪੁੱਜ ਗਿਆ। ਉੱਥੇ ਇੱਕ ਮਗਰਮੱਛ ਪੇਟ ਦਰਦ ਨਾਲ ਕਰਾਹ ਰਿਹਾ ਸੀ। ਜਦੋਂ ਉਸ ਨੇ ਮਗਰਮੱਛ ਨੂੰ ਸਮੁੰਦਰ ਪਾਰ ਜਾਣ ਦਾ ਕਾਰਨ ਦੱਸਿਆ ਤਾਂ ਉਹ ਬੜਾ ਖ਼ੁਸ਼ ਹੋਇਆ। ਉਸ ਨੇ ਕਿਹਾ, "ਭਰਾ ਮੇਰੀ ਵੀ ਕਿਸਮਤ ਦਾ ਪਤਾ ਕਰਨਾ। ਰੋਜ਼ ਪੇਟ ਵਿੱਚ ਦਰਦ ਰਹਿੰਦਾ ਹੈ। ਨਾ ਕੁਝ ਖਾਧਾ ਜਾਂਦਾ ਹੈ ਨਾ ਪੀਤਾ।"

ਨੌਜਵਾਨ ਬੋਲਿਆ, "ਤੂੰ ਮੈਨੂੰ ਆਪਣੀ ਪਿੱਠ 'ਤੇ ਬਿਠਾ ਕੇ ਸਮੁੰਦਰ ਪਾਰ ਕਰਾ ਦੇ। ਮੈਂ ਜ਼ਰੂਰ ਪਤਾ ਕਰੂੰਗਾ।"

ਉਹ ਮਗਰਮੱਛ 'ਤੇ ਸਵਾਰ ਹੋ ਕੇ ਸਮੁੰਦਰ ਪਾਰ ਜਾ ਲੱਗਿਆ। ਸਮੁੰਦਰ ਪਾਰ ਕਾਫ਼ੀ ਭਟਕਣ ਤੋਂ ਬਾਅਦ ਆਖਰ ਉਸ ਨੂੰ ਇੱਕ ਸਾਧੂ ਮਿਲਿਆ। ਉਸ ਨੇ ਸਾਧੂ ਨੂੰ ਆਪਣੀ ਸਾਰੀ ਕਹਾਣੀ ਦੱਸੀ ਅਤੇ ਆਪਣੀ ਕਿਸਮਤ ਦਾ ਪਤਾ ਪੁੱਛਿਆ।

ਸਾਧੂ ਨੇ ਕਿਹਾ, "ਬੇਟਾ, ਤੇਰੀ ਕਿਸਮਤ ਤੇਰੇ ਕੋਲ ਹੀ ਤਾਂ ਹੈ। ਤੂੰ ਐਨਾ ਲੰਮਾ ਸਫ਼ਰ ਕੀਤਾ ਹੈ। ਐਨੀ ਮਿਹਨਤ ਕੀਤੀ ਹੈ। ਤੈਨੂੰ ਤਾਂ ਸਾਰਾ ਕੁਝ ਮਿਲਿਆ ਹੈ।"

ਨੌਜਵਾਨ ਕਹਿਣ ਲੱਗਿਆ, "ਮਹਾਰਾਜ, ਮੈਂ ਕੁਝ ਸਮਝਿਆ ਨਹੀਂ। ਮੰਨ ਲਿਆ ਕਿ ਮੇਰੀ ਕਿਸਮਤ ਮੇਰੇ ਕੋਲ ਹੈ ਪਰ ਜੋ ਲੋਕ ਮੈਨੂੰ ਰਾਹ ਵਿੱਚ ਮਿਲੇ ਸਨ ਉਨ੍ਹਾਂ ਦੀ ਕਿਸਮਤ ਕਿੱਥੇ ਹੈ। ਉਹ ਸੁੰਦਰੀ, ਉਹ ਘੋੜਾ, ਉਹ ਰੁੱਖ ਅਤੇ ਉਹ ਮਗਰਮੱਛ...।"

"ਧਿਆਨ ਨਾਲ ਸੁਣ ਬੇਟਾ, ਮਗਰਮੱਛ ਨੇ ਰਾਣੀ ਦਾ ਨੌਲੱਖਾ ਹਾਰ ਨਿਗਲ ਲਿਆ ਹੈ। ਇਸੇ ਕਾਰਨ ਉਸ ਦੇ ਪੇਟ ਵਿੱਚ ਦਰਦ ਰਹਿੰਦਾ ਹੈ। ਤੂੰ ਉਹਨੂੰ ਉਲਟੀ ਕਰਨ ਵਾਸਤੇ ਕਹੀਂ। ਹਾਰ ਪੇਟ 'ਚੋਂ ਨਿਕਲ ਜਾਣ 'ਤੇ ਉਹ ਠੀਕ ਹੋ ਜਾਵੇਗਾ। ਰੁੱਖ ਦੇ ਚਹੁੰ ਕੋਨਿਆਂ ਵਿੱਚ ਧਨ ਦੱਬਿਆ ਹੈ, ਇਸੇ ਕਾਰਨ ਉਹ ਸੁੱਕ ਰਿਹਾ ਹੈ। ਘੋੜਾ, ਗੱਭਰੂ ਸਵਾਰ ਦੇ ਬਿਨਾਂ ਅਧੂਰਾ ਹੈ ਅਤੇ ਸੁੰਦਰੀ, ਗੱਭਰੂ ਵਰ ਦੇ ਬਿਨਾਂ।" ਸਾਧੂ ਨੇ ਕਿਹਾ।

ਇਹ ਸਾਰਾ ਕੁਝ ਸੁਣ ਕੇ ਨੌਜਵਾਨ, ਸਾਧੂ ਨੂੰ ਪ੍ਰਣਾਮ ਕਰਕੇ ਵਾਪਸ ਮੁੜ ਪਿਆ। ਮਗਰਮੱਛ ਦੀ ਪਿੱਠ 'ਤੇ ਬੈਠ ਕੇ ਸਮੁੰਦਰ ਦੇ ਕੰਢੇ ਪੁੱਜ ਕੇ ਉਸ ਨੇ ਉਵੇਂ ਹੀ ਕੀਤਾ ਜਿਵੇਂ ਸਾਧੂ ਨੇ ਕਿਹਾ ਸੀ। ਉਸ ਨੇ ਸਭ ਤੋਂ ਪਹਿਲਾਂ ਮਗਰਮੱਛ ਤੋਂ ਉਲਟੀ ਕਰਵਾਈ। ਇਸ ਨਾਲ ਨੌਲੱਖਾ ਹਾਰ ਬਾਹਰ ਨਿਕਲ ਆਇਆ। ਮਗਰਮੱਛ ਦੇ ਪੇਟ ਦਾ ਦਰਦ ਠੀਕ ਹੋ ਗਿਆ। ਨੌਜਵਾਨ ਨੇ ਹਾਰ ਆਪਣੇ ਕੋਲ ਰੱਖ ਲਿਆ।

ਰੁੱਖ ਦੇ ਕੋਲ ਪੁੱਜ ਕੇ ਉਸ ਨੇ ਉਸ ਦੀਆਂ ਜੜ੍ਹਾਂ ਵਿੱਚ ਦੱਬਿਆ ਧਨ ਬਾਹਰ ਕੱਢ ਲਿਆ। ਰੁੱਖ ਫਿਰ ਹਰਾ-ਭਰਾ ਹੋਣ ਲੱਗਿਆ ਅਤੇ ਉਹ ਸਾਰਾ ਧਨ ਲੈ ਕੇ ਅਗਾਂਹ ਤੁਰ ਪਿਆ।

ਅੱਗੇ ਸਵਾਰ ਦੀ ਉਡੀਕ ਵਿੱਚ ਘੋੜਾ ਇਧਰ-ਇਧਰ ਭਟਕ ਰਿਹਾ ਸੀ। ਉਹ ਘੋੜੇ 'ਤੇ ਸਵਾਰ ਹੋ ਗਿਆ ਅਤੇ ਘੋੜੇ ਨੂੰ ਗੱਭਰੂ ਸਵਾਰ ਮਿਲ ਗਿਆ। ਮੈਦਾਨ ਵਿੱਚ ਪਹੁੰਚਣ 'ਤੇ ਉਸ ਨੇ ਸੁੰਦਰੀ ਸਾਹਮਣੇ ਵਿਆਹ ਦਾ ਪ੍ਰਸਤਾਵ ਰੱਖਿਆ। ਸੁੰਦਰੀ ਨੇ ਹੱਸਦਿਆਂ ਕਬੂਲ ਕਰ ਲਿਆ। ਨੌਜਵਾਨ ਸੁੰਦਰੀ ਨੂੰ ਲੈ ਕੇ ਘੋੜੇ 'ਤੇ ਸਵਾਰ ਹੋ ਕੇ ਧਨ-ਦੌਲਤ ਸਮੇਤ ਵਾਪਸ ਆਪਣੇ ਘਰ ਪਹੁੰਚ ਗਿਆ।

(ਨਿਰਮਲ ਪ੍ਰੇਮੀ)

# Man Di Sundarta-Swedish Lok Kahani

# ਮਨ ਦੀ ਸੁੰਦਰਤਾ-ਸਵੀਡਨ ਦੀ ਲੋਕ ਕਹਾਣੀ

ਸਵੀਡਨ ਦੇ ਟੋਪਾਜ ਪ੍ਰਾਂਤ ਵਿੱਚ ਇੱਕ ਲੜਕੀ ਆਪਣੇ ਮਾਪਿਆਂ ਨਾਲ ਰਹਿੰਦੀ ਸੀ। ਉਸ ਦਾ ਨਾਂ ਲੂਸੀ ਸੀ। ਆਪਣੇ ਮਾਤਾ-ਪਿਤਾ ਦੀ ਲਾਡਲੀ ਲੂਸੀ ਬੜੀ ਦਿਆਲੂ ਅਤੇ ਮਿਲਣਸਾਰ ਸੀ। ਉਸ ਨੂੰ ਇੱਕ ਹੀ ਦੁੱਖ ਸੀ ਕਿ ਉਹ ਸੁੰਦਰ ਨਹੀਂ ਸੀ।

ਇੱਕ ਦਿਨ ਦੀ ਗੱਲ ਹੈ ਕਿ ਲੂਸੀ ਬਾਜ਼ਾਰ ਜਾ ਰਹੀ ਸੀ। ਰਾਹ ਵਿੱਚ ਉਸ ਨੇ ਇੱਕ ਬੁੱਢੀ ਨੂੰ ਦੇਖਿਆ। ਉਹ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਪਰ ਤੇਜ਼ ਗੱਡੀਆਂ ਆਉਣ-ਜਾਣ ਕਾਰਨ ਉਹ ਸਫ਼ਲ ਨਹੀਂ ਹੋ ਰਹੀ ਸੀ। ਲੂਸੀ ਨੂੰ ਉਸ ’ਤੇ ਤਰਸ ਆ ਗਿਆ। ਉਸ ਨੇ ਬੁੱਢੀ ਦਾ ਹੱਥ ਫੜ ਕੇ ਸੜਕ ਪਾਰ ਕਰਵਾ ਦਿੱਤੀ। ਬੁੱਢੀ ਨੇ ਉਸ ਨੂੰ ਅਸੀਸਾਂ ਦਿੰਦੇ ਹੋਏ ਕਿਹਾ, “ਬੇਟੀ ਤੂੰ ਸੱਚਮੁੱਚ ਬਹੁਤ ਚੰਗੇ ਦਿਲ ਦੀ ਏਂ। ਮੈਂ ਚਾਹੁੰਦੀ ਹਾਂ ਕਿ ਤੇਰੀ ਸੂਰਤ ਵੀ ਤੇਰੇ ਮਨ ਜਿਹੀ ਹੀ ਹੋ ਜਾਏ...।”

ਫਿਰ ਬੁੱਢੀ ਨੇ ਆਪਣੇ ਥੈਲੇ ’ਚੋਂ ਇੱਕ ਖੰਭ ਕੱਢਿਆ ਅਤੇ ਲੂਸੀ ਨੂੰ ਦਿੰਦਿਆਂ ਕਿਹਾ, “ਲੈ, ਜਦ ਤਕ ਇਸ ਨੂੰ ਆਪਣੇ ਕੋਲ ਰੱਖੇਂਗੀ, ਤੂੰ ਬੇਹੱਦ ਸੁੰਦਰ ਦਿਸੇਂਗੀ...।”

ਸੱਚਮੁੱਚ, ਖੰਭ ਹੱਥ ਵਿੱਚ ਫੜਦਿਆਂ ਹੀ ਲੂਸੀ ਸੁੰਦਰ ਹੋ ਗਈ। ਉਹ ਬੁੱਢੀ ਪਤਾ ਨਹੀਂ ਕਿੱਥੇ ਗਾਇਬ ਹੋ ਗਈ। ਲੂਸੀ ਖ਼ੁਸ਼ੀ-ਖ਼ੁਸ਼ੀ ਆਪਣੇ ਘਰ ਵਾਪਸ ਆ ਗਈ। ਘਰ ਆ ਕੇ ਉਸ ਨੇ ਆਪਣੇ ਮਾਤਾ-ਪਿਤਾ ਨੂੰ ਸਾਰਾ ਕਿੱਸਾ ਆਖ ਸੁਣਾਇਆ। ਉਸ ਦੇ ਪਿਤਾ ਕਹਿਣ ਲੱਗੇ, “ਹੁਣ ਅਸੀਂ ਆਪਣੀ ਲਾਡਲੀ ਧੀ ਦੀ ਸ਼ਾਦੀ ਕਰਾਂਗੇ...।”

ਲੂਸੀ ਦੇ ਪਿਤਾ ਨੇ ਉਸੇ ਦਿਨ ਤੋਂ ਉਸ ਲਈ ਢੁੱਕਵਾਂ ਵਰ ਲੱਭਣਾ ਸ਼ੁਰੂ ਕਰ ਦਿੱਤਾ। ਕਈ ਲੜਕੇ ਦੇਖੇ ਪਰ ਉਨ੍ਹਾਂ ’ਚੋਂ ਇੱਕ ਵੀ ਅਜਿਹਾ ਨਹੀਂ ਮਿਲਿਆ ਜੋ ਲੂਸੀ ਲਈ ਢੁੱਕਵਾਂ ਹੋਵੇ। ਆਖਰ ਇੱਕ ਬੇਹੱਦ ਸੁੰਦਰ ਲੜਕਾ ਉਨ੍ਹਾਂ ਨੂੰ ਲੂਸੀ ਲਈ ਪਸੰਦ ਆ ਗਿਆ। ਲੂਸੀ ਨੇ ਵੀ ਉਸ ਲੜਕੇ ਨੂੰ ਦੇਖਿਆ। ਉਸ ਨੇ ਟੋਪੀ ਪਹਿਨੀ ਹੋਈ ਸੀ। ਉਹ ਸੱਚਮੁੱਚ ਬੜਾ ਸੁੰਦਰ ਲੱਗ ਰਿਹਾ ਸੀ।

ਮਾਤਾ-ਪਿਤਾ ਦੀ ਹਾਜ਼ਰੀ ਵਿੱਚ ਉਸ ਲੜਕੇ ਨੇ ਲੂਸੀ ਨੂੰ ਮੰਗਣੀ ਦੀ ਅੰਗੂਠੀ ਪਹਿਨਾ ਦਿੱਤੀ। ਕੁਝ ਦਿਨਾਂ ਬਾਅਦ ਸ਼ਾਦੀ ਹੋਣੀ ਸੀ। ਲੂਸੀ ਖ਼ੁਸ਼ ਤਾਂ ਬਹੁਤ ਹੋਈ ਪਰ ਉਸ ਦੇ ਮਨ ਵਿੱਚ ਕੁਝ ਖਟਕ ਰਿਹਾ ਸੀ। ਇੱਕ ਦਿਨ ਉਸ ਦਾ

ਮੰਗੇਤਰ ਲੜਕਾ ਮਿਲਣ ਆਇਆ ਤਾਂ ਲੂਸੀ ਨੇ ਕਿਹਾ, "ਸੁਣੋ ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਦੀ ਹਾਂ...।"

"ਹਾਂ ਕਹੋ ਨਾ..." ਲੜਕੇ ਨੇ ਲਾਪ੍ਰਵਾਹੀ ਨਾਲ ਕਿਹਾ।

ਲੂਸੀ ਬੋਲੀ, "ਦੇਖੋ... ਮੈਂ ਤੁਹਾਡੇ ਨਾਲ ਕਿਸੇ ਤਰ੍ਹਾਂ ਦੀ ਹੇਰਾ-ਫੇਰੀ ਨਹੀਂ ਕਰਨਾ ਚਾਹੁੰਦੀ। ਮੈਂ ਜਿਹੋ ਜਿਹੀ ਤੁਹਾਨੂੰ ਦਿਸ ਰਹੀ ਹਾਂ, ਉਹੋ ਜਿਹੀ ਮੈਂ ਨਹੀਂ ਹਾਂ। ਮੈਂ ਸੱਚਮੁੱਚ ਐਨੀ ਸੁੰਦਰ ਨਹੀਂ ਹਾਂ...।" ਫਿਰ ਉਸ ਨੇ ਬੁੱਢੀ ਅਤੇ ਖੰਭ ਵਾਲੀ ਗੱਲ ਉਸ ਨੂੰ ਸਹੀ-ਸਹੀ ਦੱਸ ਦਿੱਤੀ।

ਲੂਸੀ ਕਹਿਣ ਲੱਗੀ, "ਇਹ ਖੰਭ ਕਦੀ ਨਾ ਕਦੀ ਤਾਂ ਟੁੱਟੇਗਾ ਜਾਂ ਗੁਆਚੇਗਾ ਜ਼ਰੂਰ... ਤਦ ਮੈਂ ਉਹੋ ਜਿਹੀ ਹੀ ਹੋ ਜਾਵਾਂਗੀ, ਜਿਹੋ ਜਿਹੀ ਪਹਿਲਾਂ ਸੀ।"

ਲੜਕਾ ਹੈਰਾਨੀ ਨਾਲ ਲੂਸੀ ਨੂੰ ਤੱਕਣ ਲੱਗਾ। ਫਿਰ ਬੋਲਿਆ, "ਮੈਂ ਵੀ ਤੁਹਾਨੂੰ ਕਿਸੇ ਧੋਖੇ ਵਿੱਚ ਨਹੀਂ ਰੱਖਣਾ ਚਾਹੁੰਦਾ। ਸੱਚ ਤਾਂ ਇਹ ਹੈ ਕਿ ਮੈਂ ਵੀ ਜਿਹੋ ਜਿਹਾ ਸੁੰਦਰ ਦਿਸਦਾ ਹਾਂ, ਉਹੋ ਜਿਹਾ ਨਹੀਂ ਹਾਂ। ਜਿਵੇਂ ਤੁਸੀਂ ਖੰਭ ਕਾਰਨ ਖ਼ੂਬਸੂਰਤ ਹੋ, ਉਵੇਂ ਹੀ ਮੈਂ ਇਸ ਟੋਪੀ ਕਾਰਨ ਸੁੰਦਰ ਹਾਂ। ਮੈਨੂੰ ਵੀ ਉਸੇ ਬੁੱਢੀ ਨੇ ਉਸ ਦੀ ਮਦਦ ਕਰਨ 'ਤੇ ਇਹ ਟੋਪੀ ਦਿੱਤੀ ਸੀ। ਉਹ ਮੇਰੇ ਦਿਆਲੂ ਸੁਭਾਅ ਕਾਰਨ ਖ਼ੁਸ਼ ਹੋ ਗਈ ਸੀ। ਹੁਣ ਅਸੀਂ ਦੋਵੇਂ ਇੱਕੋ ਜਿਹੇ ਹੀ ਹਾਂ। ਖੰਭ ਅਤੇ ਟੋਪੀ ਹੈ ਤਾਂ ਅਸੀਂ ਸੁੰਦਰ ਲੱਗਾਂਗੇ, ਨਹੀਂ ਤਾਂ ਵਾਪਸ ਪਹਿਲਾਂ ਦੀ ਤਰ੍ਹਾਂ ਬਦਸੂਰਤ ਹੋ ਜਾਵਾਂਗੇ। ਉਂਜ ਵੀ ਅਸਲੀ ਸੁੰਦਰਤਾ ਤਾਂ ਮਨ ਦੀ ਹੁੰਦੀ ਹੈ। ਮੈਂ ਤਾਂ ਤੇਰੇ ਨਾਲ ਹੀ ਸ਼ਾਦੀ ਕਰਾਂਗਾ।"

ਲੂਸੀ ਕਹਿਣ ਲੱਗੀ, "ਅਸੀਂ ਦੋਵਾਂ ਨੇ ਹੀ ਨਕਲੀ ਸੁੰਦਰਤਾ ਦਾ ਕਵਚ ਪਾ ਰੱਖਿਆ ਹੈ। ਕਿਉਂ ਨਾ ਅਸੀਂ ਇਸ ਕਵਚ ਨੂੰ ਸਦਾ ਲਈ ਲਾਹ ਸੁੱਟੀਏ?" ਲੜਕੇ ਨੇ ਕਿਹਾ, "ਮੈਨੂੰ ਮਨਜ਼ੂਰ ਹੈ। ਅੱਜ ਨਹੀਂ ਤਾਂ ਕੱਲ੍ਹ ਖੰਭ ਅਤੇ ਟੋਪੀ ਜਾਂ ਤਾਂ ਗੁਆਚ ਸਕਦੇ ਹਨ ਜਾਂ ਪਾਟ ਸਕਦੇ ਹਨ... ਚਲੋ ਅੱਜ ਹੀ ਇਨ੍ਹਾਂ ਦੋਵਾਂ ਨੂੰ ਹੁਣੇ ਹੀ ਨਦੀ ਵਿੱਚ ਸੁੱਟ ਆਈਏ।"

ਦੋਵੇਂ ਉਸੇ ਸਮੇਂ ਨਦੀ ਕੰਢੇ ਗਏ ਅਤੇ ਖੰਭ ਤੇ ਟੋਪੀ ਨੂੰ ਨਦੀ ਵਿੱਚ ਸੁੱਟ ਆਏ। ਦੋਵਾਂ ਦੇ ਮਾਤਾ-ਪਿਤਾ ਅਤੇ ਪਿੰਡ ਦੇ ਲੋਕ ਉਨ੍ਹਾਂ ਨੂੰ ਦੇਖ ਕੇ ਹੈਰਾਨੀ ਪ੍ਰਗਟ ਕਰਨ ਲੱਗੇ। ਤਦ ਦੋਵਾਂ ਨੇ ਸਾਰੀ ਗੱਲ ਵਿਸਥਾਰ ਨਾਲ ਦੱਸ ਦਿੱਤੀ। ਸਾਰਿਆਂ ਨੇ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤੀ ਜਤਾਈ ਅਤੇ ਬੇਹੱਦ ਸ਼ਲਾਘਾ ਕੀਤੀ। ਦੋਵਾਂ ਦਾ ਵਿਆਹ ਬੜਾ ਗੱਜ-ਵੱਜ ਕੇ ਹੋਇਆ ਅਤੇ ਉਹ ਸੁਖੀ ਜੀਵਨ ਬਤੀਤ ਕਰਨ ਲੱਗੇ।

-(ਨਿਰਮਲ ਪ੍ਰੇਮੀ)